# ਜਿਦਾ ਜਰਨੈਲ

(ਕਵੀਸ਼ਰੀ ਪ੍ਰਸੰਗਾਂ ਦੀ ਪੁਸਤਕ)



ਕਵੀਸ਼ਰ ਜਰਨੈਲ ਸਿੰਘ ਸਭਰਾਵਾਂ ਵਾਲੇ

ੴ ਸਤਿਗੁਰ ਪ੍ਰਸਾਦਿ ॥

ਕਵੀਸ਼ਰੀ ਪ੍ਰਸੰਗਾਂ ਦੀ ਪੁਸਤਕ

# ਜਿੰਦਾ ਜਰਨੈਲ

ਲੇਖਕ :

ਕਵੀਸ਼ਰੀ ਦੇ ਬਾਦਸ਼ਾਹ,

ਭਾਈ ਜਰਨੈਲ ਸਿੰਘ ਸਭਰਾ ਵਾਲੇ

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

ISBN : 978-93-82289-89-0
ਪਹਿਲੀ ਐਡੀਸ਼ਨ- 2014
ਭੇਟਾ : 125-00

ਪ੍ਰਕਾਸ਼ਕ :-
**ਭਾ. ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 5011003, 2542346, 2547974
ਫੈਕਸ : 5017488
E-mail : csjssales@hotmail.com
: csjspurchase@yahoo.com
Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 0183-2705003

# ਸਮਰਪਣ

ਕਵੀਸ਼ਰ ਅਮਰਜੀਤ ਸਿੰਘ ਸਭਰਾ

ਗੋਲਡ ਮੈਡਲਿਸਟ

# ਤਤਕਰਾ


ਉਸਤਤ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ 7

ਵੇ ਗੰਗੂ ਤੇਰਾ ਰਵੇ ਕੱਖ ਨਾ 9

ਪ੍ਰਸੰਗ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ 11

ਸੁਣ ਦੇਸ਼ ਮੇਰੇ ਦੇ ਗੱਭਰੂਆ, ਕਰ ਰੀਸ ਚੰਗੇ ਇਨਸਾਨਾਂ ਦੀ ਕਾਫ਼ੀ 26

ਮੌਤ ਨੂੰ ਯਾਦ ਮੂਰਖਾ, ਹਰ ਵੇਲੇ ਰੱਖਿਆ ਕਰ ਝੋਕ 28

ਜ਼ਾਲਮ ਧਿਆਨ ਸਿੰਘ ਡੋਗਰੇ ਅਤੇ
ਕੰਵਰ ਨੌਨਿਹਾਲ ਸਿੰਘ ਦੇ ਸਵਾਲ ਤੇ ਜਵਾਬ 31

ਪ੍ਰਸੰਗ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅੰਤਮ ਸਮਾਂ 33

ਪ੍ਰਸੰਗ : ਬਾਬਾ ਬੰਦਾ ਸਿੰਘ ਬਹਾਦਰ ਦਾ ਬਚਪਨ ਅਤੇ
ਗੁਰੂ ਜੀ ਨਾਲ ਮੇਲ ਤੇ ਸਰਹੰਦ ਫ਼ਤਹਿ 52

ਛੁੱਟੀਏ ਨੀ ਛੁੱਟੀਏ 70

ਪ੍ਰਸੰਗ : ਸ਼ਹੀਦ ਭਗਤ ਸਿੰਘ 72

ਕਿਸ਼ਨ ਸਿੰਘ ਬੱਬਰ ਦੇਸ਼ ਦੇ ਗ਼ੱਦਾਰਾਂ ਨੂੰ ਸੋਧਣ ਲਈ
ਆਪਣੇ ਸਾਥੀਆਂ ਨੂੰ ਇਉਂ ਕਹਿਣ ਲੱਗਾ :— 91

ਮਹਾਰਾਜਾ ਰਣਜੀਤ ਸਿੰਘ ਦਾ ਅੰਤਿਮ ਦਰਬਾਰ 93

ਪ੍ਰਸੰਗ : ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਅਵਤਾਰ 95

ਪ੍ਰਸੰਗ : ਅਵਤਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 107

ਵਲੀ ਕੰਧਾਰੀ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ 'ਤੇ
ਝੁਕ ਕੇ ਬੰਦਨਾ ਇਉਂ ਕਰਨ ਲੱਗਾ :- 118

ਪ੍ਰਸੰਗ : ਸ੍ਰੀ ਗੁਰੂ ਅਮਰਦਾਸ ਜੀ ਦਾ ਜੋੜਾ 120

ਸੰਤ ਦੇ ਗੁਣ ਬੈਂਤ 136

ਪ੍ਰਸੰਗ : ਸੰਤ ਬਾਬਾ ਨਿਧਾਨ ਸਿੰਘ ਜੀ
ਬਾਬਾ ਨਿਧਾਨ ਸਿੰਘ ਜੀ ਦੀ ਅਰਦਾਸ 137

❑



# ਉਸਤਤ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ

1.

ਜੋ ਸ਼ਰਧਾ ਨਾਲ ਆ ਕੇ ਚਰਨੀਂ ਸੀਸ ਝੁਕਾਉਂਦੇ ਨੇ,
ਬਾਬਾ ਬੁੱਢਾ ਸਾਹਿਬ ਜੀ ਸਭ ਦੀ ਆਸ ਪੁਗਾਉਂਦੇ ਨੇ।
ਗੁਰੂ ਨਾਨਕ ਦੇ ਚਰਨੀਂ ਲੱਗ ਕੇ ਧਾਰ ਲਈ ਸੀ ਸਿੱਖੀ,
ਉਸ ਮਾਰਗ 'ਤੇ ਤੁਰ ਕੇ ਦੱਸਿਆ ਜੋ ਹੈ ਖੰਡਿਓ ਤਿੱਖੀ।
ਜੋ ਮਾਲਕ ਨੇ ਦੱਸਿਆ ਹੱਸ ਕੇ ਹੁਕਮ ਵਜਾਉਂਦੇ ਨੇ।
ਬਾਬਾ ਬੁੱਢਾ ਸਾਹਿਬ ਜੀ, ਸਭ ਦੀ ਆਸ ਪੁਗਾਉਂਦੇ ਨੇ।

2.

ਪੰਜਾਂ ਗੁਰਾਂ ਨੂੰ ਤਿਲਕ ਲਗਾਇਆ ਜਦ ਬੈਠੇ ਸੀ ਗੱਦੀ।
ਹਰਿਮੰਦਰ ਦੇ ਬਣੇ ਗ੍ਰੰਥੀ ਬੀੜ ਜਦੋਂ ਸੀ ਬੱਧੀ।
ਧੁਰ ਕੀ ਬਾਣੀ ਸਭ ਨੂੰ ਅਰਥਾਂ ਸੰਗ ਸਮਝਾਉਂਦੇ ਨੇ।
ਬਾਬਾ ਬੁੱਢਾ ਸਾਹਿਬ ਜੀ ਸਭ ਦੀ ਆਸ ਪੁਗਾਉਂਦੇ ਨੇ।

3.

ਵਜ਼ੀਰ ਖ਼ਾਨ ਸੀ ਦਰ 'ਤੇ ਆਇਆ ਜੋ ਸੀ ਰੋਗ ਗ੍ਰਸਿਆ,
ਪੰਜਵੇਂ ਗੁਰ ਦੇ ਦਰ 'ਤੇ ਉਸ ਨੇ ਰੋ ਰੋ ਕੇ ਦੁੱਖ ਦੱਸਿਆ।
ਮਾਰ ਟੋਕਰਾ ਢਿੱਡ 'ਤੇ ਉਸ ਦਾ ਰੋਗ ਹਟਾਉਂਦੇ ਨੇ।
ਬਾਬਾ ਬੁੱਢਾ ਸਾਹਿਬ ਜੀ ਸਭ ਦੀ ਆਸ ਪੁਗਾਉਂਦੇ ਨੇ।

4.

ਅਮਰਦਾਸ ਗੁਰ ਗੋਇੰਦਵਾਲ ਤੋਂ ਜਦ ਬਾਸਰਕੇ ਆਏ,
ਕੋਈ ਵੀ ਸਿੱਖ ਨਾ ਬੂਹਾ ਖੋਲ੍ਹੇ ਲਿਖ ਕੇ ਅੱਗੇ ਲਾਏ।
ਕੱਟਣ ਲਈ ਚੌਰਾਸੀ ਸੰਨ੍ਹ ਪਿੱਛੋਂ ਦੀ ਲਾਉਂਦੇ ਨੇ।
ਬਾਬਾ ਬੁੱਢਾ ਸਾਹਿਬ ਜੀ, ਸਭ ਦੀ ਆਸ ਪੁਗਾਉਂਦੇ ਨੇ।

5.

ਵਰ ਪੁੱਤਰ ਦਾ ਲੈਣ ਲਈ ਮਾਤਾ ਗੰਗਾ ਬੀੜ 'ਚ ਆਏ।
ਬਾਬਾ ਜੀ ਦੇ ਛਕਣ ਲਈ ਭੋਜਨ ਮਿੱਸਾ ਜਦੋਂ ਲਿਆਏ।

ਦਰ ਆਏ ਦੀ ਝੋਲੀ ਖ਼ੈਰ ਪੁੱਤਰ ਦਾ ਪਾਉਂਦੇ ਨੇ।
ਬਾਬਾ ਬੁੱਢਾ ਸਾਹਿਬ ਜੀ, ਸਭ ਦੀ ਆਸ ਪੁਗਾਉਂਦੇ ਨੇ।

6.

ਪੰਜ ਸਰੋਵਰ ਅੰਮ੍ਰਿਤਸਰ ਦੇ ਟੱਪ ਬਾਬੇ ਨੇ ਲਾਇਆ।
ਸਿਰ 'ਤੇ ਟੋਕਰੀ ਢੋਹ ਕੇ, ਹੱਥੀਂ ਅਕਾਲ ਤਖ਼ਤ ਬਣਾਇਆ।
ਕਾਗ ਹੰਸ ਬਣ ਜਾਂਦੇ, ਜਿਹੜੇ ਇਸ ਵਿਚ ਨਹਾਉਂਦੇ ਨੇ।
ਬਾਬਾ ਬੁੱਢਾ ਸਾਹਿਬ ਜੀ, ਸਭ ਦੀ ਆਸ ਪੁਗਾਉਂਦੇ ਨੇ।

7.

ਛੇਵੇਂ ਗੁਰ ਗਵਾਲੀਅਰ 'ਚ ਕੈਦ ਜਦੋਂ ਸੀ ਹੋਏ,
ਜ਼ੋਰ ਸਕੇ ਨਾ ਵਿਛੋੜਾ ਕਈ ਸਿੱਖ ਭੁੱਬਾਂ ਮਾਰ ਕੇ ਰੋਏ।
ਸ਼ਬਦ ਚੌਕੀ ਦੀ ਰਸਮ ਬਾਬਾ ਜੀ ਆਪ ਚਲਾਉਂਦੇ ਨੇ।
ਬਾਬਾ ਬੁੱਢਾ ਸਾਹਿਬ ਜੀ, ਸਭ ਦੀ ਆਸ ਪੁਗਾਉਂਦੇ ਨੇ।

8.

ਹੋਈ ਉਮਰ ਵਡੇਰੀ ਜਦ ਫਿਰ ਵਿਚ ਰਮਦਾਸ ਦੇ ਆਏ।
ਛੇਵੇਂ ਗੁਰ ਦਾ ਹੁਕਮ ਮੰਨ ਕੇ ਰੋਜ਼ ਦੀਵਾਨ ਲਗਾਏ।
ਸਾਧ ਸੰਗਤ ਤਾਈਂ ਸਭ ਇਤਿਹਾਸ ਸੁਣਾਉਂਦੇ ਨੇ।
ਬਾਬਾ ਬੁੱਢਾ ਸਾਹਿਬ ਜੀ, ਸਭ ਦੀ ਆਸ ਪੁਗਾਉਂਦੇ ਨੇ।

9.

ਬੀੜ ਅਤੇ ਰਮਦਾਸ ਨਗਰ ਵਿਚ ਆਉਂਦੀ ਸੰਗਤ ਹਜ਼ਾਰਾਂ।
ਦੁੱਧ ਪੁੱਤ ਤੇ ਮੰਗਦੇ ਕਈ ਪੈਲੀ ਮੰਗਣ ਕਈ ਜੀਪਾਂ ਕਾਰਾਂ।
ਜੋ ਸ਼ਰਧਾ ਨਾਲ ਆਉਂਦੇ ਗੋਦੀ ਲਾਲ ਖਿਡਾਉਂਦੇ ਨੇ।
ਬਾਬਾ ਬੁੱਢਾ ਸਾਹਿਬ ਜੀ, ਸਭ ਦੀ ਆਸ ਪੁਗਾਉਂਦੇ ਨੇ।

10.

ਜਰਨੈਲ ਕਵੀਸ਼ਰ ਸਣੇ ਸਾਥੀਆਂ ਬਾਬੇ ਬੁੱਢੇ ਆਉਂਦਾ।
ਗਲ ਵਿਚ ਪੱਲਾ ਪਾ ਕੇ ਹਰ ਦਮ ਦਾਤ ਕਾਵਿ ਦੀ ਚਾਹੁੰਦਾ।
ਕਰ ਬਾਬਾ ਜੀ ਕਿਰਪਾ ਸੋਹਣੇ ਛੰਦ ਲਿਖਾਉਂਦੇ ਨੇ।
ਬਾਬਾ ਬੁੱਢਾ ਸਾਹਿਬ ਜੀ ਸਭ ਦੀ ਆਸ ਪੁਗਾਉਂਦੇ ਨੇ।

❑



# ਵੇ ਗੰਗੂ ਤੇਰਾ ਰਵੇ ਕੱਖ ਨਾ

9 ਪੋਹ 1704 ਈ. ਰਾਤ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੇ ਗੰਗੂ ਬ੍ਰਾਹਮਣ ਦੇ ਘਰ ਕੱਟੀ। ਧੋਖੇਬਾਜ਼ ਗੰਗੂ ਨੇ 10 ਪੋਹ ਨੂੰ ਮੁਰਿੰਡੇ ਠਾਣੇ ਤੋਂ ਪੁਲਿਸ ਬੁਲਾ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਜਦੋਂ ਫੜਾਇਆ ਤਾਂ ਮਾਤਾ ਗੁਜਰੀ ਜੀ ਨੇ ਗੰਗੂ ਨੂੰ ਇਉਂ ਲਾਹਨਤਾਂ ਪਾਈਆਂ :—

1.

ਜਦੋਂ ਗੰਗੂ ਨੇ ਮੁਰਿੰਡੇ ਥਾਣੇ, ਜਾ ਕੇ ਪੁਲਿਸ ਲਿਆਂਦੀ ਚਾੜ੍ਹ ਕੇ।
ਖ਼ੌਫ਼ ਰੱਬ ਵਾਲਾ ਦਿਲੋਂ ਭੁਲਾ ਕੇ, ਕਹਿਰ ਕੀਤਾ ਘਰ ਆਇਆਂ ਤੇ।
ਲੂਣ ਖਾ ਕੇ ਪਾਪੀਆ ਦਗਾ ਕਮਾਇਆ, ਬਣਦਾ ਸੀ ਤੇਰਾ ਹੱਕ ਨਾ।
ਵੇਲੇ ਬਿਪਤਾ ਤੂੰ ਸਾਨੂੰ ਫੜਾਇਆ, ਵੇ ਗੰਗੂ ਤੇਰਾ ਰਹੇ ਕੱਖ ਨਾ।

2.

ਦੁੱਖਾਂ ਮਾਰਿਆਂ ਅਨੰਦਪੁਰ ਛੱਡਿਆ, ਸਰਸਾ ਨੇ ਕੀਤੀ ਘੱਟ ਨਾ।
ਖੇਰੂੰ-ਖੇਰੂੰ ਪਰਿਵਾਰ ਸਾਰਾ ਹੋਇਆ, ਭਾਣਾ ਉਸ ਮਾਲਕ ਦਾ।
ਬਾਜਾਂ ਵਾਲੇ ਦਾ ਪਤਾ ਨਹੀਓਂ ਲੱਗਦਾ, ਚਿੰਤਾ 'ਚ ਲੱਗੀ ਅੱਖ ਨਾ।
ਵੇਲੇ ਬਿਪਤਾ ਦੇ ਸਾਨੂੰ ਤੂੰ ਫੜਾਇਆ, ਵੇ ਗੰਗੂ ਤੇਰਾ ਰਹੇ ਕੱਖ ਨਾ।

3.

ਮੇਰੀ ਬਿਰਧ ਅਵਸਥਾ ਨਹੀਂ ਵੇਖੀ, ਤੂੰ ਲੋਭ ਪਿੱਛੇ ਆਣ ਡੋਲਿਆ।
ਭੋਲੇ ਬਾਲ ਮਾਸੂਮ ਵਿਚਾਰੇ, ਤੂੰ ਇਨ੍ਹਾਂ ਉੱਤੇ ਤਰਸ ਕਰਦੋਂ।
ਮਾਇਆ ਨਾਗਣੀ ਨੇ ਚਿੱਤ ਲਲਚਾਇਆ, ਕੁਝ ਤੇਰੇ ਆਉਣਾ ਹੱਥ ਨਾ।
ਵੇਲੇ ਬਿਪਤਾ ਦੇ ਸਾਨੂੰ ਤੂੰ ਫੜਾਇਆ, ਵੇ ਗੰਗੂ ਤੇਰਾ ਰਹੇ ਕੱਖ ਨਾ।

4.

ਭੁੱਲ ਗਿਆ ਉਪਕਾਰ ਸਾਰੇ ਪਿਛਲੇ, ਕੀਤੇ ਜਿਹੜੇ ਨੌਵੇਂ ਗੁਰਾਂ ਨੇ।
ਸੀਸ ਭੇਟਾ ਜਾ ਦਿੱਲੀ 'ਚ ਚੜ੍ਹਾਇਆ, ਹਿੰਦ ਦੇ ਧਰਮ ਬਦਲੇ।

ਫਲ ਹੋਏ ਜਿਹੜੇ ਰੁੱਖ ਨੇ ਖਵਾਇਆ, ਜੜ੍ਹੀਂ ਉਹਦੇ ਲਾਈਏ ਟੱਕ ਨਾ।
ਵੇਲੇ ਬਿਪਤਾ ਦੇ ਸਾਨੂੰ ਤੂੰ ਫੜਾਇਆ, ਵੇ ਗੰਗੂ ਤੇਰਾ ਰਹੇ ਕੱਖ ਨਾ।

5.

ਹੱਥ ਮੇਰੀਆਂ ਤੂੰ ਆਂਦਰਾਂ ਨੂੰ ਪਾਇਆ, ਯਾਦ ਰੱਖੀਂ ਗੰਗੂ ਦੁਸ਼ਟਾ।
ਤੇਰੇ ਥੇਹ ਬਲੂ ਨਾ ਦੀਵਾ, ਬੋਲਣਗੇ ਉੱਲੂ ਇਸ ਥਾਂ।
ਰੱਬ ਘਰ ਜਾਣਾ ਸੱਚੇ ਨੂੰ ਸਲਾਹਿਆ, ਝੂਠਿਆਂ ਦੀ ਸੁਣੇ ਖੱਪ ਨਾ।
ਵੇਲੇ ਬਿਪਤਾ ਦੇ ਸਾਨੂੰ ਤੂੰ ਫੜਾਇਆ, ਵੇ ਗੰਗੂ ਤੇਰਾ ਰਹੇ ਕੱਖ ਨਾ।

6.

ਜਦ ਲੱਗੀਆਂ ਮਾਸੂਮਾਂ ਨੂੰ ਹੱਥਕੜੀਆਂ, ਪਰਜਾ ਵੀ ਰੋਈ ਵੇਖ ਕੇ।
ਸਣੇ ਪੋਤਿਆਂ ਦਾਦੀ ਮਾਂ ਫੜ ਕੇ, ਲੈ ਗਏ ਮੁਰਿੰਡੇ ਥਾਣੇ ਨੂੰ।
ਛੰਦ ਕਵੀ ਜਰਨੈਲ ਨੇ ਬਣਾਇਆ, ਸਾਥੀਆਂ ਨੇ ਗਾ ਕੇ ਦੱਸਣਾ।
ਵੇਲੇ ਬਿਪਤਾ ਦੇ ਸਾਨੂੰ ਤੂੰ ਫੜਾਇਆ, ਵੇ ਗੰਗੂ ਤੇਰਾ ਰਹੇ ਕੱਖ ਨਾ।

❑



# ਪ੍ਰਸੰਗ—
# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਮਗਰੋਂ ਮਾਤਾ ਗੁੱਜਰੀ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਦੀ ਕਰਨ ਦਾ ਵੀਚਾਰ ਬਣਾਇਆ। ਮਾਤਾ ਜੀ ਦੀ ਨਜ਼ਰ ਵਿਚ ਇਕ ਦਿਨ ਇਕ ਬੱਚੀ ਆਈ ਜੋ ਆਪਣੇ ਮਾਪਿਆਂ ਨਾਲ ਗੁਰ-ਦਰਬਾਰ ਦੇ ਦਰਸ਼ਨਾਂ ਨੂੰ ਆਈ ਸੀ। ਇਹ ਪਰਿਵਾਰ ਲਾਹੌਰ ਦੇ ਰਹਿਣ ਵਾਲਾ ਸੀ। ਜਦੋਂ ਇਨ੍ਹਾਂ ਨੇ ਮੱਥਾ ਟੇਕਿਆ ਤਾਂ ਮਾਤਾ ਗੁੱਜਰੀ ਜੀ ਨੇ ਹਰਿਜੱਸ ਦੇ ਸਾਹਮਣੇ ਉਸ ਦੀ ਧੀ ਦੀ ਸਿਫ਼ਤ ਕਰਦਿਆਂ ਇਸ ਤਰ੍ਹਾਂ ਆਖਿਆ :—

## ਕੋਰੜਾ ਛੰਦ

1.

ਮਾਤਾ ਕਹਿੰਦੀ ਸੁਣੋ! ਹਰਿਜੱਸ ਭਾਈ ਜੀ !
ਪੁੱਤਰੀ ਤੁਹਾਡੀ ਜਿਹੜੀ ਨਾਲ ਆਈ ਜੀ !
ਪਹੁੰਚੀ ਗੁਰੂ-ਘਰ ਜਿਹੜੀ ਮੁਕਾਅ ਪੰਧ ਜੇ।
ਜੀਤਾ ਤੁਹਾਡੀ ਬੇਟੀ, ਅਸਾਂ ਦੇ ਪਸੰਦ ਜੇ।

2.

ਚੱਲ ਕੇ ਲਾਹੌਰੋਂ ਜਿਹੜੇ ਲੋਕ ਆਉਂਦੇ ਜੇ।
ਸਾਡੇ ਕੋਲ ਬੜਾ ਆਣ ਕੇ ਸਲਾਉਂਦੇ ਜੇ।
ਦੱਸ ਸਾਨੂੰ ਪਹਿਲਾਂ ਪਾਉਂਦੇ ਰਹੇ ਮਸੰਦ ਜੇ।
ਜੀਤਾ ਤੁਹਾਡੀ ਬੇਟੀ......

3.

ਦੇਖੀ ਜਾਂ ਕੱਲ ਦਿਲ 'ਚ ਠੰਡ ਪੈ ਗਈ ਸੀ।
ਮਾਤਾ ਕਹਿ ਕੇ ਜਦੋਂ ਗੋਦੀ ਵਿਚ ਬਹਿ ਗਈ ਸੀ।
ਬਹੁਤੇ ਮਿੱਠੇ ਬੋਲ ਜੈਸੇ ਗੁਲਕੰਧ ਜੇ।
ਜੀਤਾ ਤੁਹਾਡੀ ਬੇਟੀ......

4.

ਸੁੰਦਰ ਸਰੀਰ ਗੋਰਾ ਚਿੱਟਾ ਰੰਗ ਜੇ।
ਰੱਬ ਨੇ ਬਣਾਏ ਰੀਝਾਂ ਲਾਹ ਕੇ ਅੰਗ ਜੇ।
ਮੋਤੀਆਂ ਦੀ ਮਾਲਾ 'ਚ ਪਰੋਏ ਦੰਦ ਜੇ।
ਜੀਤਾ ਤੁਹਾਡੀ ਬੇਟੀ......

5.

ਸਾਡਾ ਵੀ ਪਿਆਰਾ ਪੁੱਤ ਰੂਪ ਰੱਬ ਦਾ।
ਦਿਨੇ ਰਾਤ ਮੰਗਦਾ ਜੋ ਭਲਾ ਸਭ ਦਾ।
ਗੁਰਾਂ ਨਾਲ ਹੋਣੇ ਇਸ ਦੇ ਅਨੰਦ ਜੇ।
ਜੀਤਾ ਤੁਹਾਡੀ ਬੇਟੀ......

6.

ਰੱਬ ਸੱਬਬ ਨਾਲ ਬਣਨ ਜੋੜੀਆਂ।
ਆਖਦੇ ਨੇ ਸਿਆਣੇ ਜੱਗ ਵਿਚ ਥੋੜੀਆਂ।
ਜੋੜੀ ਬਣੂ ਜੈਸੇ ਚੌਧਵੀਂ ਦਾ ਚੰਦ ਜੇ।
ਜੀਤਾ ਤੁਹਾਡੀ ਬੇਟੀ......

7.

ਖ਼ੁਸ਼ ਹੋ ਗਏ ਸਿੱਖ ਪੁੱਛਿਆ ਜਾਂ ਮਾਤਾ ਨੇ।
ਚੰਗੇ ਲਿਖੇ ਲੇਖ ਜੀਤਾਂ ਦੇ ਵਿਧਾਤਾ ਨੇ।
ਕਵੀ ਜਰਨੈਲ ਦੇ ਅਨੋਖੇ ਛੰਦ ਜੇ।
ਜੀਤਾ ਤੁਹਾਡੀ ਬੇਟੀ ਅਸਾਂ ਦੇ ਪਸੰਦ ਜੇ।

ਜਿਸ ਮੌਕੇ 'ਤੇ ਮਾਤਾ ਗੁਜਰੀ ਜੀ ਨੇ ਜੀਤਾਂ ਦੇ ਮਾਤਾ-ਪਿਤਾ ਨੂੰ ਤੇ ਲਾਹੌਰ ਤੋਂ ਆਈ ਸੰਗਤ ਨੂੰ ਆਪਣੇ ਦਿਲ ਦੀ ਖ਼ਾਹਿਸ਼ ਦੱਸੀ ਤਾਂ ਸਾਰੀ ਹੀ ਸੰਗਤ ਬੜੀ ਖ਼ੁਸ਼ ਹੋਈ। ਲਾਹੌਰੀਏ ਸਿੱਖ ਅੱਗੇ ਹੀ ਚਾਹੁੰਦੇ ਸਨ। ਕਈ ਮਸੰਦ ਚੱਲ ਕੇ ਆਏ ਸਨ ਜਿਨ੍ਹਾਂ ਨੇ ਇਸ ਪਰਿਵਾਰ ਬਾਰੇ ਮਾਤਾ ਗੁਜਰੀ ਜੀ ਨੂੰ ਦੱਸ ਪਾਈ ਸੀ। ਜਦੋਂ ਮਾਤਾ ਜੀ ਨੇ ਪੁੱਛਿਆ ਤਾਂ ਭਾਈ ਹਰਿਜੱਸ (ਜੀਤਾਂ ਦਾ ਪਿਤਾ) ਗਲ ਵਿਚ ਪੱਲਾ ਪਾ ਕੇ ਕਹਿਣ ਲੱਗਾ ਕਿ ਜੇ ਸਾਡੀ ਪੁੱਤਰੀ ਗੁਰੂ-ਘਰ ਦੇ ਪਸੰਦ ਆ ਜਾਵੇ ਤਾਂ ਸਾਡੇ ਚੰਗੇ ਭਾਗ ਨੇ। ਜਿਵੇਂ ਭਾਈ ਹਰਿਜੱਸ ਨੇ ਖ਼ੁਸ਼ੀ ਜਾਹਰ ਕੀਤੀ ਸੀ। ਇਉਂ ਪੇਸ਼ ਹੈ :—



## ਸਾਕਾ

ਆਖਿਆ ਇਉਂ ਹਰਿਜੱਸ ਨੇ, ਧੰਨ ਭਾਗ ਹਮਾਰੇ।
ਜੇ ਸਾਡੀ ਧੀ ਲਾਡਲੀ, ਪਸੰਦ ਤੁਮ੍ਹਾਰੇ।
ਜੀਤਾਂ ਸੇਵਾ ਕਰੇਗੀ, ਰਹਿ ਗੁਰੂ ਦੁਆਰੇ।
ਸਾਨੂੰ ਸਤਿਗੁਰ ਲੱਗਦੇ, ਹੈ ਬਹੁਤ ਪਿਆਰੇ।
ਜੇਕਰ ਸਾਡੀ ਧੀ ਨੂੰ, ਗੁਰੂ-ਘਰ ਸਤਿਕਾਰੇ।
ਲਿਖੇ ਧੁਰੋਂ ਸੰਜੋਗ ਜੇ, ਉਸ ਲਿਖਣਹਾਰੇ।
ਫਿਰ ਅਸੀਂ ਕਿਸ ਤਰ੍ਹਾਂ ਉਸ ਤੋਂ, ਕਰੀਏ ਇਨਕਾਰੇ।
ਜੀਤਾ ਵਿਆਹੁਣ ਵਾਸਤੇ, ਕਰ ਲਓ ਤਿਆਰੇ।
ਢੁੱਕਣ ਵਿਚ ਲਾਹੌਰ ਦੇ, ਘਰ ਆਣ ਹਮਾਰੇ।
ਚੁਣਵੇਂ ਜੰਞੀ ਹੋਣ ਜੋ, ਜੱਗ ਵਿਚ ਸਤਿਕਾਰੇ।
ਚੰਦ ਦੁਆਲੇ ਜਿਸ ਤਰ੍ਹਾਂ, ਫੱਬਦੇ ਨੇ ਤਾਰੇ।
ਜਰਨੈਲ ਸਿੰਘਾ ਜੱਗ ਵੇਖ ਕੇ, ਜਾਵੇ ਬਲਿਹਾਰੇ।

ਉਸੇ ਵੇਲੇ ਭਾਈ ਹਰਿਜੱਸ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਝੋਲੀ ਵਿਚ ਸ਼ਗਨ ਪਾ ਦਿੱਤਾ। ਵਧਾਈਆਂ ਦੇ ਨਾਲ ਆਕਾਸ਼ ਗੂੰਜ ਉਠਿਆ। ਸਿੱਖ ਸੰਗਤਾਂ ਨੇ ਬੜੀ ਖ਼ੁਸ਼ੀ ਜ਼ਾਹਰ ਕੀਤੀ। ਮਾਤਾ ਗੁਜਰੀ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਈ ਹੋਈ ਵਿਸਾਖੀ 'ਤੇ ਸਿੱਖ ਸੰਗਤਾਂ ਨੂੰ 23 ਹਾੜ ਵਿਆਹ ਦਾ ਦਿਨ ਦੱਸਿਆ। ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਚਿੱਠੀਆਂ ਵੀ ਭੇਜੀਆਂ ਤੇ ਮਸੰਦਾਂ ਦੇ ਰਾਹੀਂ ਹੁਕਮਨਾਮੇ ਵੀ ਭੇਜੇ। ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਦੀ ਖ਼ੁਸ਼ੀ ਵਿਚ ਬਾਬਾ ਬੁੱਢਾ ਸਾਹਿਬ ਜੀ ਦੀ ਵੰਸ਼ ਦੇ ਰਤਨ ਬਾਬਾ ਗੁਰਬਖਸ਼ ਸਿੰਘ ਜੀ ਨੇ ਚਿੱਟੇ ਰੰਗ ਦਾ ਬਾਜ਼ ਤੇ ਇਕ ਸੌ ਸੋਨੇ ਦੀ ਮੋਹਰ ਭੇਟਾ ਕੀਤੀ। ਗੁਰੂ ਮਹਾਰਾਜ ਦਾ ਦਲ ਸ਼ਿੰਗਾਰ ਘੋੜਾ, ਜਿਸ ਨੂੰ ਨੀਲਾ ਕਿਹਾ ਜਾਂਦਾ ਹੈ, ਕੋਟਕਪੂਰੇ ਦੇ ਰਹਿਣ ਵਾਲੇ ਕਪੂਰੇ ਬਰਾੜ ਨੇ ਇਹ ਘੋੜਾ ਤੇ ਪੰਜ ਸੌ ਸੋਨੇ ਦੀ ਮੋਹਰ ਗੁਰੂ ਜੀ ਨੂੰ ਭੇਟ ਕੀਤੀ। ਪ੍ਰਸ਼ਾਦੀ ਹਾਥੀ, ਪੰਜ ਕਲਾ ਸ਼ਾਸਤਰ, ਪੰਜ ਦਰਿਆਈ ਨਸਲ ਦੇ ਘੋੜੇ, ਚੰਦਨ ਦੀ ਚੌਕੀ ਅਤੇ ਬਹੁਤ ਕੀਮਤੀ ਤੋਹਫ਼ੇ ਲੈ ਕੇ ਆਸਾਮ ਦਾ ਰਾਜਾ ਰਤਨ ਰਾਏ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ 'ਤੇ ਪਹੁੰਚਣ ਦੀਆਂ ਤਿਆਰੀਆਂ ਕਰ ਰਿਹਾ ਹੈ। ਕਿਵੇਂ ਸਿੱਖ ਸੰਗਤਾਂ ਨੂੰ ਖ਼ੁਸ਼ੀ ਹੋਈ, ਕਿਵੇਂ ਹਜ਼ਾਰਾਂ ਨਹੀਂ, ਲੱਖਾਂ ਹੀ ਸੰਗਤਾਂ ਗੁਰੂ-ਘਰ ਵੱਲ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਵਿਆਹ ਵੇਖਣ ਵਾਸਤੇ ਆ ਰਹੀਆਂ ਹਨ :—

# ਦੋਤਾਰਾ ਛੰਦ

1.

ਜਦ ਸੁਣਿਆ ਸੰਗਤ ਨੇ, ਦਸਵੇਂ ਗੁਰਾਂ ਨੇ ਵਿਆਹ ਰਚਾਇਆ।
ਇਕ ਨਵਾਂ ਲਾਹੌਰ ਰਚ ਕੇ, ਕਾਰਜ ਜੀਤਾਂ ਨਾਲ ਰਚਾਇਆ।
ਪੜ੍ਹ ਚਿੱਠੀਆਂ ਸੰਗਤਾਂ ਨੇ, ਚਿੱਠੀਆਂ ਜੋ ਸਤਿਗੁਰ ਨੇ ਲਿਖਾਈਆਂ।
ਵਿਆਹ ਵੇਖਣ ਸਤਿਗੁਰ ਦਾ, ਸੰਗਤਾਂ ਚਲ ਹਜ਼ਾਰਾਂ ਆਈਆਂ।

2.

ਕਾਬਲ ਕਸ਼ਮੀਰੋਂ ਤੇ ਰਲ ਕੇ, ਤੁਰ ਪਈ ਸੰਗਤ ਪਿਸ਼ੌਰੋਂ।
ਕੁਝ ਨਾਲ ਲਾਹੌਰੀਆਂ ਦੇ ਚੱਲ ਕੇ, ਆ ਗਏ ਲੋਕ ਲਾਹੌਰੋਂ।
ਜੀਤਾਂ ਦੇ ਵਿਆਹੁਣ ਨੂੰ ਰਲ ਕੇ, ਤੁਰਨ ਚਾਚੀਆਂ ਤਾਈਆਂ।
ਵਿਆਹ ਵੇਖਣ ਸਤਿਗੁਰ ਦਾ........

3.

ਰਲ ਸੰਗਤ ਮਾਲਵੇ ਦੀ, ਵੇਖਣ ਤੁਰ ਪਈ ਨਿਆਰੀ ਲੀਲ੍ਹਾ।
ਆ ਮਰਦ ਕਪੂਰੇ ਨੇ ਕਰਿਆ, ਭੇਟ ਗੁਰਾਂ ਨੂੰ ਨੀਲਾ।
ਲਾ ਆਪਣੇ ਚਰਨਾਂ ਨੂੰ, ਸਾਨੂੰ ਤਾਰ ਮਿਹਰਾਂ ਦੇ ਸਾਂਈਆਂ।
ਵਿਆਹ ਵੇਖਣ ਸਤਿਗੁਰ ਦਾ........

4.

ਤੁਰ ਪਏ ਪਿੰਡ ਮੱਲੇ ਤੋਂ, ਗੁਰ ਕੀ ਭੂਆ ਦੇ ਪੁੱਤਰ ਪਿਆਰੇ।
ਜਿਵੇਂ ਰਲ ਕੇ ਪੰਜ ਪਾਂਡੋ, ਚੱਲ ਕੇ ਆ ਗਏ ਕ੍ਰਿਸ਼ਨ ਦੁਆਰੇ।
ਅੱਜ ਮਾਤਾ ਗੁਜਰੀ ਨੂੰ, ਦਿੰਦਾ ਜਗਤ ਵਧਾਈਆਂ।
ਵਿਆਹ ਵੇਖਣ ਸਤਿਗੁਰ ਦਾ........

5.

ਤੁਰ ਪਿਆ ਆਸਾਮ ਵਿਚੋਂ ਰਾਜਾ, ਲੈ ਕੇ ਹਾਥੀ ਪ੍ਰਸ਼ਾਦੀ।
ਵੇਖਣ ਲਈ ਅੱਖੀਆਂ ਨੂੰ, ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸ਼ਾਦੀ।
ਕੁੱਲ ਜੱਗ ਤੋਂ ਵੱਖਰੀਆਂ, ਚੀਜ਼ਾਂ ਉਸ ਨੇ ਭੇਟ ਚੜ੍ਹਾਈਆਂ।
ਵਿਆਹ ਵੇਖਣ ਸਤਿਗੁਰ ਦਾ........



6.

ਨਹੀਂ ਗੱਲ ਹਜ਼ਾਰਾਂ ਦੀ, ਸੰਗਤ ਚੱਲ ਕੇ ਆ ਗਈ ਲੱਖਾਂ।
ਸੱਜ ਰਿਹਾ ਅਨੰਦਪੁਰ ਸੀ, ਕੈਸਾ ਅਜਬ ਨਜ਼ਾਰਾ ਦੱਸਾਂ।
ਚੱਲ ਰਹੇ ਭੰਡਾਰੇ ਸੀ, ਵਰਤਣ ਲੱਡੂ ਤੇ ਮਠਿਆਈਆਂ।
ਵਿਆਹ ਵੇਖਣ ਸਤਿਗੁਰ ਦਾ........

ਜਦੋਂ ਲਾਹੌਰੀਆਂ ਨੇ ਜ਼ਿੱਦ ਕੀਤੀ ਕਿ ਬਾਰਾਤ ਲਾਹੌਰ ਵਿਚ ਆਉਣੀ ਚਾਹੀਦੀ ਹੈ ਤਾਂ ਗੁਰੂ ਸਾਹਿਬ ਜੀ ਨੇ ਕਹਿ ਦਿੱਤਾ ਕਿ ਤੁਹਾਡੇ ਵਾਸਤੇ ਇੱਥੇ ਨਵਾਂ ਲਾਹੌਰ ਰਚ ਦਿੱਤਾ ਜਾਵੇਗਾ। ਇਹ ਗੱਲ ਲਾਹੌਰੀਆਂ ਨੇ ਪ੍ਰਵਾਨ ਕਰ ਲਈ। ਏਧਰ ਗੁਰੂ ਕਾ ਲਾਹੌਰ ਵਸਾਉਣ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਲੱਖਾਂ ਰੁਪਈਆ ਗੁਰੂ ਕੇ ਖ਼ਜ਼ਾਨੇ ਵਿੱਚੋਂ ਲਗਾ ਦਿੱਤਾ। ਇਸ ਲਾਹੌਰ ਦੀ ਉਸਾਰੀ ਗੁਰੂ ਜੀ ਦੇ ਸਕੇ ਮਾਮੇ, ਕਿਰਪਾਲ ਚੰਦ ਜੀ ਨੇ ਤੇ ਗੁਰੂ ਜੀ ਦੇ ਭੂਆ ਦੇ ਪੁੱਤਰ ਬਾਬਾ ਸੰਗੋ ਸ਼ਾਹ ਦੀ ਦੇਖ ਰੇਖ ਥੱਲੇ ਹੋਈ। ਲਾਹੌਰ ਦੇ ਵਿਚ ਗੁਰੂ ਸਾਹਿਬ ਤੇ ਬੀਬੀ ਜੀਤਾਂ ਜੀ ਦੇ ਅਨੰਦ ਕਾਰਜ ਵਾਸਤੇ ਗੁਰੂ ਕਾ ਮਹਿਲ ਉਸਾਰਿਆ ਗਿਆ। ਚਾਰ ਮੁੱਖ ਦਰਵਾਜ਼ੇ ਬਣਾਏ ਗਏ। ਮੁੱਖ ਦਰਵਾਜ਼ੇ 'ਤੇ ਬਜ਼ਾਰ ਦਾ ਨਾਂ ਦੂਰੋਂ ਆਉਂਦੇ ਸ਼ਹਿਰ ਦੇ ਨਾਂ 'ਤੇ ਰੱਖਿਆ ਗਿਆ। ਜਿਵੇਂ ਹੁਸ਼ਿਆਰਪੁਰ ਵਾਲੇ ਪਾਸੇ ਵੱਲ ਨਾਂ ਰੱਖਿਆ—ਹੁਸ਼ਿਆਰਪੁਰੀ ਦਰਵਾਜ਼ਾ ਜਾਂ ਬਜ਼ਾਰ, ਇਸੇ ਤਰ੍ਹਾਂ ਲਾਹੌਰ ਵਾਲੇ ਪਾਸੇ ਲਾਹੌਰੀ ਦਰਵਾਜ਼ਾ, ਰੋਪੜ ਵਾਲੇ ਪਾਸੇ ਰੋਪੜੀ ਦਰਵਾਜ਼ਾ, ਸਰਹਿੰਦ ਵਾਲੇ ਪਾਸੇ ਸਰਹਿੰਦੀ ਦਰਵਾਜ਼ਾ ਬਣਾ ਦਿੱਤਾ ਗਿਆ। ਸੇਵਾਦਾਰਾਂ ਨੇ ਪੁੱਛਿਆ, ਮਹਾਰਾਜ ! ਇੰਨੀ ਛੇਤੀ ਮਕਾਨਾਂ ਦੀ ਉਸਾਰੀ ਨਹੀਂ ਹੋ ਸਕਦੀ। ਗੁਰੂ ਸਾਹਿਬ ਨੇ ਆਖਿਆ—ਕੋਈ ਗੱਲ ਨਹੀਂ, ਤੰਬੂ ਤੇ ਕਨਾਤਾਂ ਲਾ ਕੇ ਸ਼ਿੰਗਾਰ ਦਿੱਤਾ ਜਾਵੇ। ਗੁਰੂ ਸਾਹਿਬ ਨੇ ਆਖਿਆ—ਇਹ ਲਾਹੌਰ ਇਕ ਵੱਖਰੀ ਕਿਸਮ ਦਾ ਹੋਵੇਗਾ। ਗੁਰੂ ਮਹਾਰਾਜ ਨੇ ਦੁਨੀਆਂ ਭਰ ਦੇ ਵਪਾਰੀਆਂ ਨੂੰ ਚਿੱਠੀਆਂ ਲਿਖ ਕੇ ਉਥੇ ਸੱਦਿਆ। ਵੱਡੇ-ਵੱਡੇ ਅਮੀਰਾਂ ਦੇ ਬਜ਼ਾਰ ਬਣਾ ਦਿੱਤੇ ਗਏ। ਸੋਨੇ ਦਾ ਵਪਾਰ, ਚਾਂਦੀ ਦਾ ਵਪਾਰ, ਹੀਰਿਆਂ ਦਾ ਵਪਾਰ ਅਤੇ ਲਾਲਾਂ ਦਾ ਵਪਾਰ ਇਸ ਸ਼ਹਿਰ ਵਿਚ ਵੱਡੇ-ਵੱਡੇ ਵਪਾਰੀ ਕਰਨ ਵਾਸਤੇ ਆ ਗਏ। ਕਿਵੇਂ ਇਹ ਸ਼ਹਿਰ ਤਿਆਰ ਕੀਤਾ ਗਿਆ, ਇਉਂ ਬੇਨਤੀ ਕੀਤੀ ਜਾ ਰਹੀ ਹੈ :—

## ਕੋਰੜਾ

1. ਜਿੱਥੇ ਗੁਰੂ ਸਾਹਿਬ ਸ਼ਾਦੀ ਨੂੰ ਰਚਾਇਆ ਹੈ,
ਗੁਰੂ ਕਾ ਲਾਹੌਰ ਉਸ ਥਾਂ 'ਤੇ ਵਸਾਇਆ ਹੈ।
ਵੱਖਰੀ ਝਲਕ ਸੀ ਉਸ ਦੇ ਟੌਹਰ ਦੀ,
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

2. ਲੱਖਾਂ ਹੀ ਰੁਪਈਆ ਏਦੇ ਉੱਤੇ ਲੱਗਿਆ।
ਤਾਈਓਂ ਜਾ ਕੇ ਗੁਰੂ ਕਾ ਲਾਹੌਰ ਸੱਜਿਆ।
ਪੈਂਦੀ ਹੈ ਝਮਕ ਜਿਸ ਤਰ੍ਹਾਂ ਬਲੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

3. ਮਾਮੇ ਕਿਰਪਾਲ ਇਸ ਨੂੰ ਸ਼ਿੰਗਾਰਿਆ।
ਵੱਡੇ ਰੱਖੇ ਇਸ ਦੇ ਬਜ਼ਾਰ ਚਾਰ ਆ।
ਆ ਗਈ ਸੰਗਤ ਲਾਹੌਰ ਤੇ ਪਿਸ਼ੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

4. ਰੋਪੜੀ ਬਜ਼ਾਰ ਹੁਸ਼ਿਆਰਪੁਰ ਜੀ।
ਫਿਰ ਸਰਹਿੰਦੀ ਅੱਗੇ ਪੈਂਦਾ ਤੁਰ ਜੀ।
ਰਚਿਆ ਲਾਹੌਰ ਚੋਥੀ ਗੱਲ ਗ਼ੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

5. ਆ ਗਏ ਨੇ ਵਪਾਰੀ ਦੂਰੋਂ-ਦੂਰੋਂ ਚੱਲ ਕੇ।
ਵੱਖ-ਵੱਖ ਬੈਠ ਗਏ ਬਜ਼ਾਰ ਮੱਲ ਕੇ।
ਫਿਰ ਗੱਲ ਤੁਰ ਪਈ ਵਪਾਰਕ ਦੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

6. ਇੱਥੇ ਆ ਕੇ ਜੀਤਾਂ ਲਾਹੌਰੀਆਂ ਨੇ ਵਿਆਹੀ ਸੀ।
ਗੁਰੂ ਦਸਮੇਸ਼ ਜੀ ਦੇ ਲੜ ਲਾਈ ਸੀ।
ਬਣ ਗਈ ਕਹਾਣੀ ਚੰਦ ਤੇ ਚਕੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

7. ਰਚ 'ਤਾ ਵਿਚਾਲੇ ਗੁਰੂ ਕਾ ਮਹਿਲ ਜੀ।
ਅਜਬ ਨਮੂਨਾ ਕਹਿੰਦਾ 'ਜਰਨੈਲ' ਜੀ।
ਕੀਤੀ ਇੱਥੇ ਦੀਦ ਨ ਫੁੱਲਾਂ ਨੇ ਭੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

ਬੀਬੀ ਜੀਤਾਂ ਦੇ ਮਾਪੇ ਆਪਣੇ ਰਿਸ਼ਤੇਦਾਰਾਂ ਤੇ ਸਾਕ ਸੰਬੰਧੀਆਂ ਨੂੰ ਨਾਲ ਲੈ ਕੇ ਜਦੋਂ ਗੁਰੂ



ਕੇ ਲਾਹੌਰ ਪਹੁੰਚੇ ਤਾਂ ਸਜਿਆ ਹੋਇਆ, ਲਾਹੌਰ ਵੇਖ ਕੇ ਇਸ ਲਾਹੌਰੀਏ ਪਰਿਵਾਰ ਦਾ ਮਨ ਬੜਾ ਖ਼ੁਸ਼ ਹੋਇਆ। ਜਿਵੇਂ-ਜਿਵੇਂ ਵਿਆਹ ਦੇ ਦਿਨ ਨੇੜੇ ਆਉਂਦੇ ਜਾਂਦੇ ਹਨ, ਜਿਹੜਾ ਵੀ ਸਿੱਖ ਸੁਣਦਾ ਹੈ, ਉਹ ਸਾਰਾ ਹੀ ਪਰਿਵਾਰ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਵਿਆਹ ਵੇਖਣ ਵਾਸਤੇ ਆਉਂਦਾ ਹੈ। ਜਿੱਥੇ ਗੁਰੂ ਕਾ ਲਾਹੌਰ ਸਜਿਆ ਹੈ, ਉਥੇ ਅਨੰਦਪੁਰ ਸਾਹਿਬ ਵੀ ਰੰਗ-ਬਰੰਗੇ ਤੰਬੂਆਂ ਨਾਲ ਸਜਿਆ ਹੋਇਆ ਸੀ। ਜਿੱਥੇ ਅਮੀਰ ਤੋਂ ਅਮੀਰ ਲੋਕ ਆਏ ਨੇ, ਉਥੇ ਗ਼ਰੀਬ ਤੋਂ ਗ਼ਰੀਬ ਲੋਕ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਵਿਆਹ ਵੇਖਣ ਵਾਸਤੇ ਆਏ ਹਨ। ਮਾਮਾ ਕਿਰਪਾਲ ਚੰਦ ਜੀ ਅਲੱਗ-ਅਲੱਗ ਸਿੱਖ ਸੰਗਤਾਂ ਨੂੰ ਤੰਬੂ ਲਾ ਕੇ ਦੇ ਰਹੇ ਹਨ।

ਬਾਰਾਤ ਤੋਂ ਇਕ ਦਿਨ ਪਹਿਲਾਂ ਗੁਰੂ ਜੀ ਨੇ ਸਿੱਖ ਸੰਗਤਾਂ ਦਾ ਦਰਬਾਰ ਲਗਾਇਆ। ਹੁਕਮ ਕੀਤਾ—ਭਾਈ ! ਜਿਸ ਦਾ ਬਾਰਾਤ ਦੇ ਨਾਲ ਜਾਣ ਨੂੰ ਜੀਅ ਕਰਦਾ ਹੈ, ਉਹ ਬਾਰਾਤ ਦੇ ਨਾਲ ਤਿਆਰ ਹੋ ਜਾਉ। ਗੁਰੂ ਮਹਾਰਾਜ ਦੀ ਭੂਆ ਦੇ ਪੰਜ ਪੁੱਤਰ ਉਮਰ ਵਿਚ ਗੁਰੂ ਜੀ ਨਾਲੋਂ ਵੱਡੇ ਹਨ। ਗੁਰੂ ਜੀ ਨੇ ਆਖਿਆ, ਤੁਸੀਂ ਵੀ ਤਿਆਰੀ ਕਰੋ। ਇਨ੍ਹਾਂ ਪੰਜਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ਸਤਿਗੁਰੂ ਜੀ ! ਜੇ ਆਪ ਜੀ ਦਾ ਹੁਕਮ ਹੋਵੇ ਤਾਂ ਅਸੀਂ ਪੰਜੇ ਹੀ ਬਾਰਾਤ ਨਾਲ ਤਿਆਰ ਹੋ ਜਾਈਏ। ਗੁਰੂ ਜੀ ਨੇ ਆਖਿਆ, ਜੰਞਾਂ ਭਰਾਵਾਂ ਨਾਲ ਹੀ ਸ਼ੋਭਦੀਆਂ ਹਨ ਇਸ ਲਈ ਤੁਸੀਂ ਪੰਜੇ ਹੀ ਤਿਆਰ ਹੋ ਜਾਉ। ਇਹ ਪੰਜੇ ਹੀ ਤਿਆਰ ਹੋਏ। ਗੁਰੂ ਮਹਾਰਾਜ ਦੀਆਂ ਲਾਡਲੀਆਂ ਫ਼ੌਜਾਂ ਤਿਆਰ ਹੋਈਆਂ ਹਨ, ਗੁਰੂ ਮਹਾਰਾਜ ਦੇ ਕਵੀ ਅਤੇ ਕਵੀਸ਼ਰ ਤਿਆਰ ਹੋਏ ਹਨ। ਅੱਜ ਗੁਰੂ ਜੀ ਦੀ ਬਾਰਾਤ ਦਾ ਦਿਨ ਚੜ੍ਹਿਆ ਹੈ। ਇਹ ਕਹਿ ਲਉ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਇਹ ਪਹਿਲੀ ਖ਼ੁਸ਼ੀ ਹੈ, ਜਿਸ ਨੂੰ ਵੇਖ ਕੇ ਸਿੱਖ ਸੰਗਤਾਂ ਫੁੱਲੀਆਂ ਨਹੀਂ ਸਮਾ ਰਹੀਆਂ ਹਨ। ਕਈ ਮਲਵਈ ਸਰਦਾਰਾਂ ਨੇ ਫਰਲੇ ਛੱਡੇ ਹੋਏ ਹਨ। ਨਿਹੰਗ ਸਿੰਘਾਂ ਨੇ ਉੱਚੇ ਦੁਮਾਲੇ ਬੱਧੇ ਹੋਏ ਹਨ।

ਇਕ ਪਾਸੇ ਅਕਾਲੀ ਸੈਨਾ, ਇਕ ਪਾਸੇ ਪੇਂਡੂ ਲੋਕ ਬਾਰਾਤ ਲਈ ਤਿਆਰ ਹੋਏ ਹਨ। ਮੇਰੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਜਦੋਂ ਸ਼ਗਨਾਂ ਦੇ ਕੱਪੜੇ ਪਾਏ ਹਨ ਤਾਂ ਗੁਰੂ ਮਹਾਰਾਜ ਦੀ ਚੜ੍ਹਤ ਦੇਖ ਕੇ ਅੱਜ ਦਿਉਤੇ ਵੀ ਝੁਕ-ਝੁਕ ਕੇ ਸੀਸ ਨਿਵਾ ਰਹੇ ਹਨ। ਅੰਬਰਾਂ ਦੇ ਵਿੱਚੋਂ ਪਰੀਆਂ ਫੁੱਲ ਬਰਸਾ ਰਹੀਆਂ ਹਨ। ਮੇਰੇ ਤਰਲੋਕੀ ਦੇ ਮਾਲਕ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਬਾਰਾਤ, ਜਿਸ ਕਦਰ ਚਾਵਾਂ ਤੇ ਸੱਧਰਾਂ ਨਾਲ ਅਨੰਦਪੁਰ ਸਾਹਿਬ ਤੋਂ ਚੜ੍ਹੀ, ਉਸ ਵੇਲੇ ਦਾ ਸੀਨ ਇਉਂ ਪੇਸ਼ ਹੈ :—

## ਟਰਨ

1.

ਦਿਨ ਚੜ੍ਹਿਆ ਅੱਜ ਭਾਗਾਂ ਭਰਿਆ, ਮਾਤਾ ਸ਼ਗਨ ਮਨਾਏ ਜੀ।
ਕਲਗੀਧਰ ਨੂੰ ਸੁੰਦਰ ਸਿਹਰੇ, ਜਿਸ ਦਮ ਗਏ ਸਜਾਏ ਜੀ।

2. ਲੱਖਾਂ ਹੀ ਰੁਪਈਆ ਏਦੇ ਉੱਤੇ ਲੱਗਿਆ।
ਤਾਈਓਂ ਜਾ ਕੇ ਗੁਰੂ ਕਾ ਲਾਹੌਰ ਸੱਜਿਆ।
ਪੈਂਦੀ ਹੈ ਝਮਕ ਜਿਸ ਤਰ੍ਹਾਂ ਬਲੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

3. ਮਾਮੇ ਕਿਰਪਾਲ ਇਸ ਨੂੰ ਸ਼ਿੰਗਾਰਿਆ।
ਵੱਡੇ ਰੱਖੇ ਇਸ ਦੇ ਬਜ਼ਾਰ ਚਾਰ ਆ।
ਆ ਗਈ ਸੰਗਤ ਲਾਹੌਰ ਤੇ ਪਿਸ਼ੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

4. ਰੋਪੜੀ ਬਜ਼ਾਰ ਹੁਸ਼ਿਆਰਪੁਰ ਜੀ।
ਫਿਰ ਸਰਿਹੰਦੀ ਅੱਗੇ ਪੈਂਦਾ ਤੁਰ ਜੀ।
ਰਚਿਆ ਲਾਹੌਰ ਚੌਥੀ ਗੱਲ ਗ਼ੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

5. ਆ ਗਏ ਨੇ ਵਪਾਰੀ ਦੂਰੋਂ-ਦੂਰੋਂ ਚੱਲ ਕੇ।
ਵੱਖ-ਵੱਖ ਬੈਠ ਗਏ ਬਜ਼ਾਰ ਮੱਲ ਕੇ।
ਫਿਰ ਗੱਲ ਤੁਰ ਪਈ ਵਪਾਰਕ ਦੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

6. ਇੱਥੇ ਆ ਕੇ ਜੀਤਾਂ ਲਾਹੌਰੀਆਂ ਨੇ ਵਿਆਹੀ ਸੀ।
ਗੁਰੂ ਦਸਮੇਸ਼ ਜੀ ਦੇ ਲੜ ਲਾਈ ਸੀ।
ਬਣ ਗਈ ਕਹਾਣੀ ਚੰਦ ਤੇ ਚਕੋਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

7. ਰਚ 'ਤਾ ਵਿਚਾਲੇ ਗੁਰੂ ਕਾ ਮਹਿਲ ਜੀ।
ਅਜਬ ਨਮੂਨਾ ਕਹਿੰਦਾ 'ਜਰਨੈਲ' ਜੀ।
ਕੀਤੀ ਇੱਥੇ ਦੀਦ ਨ ਫੁੱਲਾਂ ਨੇ ਭੌਰ ਦੀ।
ਕਰਾਂ ਕੀ ਸਿਫ਼ਤ ਗੁਰੂ ਕੇ ਲਾਹੌਰ ਦੀ।

ਬੀਬੀ ਜੀਤਾਂ ਦੇ ਮਾਪੇ ਆਪਣੇ ਰਿਸ਼ਤੇਦਾਰਾਂ ਤੇ ਸਾਕ ਸੰਬੰਧੀਆਂ ਨੂੰ ਨਾਲ ਲੈ ਕੇ ਜਦੋਂ ਗੁਰੂ



ਕੇ ਲਾਹੌਰ ਪਹੁੰਚੇ ਤਾਂ ਸਜਿਆ ਹੋਇਆ, ਲਾਹੌਰ ਵੇਖ ਕੇ ਇਸ ਲਾਹੌਰੀਏ ਪਰਿਵਾਰ ਦਾ ਮਨ ਬੜਾ ਖ਼ੁਸ਼ ਹੋਇਆ। ਜਿਵੇਂ-ਜਿਵੇਂ ਵਿਆਹ ਦੇ ਦਿਨ ਨੇੜੇ ਆਉਂਦੇ ਜਾਂਦੇ ਹਨ, ਜਿਹੜਾ ਵੀ ਸਿੱਖ ਸੁਣਦਾ ਹੈ, ਉਹ ਸਾਰਾ ਹੀ ਪਰਿਵਾਰ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਵਿਆਹ ਵੇਖਣ ਵਾਸਤੇ ਆਉਂਦਾ ਹੈ। ਜਿੱਥੇ ਗੁਰੂ ਕਾ ਲਾਹੌਰ ਸਜਿਆ ਹੈ, ਉਥੇ ਅਨੰਦਪੁਰ ਸਾਹਿਬ ਵੀ ਰੰਗ-ਬਰੰਗੇ ਤੰਬੂਆਂ ਨਾਲ ਸਜਿਆ ਹੋਇਆ ਸੀ। ਜਿੱਥੇ ਅਮੀਰ ਤੋਂ ਅਮੀਰ ਲੋਕ ਆਏ ਨੇ, ਉਥੇ ਗ਼ਰੀਬ ਤੋਂ ਗ਼ਰੀਬ ਲੋਕ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਵਿਆਹ ਵੇਖਣ ਵਾਸਤੇ ਆਏ ਹਨ। ਮਾਮਾ ਕਿਰਪਾਲ ਚੰਦ ਜੀ ਅਲੱਗ-ਅਲੱਗ ਸਿੱਖ ਸੰਗਤਾਂ ਨੂੰ ਤੰਬੂ ਲਾ ਕੇ ਦੇ ਰਹੇ ਹਨ।

ਬਾਰਾਤ ਤੋਂ ਇਕ ਦਿਨ ਪਹਿਲਾਂ ਗੁਰੂ ਜੀ ਨੇ ਸਿੱਖ ਸੰਗਤਾਂ ਦਾ ਦਰਬਾਰ ਲਗਾਇਆ। ਹੁਕਮ ਕੀਤਾ—ਭਾਈ ! ਜਿਸ ਦਾ ਬਾਰਾਤ ਦੇ ਨਾਲ ਜਾਣ ਨੂੰ ਜੀਅ ਕਰਦਾ ਹੈ, ਉਹ ਬਾਰਾਤ ਦੇ ਨਾਲ ਤਿਆਰ ਹੋ ਜਾਉ। ਗੁਰੂ ਮਹਾਰਾਜ ਦੀ ਭੂਆ ਦੇ ਪੰਜ ਪੁੱਤਰ ਉਮਰ ਵਿਚ ਗੁਰੂ ਜੀ ਨਾਲੋਂ ਵੱਡੇ ਹਨ। ਗੁਰੂ ਜੀ ਨੇ ਆਖਿਆ, ਤੁਸੀਂ ਵੀ ਤਿਆਰੀ ਕਰੋ। ਇਨ੍ਹਾਂ ਪੰਜਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ਸਤਿਗੁਰੂ ਜੀ ! ਜੇ ਆਪ ਜੀ ਦਾ ਹੁਕਮ ਹੋਵੇ ਤਾਂ ਅਸੀਂ ਪੰਜੇ ਹੀ ਬਾਰਾਤ ਨਾਲ ਤਿਆਰ ਹੋ ਜਾਈਏ। ਗੁਰੂ ਜੀ ਨੇ ਆਖਿਆ, ਜੰਞਾਂ ਭਰਾਵਾਂ ਨਾਲ ਹੀ ਸ਼ੋਭਦੀਆਂ ਹਨ ਇਸ ਲਈ ਤੁਸੀਂ ਪੰਜੇ ਹੀ ਤਿਆਰ ਹੋ ਜਾਉ। ਇਹ ਪੰਜੇ ਹੀ ਤਿਆਰ ਹੋਏ। ਗੁਰੂ ਮਹਾਰਾਜ ਦੀਆਂ ਲਾਡਲੀਆਂ ਫ਼ੌਜਾਂ ਤਿਆਰ ਹੋਈਆਂ ਹਨ, ਗੁਰੂ ਮਹਾਰਾਜ ਦੇ ਕਵੀ ਅਤੇ ਕਵੀਸ਼ਰ ਤਿਆਰ ਹੋਏ ਹਨ। ਅੱਜ ਗੁਰੂ ਜੀ ਦੀ ਬਾਰਾਤ ਦਾ ਦਿਨ ਚੜ੍ਹਿਆ ਹੈ। ਇਹ ਕਹਿ ਲਉ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਇਹ ਪਹਿਲੀ ਖ਼ੁਸ਼ੀ ਹੈ, ਜਿਸ ਨੂੰ ਵੇਖ ਕੇ ਸਿੱਖ ਸੰਗਤਾਂ ਫੁੱਲੀਆਂ ਨਹੀਂ ਸਮਾ ਰਹੀਆਂ ਹਨ। ਕਈ ਮਲਵਈ ਸਰਦਾਰਾਂ ਨੇ ਫਰਲੇ ਛੱਡੇ ਹੋਏ ਹਨ। ਨਿਹੰਗ ਸਿੰਘਾਂ ਨੇ ਉੱਚੇ ਦੁਮਾਲੇ ਬੱਧੇ ਹੋਏ ਹਨ।

ਇਕ ਪਾਸੇ ਅਕਾਲੀ ਸੈਨਾ, ਇਕ ਪਾਸੇ ਪੇਂਡੂ ਲੋਕ ਬਾਰਾਤ ਲਈ ਤਿਆਰ ਹੋਏ ਹਨ। ਮੇਰੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਜਦੋਂ ਸ਼ਗਨਾਂ ਦੇ ਕੱਪੜੇ ਪਾਏ ਹਨ ਤਾਂ ਗੁਰੂ ਮਹਾਰਾਜ ਦੀ ਚੜ੍ਹਤ ਦੇਖ ਕੇ ਅੱਜ ਦਿਉਤੇ ਵੀ ਝੁਕ-ਝੁਕ ਕੇ ਸੀਸ ਨਿਵਾ ਰਹੇ ਹਨ। ਅੰਬਰਾਂ ਦੇ ਵਿੱਚੋਂ ਪਰੀਆਂ ਫੁੱਲ ਬਰਸਾ ਰਹੀਆਂ ਹਨ। ਮੇਰੇ ਤਰਲੋਕੀ ਦੇ ਮਾਲਕ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਬਾਰਾਤ, ਜਿਸ ਕਦਰ ਚਾਵਾਂ ਤੇ ਸੱਧਰਾਂ ਨਾਲ ਅਨੰਦਪੁਰ ਸਾਹਿਬ ਤੋਂ ਚੜ੍ਹੀ, ਉਸ ਵੇਲੇ ਦਾ ਸੀਨ ਇਉਂ ਪੇਸ਼ ਹੈ :—

## ਟਰਨ

1.

ਦਿਨ ਚੜ੍ਹਿਆ ਅੱਜ ਭਾਗਾਂ ਭਰਿਆ, ਮਾਤਾ ਸ਼ਗਨ ਮਨਾਏ ਜੀ।
ਕਲਗੀਧਰ ਨੂੰ ਸੁੰਦਰ ਸਿਹਰੇ, ਜਿਸ ਦਮ ਗਏ ਸਜਾਏ ਜੀ।

ਦਿਉਤੇ ਪਰੀਆਂ ਫੁੱਲ ਬਰਸਾਉਂਦੇ, ਖ਼ੁਸ਼ੀ 'ਚ ਮੰਗਲ ਗਾਉਣ ਚੱਲੇ।
ਜੰਞ ਚੜ੍ਹੀ ਗੁਰੂ ਕਲਗੀਧਰ ਦੀ, ਜੀਤਾਂ ਰਾਣੀ ਵਿਆਹੁਣ ਚੱਲੇ।

2.

ਨੀਲੇ ਘੋੜੇ ਉੱਪਰ ਚੜ੍ਹਿਆ ਸੱਜਦਾ ਸ਼ਾਹ ਅਸਵਾਰਾਂ ਦਾ।
ਸੱਜੇ ਖੱਬੇ ਬੀਰ ਅਕਾਲੀ ਦਲ ਫੱਬੇ ਸਰਦਾਰਾਂ ਦਾ।
ਰਚਿਆ ਨਵਾਂ ਲਾਹੌਰ ਗੁਰੂ ਕਾ, ਚਰਨ ਮੁਬਾਰਿਕ ਪਾਉਣ ਚੱਲੇ।
ਜੰਞ ਚੜ੍ਹੀ ਗੁਰੂ........

3.

ਕਰ ਅਰਦਾਸ ਪਿੱਛੋਂ ਖ਼ੁਸ਼ੀ ਵਿਚ, ਛੱਡੇ ਪੰਜ ਜੈਕਾਰੇ ਸਨ।
ਮਹਾਂਬਲੀ ਗੁਰੂ ਗੋਬਿੰਦ ਸਿੰਘ ਦੇ, ਵੇਖਣ ਯੋਗ ਨਜ਼ਾਰੇ ਸਨ।
ਬੀਬੀ ਵੀਰੋ ਦੇ ਪੰਜ ਪੁੱਤਰ, ਜੰਞ ਦੀ ਸ਼ਾਨ ਵਧਾਉਣ ਚੱਲੇ।
ਜੰਞ ਚੜ੍ਹੀ ਗੁਰੂ........

4.

ਹੋਈ ਆਨੰਦ ਅਨੰਦਪੁਰੀ, ਅੱਜ ਖ਼ੁਸ਼ੀ ਵਿਚ ਹੱਸ ਰਹੀ।
ਹਰ ਪਾਸੇ ਅੱਜ ਕੁਦਰਤ ਰਾਣੀ, ਖ਼ੁਸ਼ੀਆਂ ਦੇ ਵਿਚ ਵੱਸ ਰਹੀ।
ਮਾਂ ਗੁਜਰੀ ਦੇ ਦਿਲ ਦੀਆਂ ਰੀਝਾਂ, ਦਾਤੇ ਅੱਜ ਪੁਗਾਉਣ ਚੱਲੇ।
ਜੰਞ ਚੜ੍ਹੀ ਗੁਰੂ........

5.

ਜੱਟ, ਲੋਹਾਰ, ਨਾਈ ਤੇ ਛੀਂਬੇ, ਵੱਖੋ-ਵੱਖ ਨੇ ਸੱਜ ਰਹੇ।
ਜਿਉਂ ਬਾਗ਼ਾਂ ਵਿਚ ਰੰਗ ਬਰੰਗੇ, ਫੁੱਲ ਗੁਲਾਬ ਦੇ ਫੱਬ ਰਹੇ।
ਜਿਉਂ ਪੁੰਨਿਆ ਦੇ ਚੰਨ ਦੁਆਲੇ, ਤਾਰੇ ਟਿਮ-ਟਮਾਉਣ ਚੱਲੇ।
ਜੰਞ ਚੜ੍ਹੀ ਗੁਰੂ........

6.

ਜਿੱਥੇ ਜੀਤਾਂ ਕਰੇ ਉਡੀਕਾਂ, ਕਲਗੀਧਰ ਦੇ ਦਰਸ ਦੀਆਂ।
ਮੱਸਿਆ ਰਾਤ ਚਕੋਰੀ ਅੱਖੀਆਂ, ਜਿਵੇਂ ਚੰਦ ਨੂੰ ਤਰਸਦੀਆਂ।
ਜਿਉਂ ਰਾਧਾ ਦੀ ਨਗਰੀ ਅੰਦਰ, ਕਾਹਨ ਜੀ ਕਦਮ ਟਿਕਾਉਣ ਚੱਲੇ।
ਜੰਞ ਚੜ੍ਹੀ ਗੁਰੂ........



7.

ਨਾਲ ਚੱਲੇ ਕਈ ਕਵੀ ਕਵੀਸ਼ਰ, ਰਾਗ ਸਮੇਂ ਦਾ ਗਾਵਣਗੇ।
ਕਲਗੀਧਰ ਦੀ ਉਸਤਤ ਕਰਕੇ, ਜੀਵਨ ਕੁੰਦਨ ਬਣਾਵਣਗੇ।
'ਜਰਨੈਲ' ਕਵੀ ਤੇ ਮੇਜਰ ਭਗਵਾਨ, ਚਰਨੀਂ ਸੀਸ ਝੁਕਾਉਣ ਚੱਲੇ।
ਜੰਞ ਚੜ੍ਹੀ ਗੁਰੂ ਕਲਗੀਧਰ ਦੀ, ਜੀਤਾਂ ਰਾਣੀ ਵਿਆਹੁਣ ਚੱਲੇ।

ਗੁਰੂ ਗੋਬਿੰਦ ਸਿੰਘ ਜੀ ਇਕ ਅਨੋਖੀ ਬਰਾਤ ਲੈ ਕੇ ਚੱਲੇ ਹਨ। ਅੱਜ ਮਾਂ ਗੁਜਰੀ ਦੇ ਚਿਹਰੇ ਦੀ ਖ਼ੁਸ਼ੀ ਝੱਲੀ ਨਹੀਂ ਸੀ ਜਾ ਰਹੀ। ਕਿਸੇ ਇਲਾਹੀ ਰੰਗ ਵਿਚ ਰੰਗੀ ਮਾਂ ਗੁਜਰੀ ਅਕਾਲ ਪੁਰਖ ਅੱਗੇ ਅਰਦਾਸ ਕਰ ਰਹੀ ਹੈ—ਹੇ ਪ੍ਰਮਾਤਮਾ ! ਇਹ ਖ਼ੁਸ਼ੀਆਂ ਦੇ ਦਿਨ ਹਰ ਮਾਂ ਨੂੰ ਵੇਖਣ ਵਾਸਤੇ ਮਿਲਣ। ਮਾਤਾ ਗੁਜਰੀ ਜੀ ਇਕਲੌਤੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਹਨ। ਜਦੋਂ ਤੋਂ ਗੁਰੂ ਤੇਗ ਬਹਾਦਰ ਮਹਾਰਾਜ ਸ਼ਹੀਦ ਹੋ ਗਏ ਹਨ, ਉਦੋਂ ਤੋਂ ਮਾਤਾ ਗੁਜਰੀ ਜੀ ਨੂੰ ਇਹ ਘਰ ਸੁੰਞਾ-ਸੁੰਞਾ ਲੱਗ ਰਿਹਾ ਸੀ। ਇਸ ਕਰਕੇ ਇਨ੍ਹਾਂ ਸੋਚਿਆ ਕਿ ਮੈਂ ਲਾਡਲੇ ਪੁੱਤਰ ਗੋਬਿੰਦ ਸਿੰਘ ਦੀ ਸ਼ਾਦੀ ਕਰਾਂ। ਘਰ ਵਿਚ ਨੂੰਹ ਰਾਣੀ ਆਵੇਗੀ ਤੇ ਰੌਣਕਾਂ ਲੱਗਣਗੀਆਂ। ਜੱਗ ਦੇ ਨਾਲ ਅੱਗੇ ਸਾਂਝ ਬਣੇਗੀ। ਸ਼ਗਨ ਮਨਾ ਕੇ ਮਾਤਾ ਗੁਜਰੀ ਜੀ ਨੇ ਆਪਣੇ ਪੁੱਤਰ ਦੀ ਬਾਰਾਤ ਨੂੰ ਵਿਦਾ ਕੀਤਾ।

ਏਧਰ ਲਾਹੌਰ ਵਾਲੇ ਰੰਗ ਬਰੰਗੇ ਫੁੱਲਾਂ ਦੇ ਹਾਰ ਲੈ ਕੇ ਮੁਖ ਦਰਵਾਜ਼ੇ ਤੋਂ ਬਾਹਰ ਆ ਕੇ ਗੁਰੂ ਜੀ ਦੀ ਬਾਰਾਤ ਦੀ ਉਡੀਕ ਕਰ ਰਹੇ ਹਨ। ਸ਼ਾਮ ਦੇ ਵਕਤ ਇਹ ਬਰਾਤ ਗੁਰੂ ਕੇ ਲਾਹੌਰ ਜਾ ਪਹੁੰਚੀ। ਫੁੱਲਾਂ ਦੇ ਹਾਰ ਪਾ ਕੇ ਬਾਰਾਤ ਦਾ ਸਵਾਗਤ ਕੀਤਾ ਗਿਆ। ਜਲ ਪਾਣੀ ਛਕਾਇਆ ਗਿਆ। ਸਾਰੀ ਰਾਤ ਭਜਨ ਬੰਦਗੀ ਹੁੰਦੀ ਰਹੀ। ਗੁਰੂ ਮਹਾਰਾਜ ਦੇ ਕਵੀ ਅਤੇ ਕਵੀਸ਼ਰ ਸਾਰੀ ਰਾਤ ਆਪਣੀਆਂ ਕਵਿਤਾਵਾਂ ਬੋਲਦੇ ਰਹੇ।

ਦਿਨ ਚੜ੍ਹਿਆ ਅਤੇ ਗੁਰੂ ਸਾਹਿਬ ਨੇ ਇਸ਼ਨਾਨ ਕੀਤਾ। ਮਹਾਰਾਜ ਇਕ ਪਹਾੜ ਦੇ ਥੱਲੇ ਸੈਰ ਕਰਨ ਵਾਸਤੇ ਗਏ ਹਨ। ਨਾਲ ਹੀ ਗੁਰੂ ਜੀ ਦੀ ਭੂਆ ਦੇ ਪੰਜੇ ਪੁੱਤਰ ਹਨ। ਦਿਲ ਵਿਚ ਉਹ ਮਾਣ ਕਰ ਬੈਠੇ ਕਿ ਅਸੀਂ ਇਸ ਤੋਂ ਵੱਡੇ ਹਾਂ। ਇਸ ਦੀ ਟੌਹਰ ਅਸੀਂ ਪੰਜੇ ਬਣਾਈ ਬੈਠੇ ਹਾਂ, ਨਹੀਂ ਤਾਂ ਇਸ ਬੱਚੇ ਜਿਹੇ ਨੂੰ ਕਿੰਨੇ ਪੁੱਛਣਾ ਸੀ। ਇਹਨਾਂ ਨੇ ਮਹਾਰਾਜ ਦੀ ਅਜ਼ਮਤ ਨੂੰ ਵੇਖਣ ਵਾਸਤੇ ਇਕ ਲੋਹੇ ਦਾ ਬਰਛਾ ਪੱਥਰ ਵਿਚ ਗੱਡ ਦਿੱਤਾ ਤੇ ਕਹਿੰਦੇ ਹਨ, ਮਹਾਰਾਜ ! ਇਹ ਬਰਛਾ ਸਾਡੇ ਤੋਂ ਪੁੱਟਿਆ ਨਹੀਂ ਜਾ ਰਿਹਾ, ਕਿਰਪਾ ਕਰਕੇ ਇਸ ਨੂੰ ਪੁੱਟਿਓ।'' ਕਲਗੀਧਰ ਮਹਾਰਾਜ ਨੇ ਸੱਜਾ ਹੱਥ ਬਰਛੇ ਨੂੰ ਪਾਇਆ ਤੇ ਬਰਛਾ ਪੁੱਟ ਕੇ ਰੱਖ ਦਿੱਤਾ ਤੇ ਨਾਲ ਹੀ ਇਕ ਨਿਰਮਲ ਜਲ ਦੀ ਧਾਰ ਵਹਿ ਤੁਰੀ। ਹੁਣ ਹਜ਼ੂਰ ਨੇ ਫਿਰ ਬਰਛਾ ਪੱਥਰ ਵਿਚ ਗੱਡਿਆ ਤੇ ਆਖਿਆ, ''ਹੁਣ ਤੁਸੀਂ ਪੰਜੇ ਜਣੇ ਇਸ ਨੂੰ ਪੁੱਟ ਕੇ ਵਿਖਾ ਦਿਉ।'' ਉਹ ਪੰਜੇ ਭਰਾ ਜ਼ੋਰ ਲਾ ਰਹੇ ਹਨ, ਪਰ ਪੰਜਾਂ ਤੋਂ ਨਾ ਪੁੱਟਿਆ ਗਿਆ। ਹਜ਼ੂਰ ਦੇ ਚਰਨਾਂ 'ਤੇ ਢਹਿ ਕੇ

ਕਹਿੰਦੇ ਹਨ, "ਮਹਾਰਾਜ ! ਅਸੀਂ ਭੁੱਲ ਗਏ ਹਾਂ, ਸਾਨੂੰ ਬਖਸ਼ ਦਿਉ।" ਮਹਾਰਾਜ ਨੇ ਇਸ ਬਰਛੇ ਨੂੰ ਵੀ ਪੁੱਟ ਦਿੱਤਾ। ਇਥੋਂ ਵੀ ਇਕ ਨਿਰਮਲ ਜਲ ਦੀ ਧਾਰਾ ਵਹਿ ਤੁਰੀ। ਕੋਲ ਖਲੋਤੇ ਹਨ ਗੁਰੂ-ਘਰ ਦੇ ਗ੍ਰੰਥੀ ਬਾਬਾ ਗੁਰਬਖਸ਼ ਸਿੰਘ ਜੀ, ਉਹ ਇਸ ਰਮਜ਼ ਨੂੰ ਪਛਾਣ ਗਏ। ਉਨ੍ਹਾਂ ਨੇ ਹੱਥ ਜੋੜ ਕੇ ਆਖਿਆ, "ਮਹਾਰਾਜ ! ਕਿਰਪਾ ਕਰੋ, ਇਕ ਵਾਰ ਹੋਰ ਇਸ ਪੱਥਰ ਵਿਚ ਬਰਛਾ ਮਾਰ ਕੇ ਪੁੱਟ ਦਿਉ, ਇਥੇ ਤ੍ਰਬੈਣੀ ਸਾਹਿਬ ਬਣ ਜਾਵੇਗਾ।" ਗੁਰੂ-ਘਰ ਦੇ ਗ੍ਰੰਥੀ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਇਸ ਪੱਥਰ ਵਿਚ ਵੀ ਬਰਛਾ ਮਾਰ ਕੇ ਪੁੱਟ ਦਿੱਤਾ। ਇਥੋਂ ਵੀ ਇਕ ਨਿਰਮਲ ਜਲ ਦੀ ਧਾਰ ਵਹਿ ਤੁਰੀ। ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਵਿਆਹ ਦੀ ਯਾਦ ਨੂੰ ਅੱਜ ਵੀ ਇਹ ਤ੍ਰਬੈਣੀ ਸਾਹਿਬ ਸੰਭਾਲੀ ਬੈਠਾ ਹੈ।

ਇਸ ਤੋਂ ਬਾਅਦ ਗੁਰੂ ਮਹਾਰਾਜ ਤੇ ਮਾਤਾ ਜੀਤਾਂ ਜੀ ਦਾ ਅਨੰਦ ਕਾਰਜ ਹੋਇਆ। ਲਾਵਾਂ ਦਾ ਜਿਹੜਾ ਪਾਠ ਸੀ, ਉਹ ਬਾਬਾ ਗੁਰਬਖਸ਼ ਸਿੰਘ ਜੀ ਨੇ ਪੜ੍ਹਿਆ। ਮਾਪਿਆਂ ਵੱਲੋਂ ਜੀਤਾ ਨੂੰ ਡੋਲੀ ਵਿਚ ਪਾ ਕੇ ਵਿਦਾ ਕੀਤਾ ਗਿਆ। ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ ਅਤੇ ਨਾਲ ਕੁਝ ਅਸੀਸਾਂ ਦਿੱਤੀਆਂ ਗਈਆਂ। ਏਧਰ ਲਾਹੌਰੀਆਂ ਵੱਲੋਂ ਆਪਣੀ ਬੇਟੀ ਨੂੰ ਵਿਦਾ ਕੀਤਾ ਗਿਆ ਅਤੇ ਉਧਰ ਮਾਂ ਗੁਜਰੀ ਜੀ ਅਨੰਦਪੁਰ ਤੋਂ ਅੱਗੇ ਆ ਕੇ ਆਪਣੀ ਨੂੰਹ ਰਾਣੀ ਦਾ ਸਵਾਗਤ ਕਰਨ ਵਾਸਤੇ ਅੱਪੜ ਗਏ। ਚਾਵਾਂ ਤੇ ਸੱਧਰਾਂ ਨਾਲ ਡੋਲੀ ਵਿੱਚੋਂ ਉਤਾਰ ਕੇ ਅਤੇ ਪਿਆਰ ਦੇ ਕੇ ਧੀਆਂ ਵਾਂਗੂ ਗਲ ਨਾਲ ਕਿਵੇਂ ਲਾ ਲਈ ਇਸ ਨੂੰ ਇਵੇਂ ਪੇਸ਼ ਕੀਤਾ ਗਿਆ :—

## ਬੈਂਤ

ਭਾਗਾਂ ਭਰੀ ਉਹ ਘੜੀ ਸੁਲੱਖਣੀ ਸੀ,
ਡੋਲੀ ਵਿਚ ਜਾ ਮਾਪਿਆਂ ਪਾਈ ਜੀਤਾਂ।
ਝੂਮੀ ਖ਼ੁਸ਼ੀ ਵਿਚ ਪੁਰੀ ਅਨੰਦਪੁਰ ਦੀ,
ਦਸਮ ਗੁਰਾਂ ਦੇ ਨਾਲ ਜਦ ਆਈ ਜੀਤਾਂ।
ਲਾਈ ਘੁੱਟ ਕੇ ਕਲੇਜੇ ਨਾਲ ਮਾਂ ਗੁਜਰੀ,
ਡੋਲੀ ਵਿੱਚੋਂ ਜਾਂ ਲਾਡਲੀ ਲਾਹੀ ਜੀਤਾਂ।
ਮਾਂ ਧੀ ਬਣ ਕੇ ਨੂੰਹ ਸੱਸ ਰਹੀਆਂ,
ਕਿਸੇ ਗੱਲੋਂ ਨਾ ਘਬਰਾਈ ਜੀਤਾਂ।
ਮਿੱਠਾ ਬੋਲ ਤੇ ਨੈਣਾਂ ਵਿਚ ਨਿਮਰਤਾ ਸੀ,
ਕਲਗੀ ਵਾਲੇ ਦੇ ਦਿਲ ਨੂੰ ਭਾਹੀ ਜੀਤਾਂ।
ਗੁਰੂ ਸਾਹਿਬ ਤੇ ਮਾਤਾ ਦੇ ਹੁਕਮ ਅੱਗੇ,
ਸਦਾ ਰੱਖਿਆ ਸੀਸ ਝੁਕਾਈ ਜੀਤਾਂ।



ਗੁਰੂ-ਘਰ ਹੈ ਮਾਣ-ਨਿਮਾਣਿਆਂ ਦਾ,
ਨੀਵੀਂ ਹੋ ਕੇ ਪਾਈ ਵਡਿਆਈ ਜੀਤਾਂ।
ਜਤ ਸਤ ਤੇ ਅਣਖ ਦੀ ਪੁਤਲੀ ਸੀ,
ਨੇਕ ਮਾਪਿਆਂ ਦੀ ਨੇਕ ਜਾਈ ਜੀਤਾਂ।
ਸਮਾਂ ਆਉਣ 'ਤੇ ਰੱਬ ਨੇ ਭਾਗ ਲਾਇਆ,
ਤਿੰਨਾਂ ਪੁੱਤਾਂ ਦੀ ਸੀ ਬਣੀ ਮਾਈ ਜੀਤਾਂ।
ਵੱਡਾ ਪੁੱਤਰ ਸੀ ਬੀਰ ਜੁਝਾਰ ਉਸ ਦਾ,
ਜ਼ੋਰਾਵਰ ਤੇ ਫ਼ਤਹਿ ਦੀ ਮਾਈ ਜੀਤਾਂ।
ਸਬਰ ਸਤਿ ਸੰਤੋਖ ਤੇ ਅਣਖ ਗ਼ੈਰਤ,
ਰੱਖੀ ਹਿਰਦੇ ਵਿਚ ਵਸਾਈ ਜੀਤਾਂ।
ਅੱਗੇ ਦੱਸ ਦੇ ਖੋਲ੍ਹ ਕੇ 'ਜਰਨੈਲ ਸਿੰਘਾ',
ਕਰ ਗਈ ਜੱਗ ਤੋਂ ਕਿਵੇਂ ਚੜ੍ਹਾਈ ਜੀਤਾਂ।

ਮਾਤਾ ਜੀਤਾਂ, ਮਾਤਾ ਗੁਜਰੀ ਜੀ ਦੇ ਹਰ ਹੁਕਮ ਵਿਚ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਹਰ ਆਗਿਆ ਵਿਚ ਰਹੇ। ਜਿੱਥੇ ਗੁਰੂ ਗੋਬਿੰਦ ਸਿੰਘ ਜੀ ਇਲਾਹੀ ਜੋਤ ਸਨ, ਉਥੇ ਮਾਤਾ ਜੀਤਾਂ ਜੀ ਦਾ ਇਤਿਹਾਸ ਵੀ ਦੱਸਦਾ ਹੈ ਕਿ ਗੁਣਵਾਨ ਔਰਤ ਦੇ ਸਾਰੇ ਹੀ ਗੁਣ ਮਾਤਾ ਜੀਤਾਂ ਜੀ ਵਿਚ ਸਨ, ਕਿਉਂਕਿ ਸੋਲਾ ਸ਼ਿੰਗਾਰ ਔਰਤ ਦੇ ਵਿਦਵਾਨਾਂ ਨੇ ਮੰਨੇ ਹਨ। ਉਹਨਾਂ ਸੋਲਾਂ ਵਿਚ ਨਾ ਕੱਪੜੇ ਤੇ ਨਾ ਜ਼ੇਵਰ ਆਉਂਦੇ ਹਨ। ਉਹਨਾਂ ਸੋਲਾਂ ਵਿਚ ਔਰਤ ਦੇ ਗੁਣ ਹੀ ਗਿਣੇ ਹਨ, ਜਿਨ੍ਹਾਂ ਨੂੰ ਸ਼ਿੰਗਾਰ ਕਿਹਾ ਜਾਂਦਾ ਹੈ। ਸੋਲਾਂ ਗੁਣ ਹੀ ਬੰਦੇ ਵਿਚ ਹਨ, ਜਿਹਨੂੰ ਬੱਤੀ ਸੁਲੱਖਣਾ ਕਿਹਾ ਜਾਂਦਾ ਹੈ।

ਮਾਤਾ ਜੀਤਾਂ ਜੀ ਗੁਰੂ ਜੀ ਦੇ ਵੱਡੇ ਮਹਿਲ ਸਨ। ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਜ਼ਿਕਰ ਕਰਦੇ ਹਨ—ਦੂਸਰੇ ਮਹਿਲ ਮਾਤਾ ਸੁੰਦਰੀ ਜੀ ਤੇ ਤੀਸਰੇ ਮਹਿਲ, ਜਿਨ੍ਹਾਂ ਨੂੰ ਕੁੰਵਾਰਾ ਡੋਲਾ ਆਖਿਆ ਜਾਂਦਾ ਹੈ, ਮਾਤਾ ਸਾਹਿਬ ਕੌਰ ਜੀ ਸਨ। ਮਾਤਾ ਜੀਤਾਂ ਜੀ ਨੇ ਤਿੰਨ ਪੁੱਤਰਾਂ ਨੂੰ ਜਨਮ ਦਿੱਤਾ—ਵੱਡਾ ਪੁੱਤਰ ਬਾਬਾ ਜੁਝਾਰ ਸਿੰਘ ਜੀ, ਉਸ ਤੋਂ ਛੋਟਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਉਸ ਤੋਂ ਛੋਟਾ ਬਾਬਾ ਫ਼ਤਹਿ ਸਿੰਘ ਜੀ ਸਨ। ਗੁਰੂ ਕਾ ਵੱਡਾ ਪੁੱਤਰ ਬਾਬਾ ਅਜੀਤ ਸਿੰਘ ਮਾਤਾ ਸੁੰਦਰੀ ਜੀ ਦੀ ਕੁੱਖ 'ਚੋਂ ਪੈਦਾ ਹੋਇਆ। ਇਕ ਦਿਨ ਵੱਡੇ ਪੁੱਤਰ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਵੱਲ ਵੇਖ ਕੇ ਮਾਤਾ ਜੀਤਾਂ ਜੀ ਭਰੇ ਦਰਬਾਰ ਵਿਚ ਗਲ ਵਿਚ ਪੱਲਾ ਪਾ ਕੇ ਬੇਨਤੀ ਕਰਦੇ ਹਨ—'ਹੇ ਮੇਰੇ ਹਜ਼ੂਰ ਦਾਤਾ ! ਲਾਡਲੇ ਜਵਾਨ ਹੋ ਗਏ ਹਨ, ਕਿਰਪਾ ਕਰੋ ਇਨ੍ਹਾਂ ਦੀਆਂ ਮੰਗਣੀਆਂ ਕਰਕੇ ਇਨ੍ਹਾਂ ਨੂੰ ਵਿਆਹੀਏ। ਦਿਲ ਕਰਦਾ ਹੈ ਕਿ ਨੂੰਹਾਂ ਦੇ ਡੋਲੇ ਘਰ ਵਿਚ ਆਉਣ ਤੇ ਮੈਂ ਪੋਤਰਿਆਂ ਵਾਲੀ ਬਣਾਂ। ਕੀ ਕਹਿ ਰਹੀ ਹੈ ਮਾਤਾ ਜੀਤਾਂ ਜੀ, ਇਉਂ ਪੇਸ਼ ਕੀਤਾ ਜਾ ਰਿਹਾ ਹੈ :—

## ਤਰਜ਼—ਦਿਲ ਦਿੱਤਾ ਨਹੀਂ ਸੀ ਠੋਕਰਾਂ ਲਵਾਉਣ ਵਾਸਤੇ

ਰੀਝਾਂ ਦਿਲ ਦੀਆਂ ਸਾਰੀਆਂ ਪੁਗਾਉਣ ਵਾਸਤੇ।
ਜੀਤਾਂ ਪੁੱਛਦੀ ਹੈ ਲਾਲਾਂ ਨੂੰ ਵਿਆਹੁਣ ਵਾਸਤੇ।

1. ਪੱਲਾ ਗਲ 'ਚ ਪਾ ਕੇ ਸੀਸ ਜੀਤਾ ਜੀ ਨਿਵਾਉਂਦੀ ਹੈ।
ਦਿਲ ਵਿਚ ਰੀਝ ਮੇਰੇ ਪਾਤਸ਼ਾਹ ਜੀ ਆਉਂਦੀ ਹੈ।
ਦਿਲ ਕਰਦੈ ਖ਼ੁਸ਼ੀ ਦੇ ਗੀਤ ਗਾਉਣ ਵਾਸਤੇ।
ਜੀਤਾਂ ਪੁੱਛਦੀ ਹੈ........

2. ਕਰਦਾ ਹੈ ਦਿਲ ਘਰ ਆਉਣ ਨੂੰਹਾਂ ਰਾਣੀਆਂ।
ਵੇਹੜੇ ਦੀਆਂ ਰੌਣਕਾਂ ਵਧਾਉਣ ਨੂੰਹਾਂ ਰਾਣੀਆਂ।
ਜੰਞ ਜੀਤ ਤੇ ਜੁਝਾਰ ਦੀ ਚੜ੍ਹਾਉਣ ਵਾਸਤੇ।
ਜੀਤਾਂ ਪੁੱਛਦੀ ਹੈ........

3. ਭਾਗਾਂ ਵਾਲੇ ਦਿਨ ਜੰਞ ਪੁੱਤ ਦੀ ਚੜ੍ਹਾਵਾਂ ਮੈਂ।
ਸਾਹਿਬ ਕੌਰ ਸੁੰਦਰੀ ਨਾਲ ਗੀਤ ਰਲ ਗਾਵਾਂ ਮੈਂ।
ਗੰਢਾ ਘੱਲ ਦਈਏ ਮੇਲ ਸਦਵਾਉਣ ਵਾਸਤੇ।
ਜੀਤਾ ਪੁੱਛਦੀ ਹੈ........

4. ਜੀਤ ਤੇ ਜੁਝਾਰ ਦੀਆਂ ਆਉਣ ਕਦੋਂ ਰਾਣੀਆਂ।
ਨੂੰਹਾਂ ਰਾਣੀਆਂ ਦੇ ਵਾਰਾਂ ਸਿਰ ਉਤੋਂ ਪਾਣੀਆਂ।
ਦਿਲ ਕਰਦਾ ਹੈ ਪੋਤਰੇ ਖਿਡਾਉਣ ਵਾਸਤੇ।
ਜੀਤਾਂ ਪੁੱਛਦੀ ਹੈ........

5. ਨੂੰਹਾਂ ਰਾਣੀਆਂ ਦੇ ਨਾਲ ਘਰ ਬਾਹਰ ਸੱਜਦਾ।
ਨੂੰਹਾਂ ਤੋਂ ਬਗੈਰ ਘਰ ਸੁੰਞਾ-ਸੁੰਞਾ ਲੱਗਦਾ।
ਦਿਲ ਕਰਦਾ ਹੈ ਰੌਣਕਾਂ ਵਧਾਉਣ ਵਾਸਤੇ।
ਜੀਤਾਂ ਪੁੱਛਦੀ ਹੈ........



6. ਚੁੱਪ ਕਾਹਤੋਂ ਬੈਠੇ ਬੋਲੋ ਮਿਹਰਾਂ ਦਿਆ ਸਾਂਈਆਂ ਜੀ।
ਕਰਦਾ ਜੀਅ ਮੈਂ ਲਵਾਂ ਜੱਗ ਤੋਂ ਵਧਾਈਆਂ ਜੀ।
ਦਿਲ ਕਰਦਾ ਹੈ ਦਾਦੀ ਅਖਵਾਉਣ ਵਾਸਤੇ।
ਜੀਤਾਂ ਪੁੱਛਦੀ ਹੈ........

7. ਬੋਲੇ ਦਸਮੇਸ਼ ਜੀਤਾਂ ਖੇਡ ਕਰਤਾਰ ਦੀ।
ਜੰਞ ਐਸੀ ਚੜ੍ਹੇ ਤੇਰੇ ਅਜੀਤ ਤੇ ਜੁਝਾਰ ਦੀ।
ਚਾਰੇ ਵਾਰ ਦੇਣੇ ਹਿੰਦ ਨੂੰ ਬਚਾਉਣ ਵਾਸਤੇ।
ਜੀਤਾ ਪੁੱਛਦੀ ਹੈ ਲਾਲਾਂ ਨੂੰ ਵਿਆਹੁਣ ਵਾਸਤੇ।

ਗੁਰੂ ਮਹਾਰਾਜ ਸੋਹਣੇ ਸਾਹਿਬਜ਼ਾਦਿਆਂ ਵੱਲ ਤੱਕ ਕੇ ਬੋਲੇ—ਜੀਤਾਂ ! ਇਹ ਦੁਨੀਆਦਾਰਾਂ ਵਾਂਗੂੰ ਆਪਾਂ ਪੁੱਤ ਨਹੀਂ ਵਿਆਹੁਣੇ ਤੇ ਨਾ ਮੰਗਣੇ ਹਨ। ਇਹਨਾਂ ਦੀਆਂ ਮੰਗਣੀਆਂ ਤਾਂ ਪਰਮਾਤਮਾ ਵੱਲੋਂ ਹੀ ਹੋ ਚੁੱਕੀਆਂ ਹਨ। ਕੀ ਕਹਿ ਰਹੇ ਹਨ ਮੇਰੇ ਦਾਤਾ ਜੀ, ਇਉਂ ਪੇਸ਼ ਕੀਤਾ ਜਾ ਰਿਹਾ ਹੈ :—

## ਟਰਨ

1.

ਕਲਗੀਧਰ ਜੀ ਗੱਲਾਂ ਹੱਸ ਕੇ ਕਹਿਣ ਪਿਆਰ ਦੀਆਂ।
ਇੰਝ ਹੋਣਗੀਆਂ ਸ਼ਾਦੀਆਂ ਤੇਰੇ ਅਜੀਤ ਜੁਝਾਰ ਦੀਆਂ।
ਥਾਂ-ਥਾਂ ਮੁਗ਼ਲ ਹਕੂਮਤ ਕਰਵਾਉਂਦੀ ਪਈ ਦੰਗੇ ਐ।
ਲਾਲ ਲਾਡਲੇ ਚਾਰੇ ਮੈਂ ਜੀਤਾ ਜੀ ਮੰਗੇ ਐ।

2.

ਇਥੇ ਫ਼ਰਕ ਨਹੀਂ ਹੋਣਾ ਛੋਟੀਆਂ ਵੱਡੀਆਂ ਉਮਰਾਂ ਦਾ।
ਚਾਰ ਦਿਨਾਂ ਵਿਚ ਵਿਆਹੇ ਜਾਣਾ ਚਾਰੇ ਕੁੰਮਰਾਂ ਦਾ।
ਉਸ ਲਾੜੀ ਨੂੰ ਵਰ੍ਹਦੇ ਬੰਦੇ ਗੈਰਤ ਵੰਦੇ ਐ।
ਲਾਲ ਲਾਡਲੇ ਚਾਰੇ........

3.

ਦੀਨ ਮਜ਼ਬ ਦੀ ਅੱਗ 'ਚ ਜੋਸ਼ ਜਵਾਲਾ ਭੜਕੂਗੀ।
ਇਕੱਠੀ ਹੋ ਹਕੂਮਤ ਆ ਅਨੰਦਪੁਰ 'ਤੇ ਕੜਕੂਗੀ।

ਬਹੁਤਾ ਜ਼ੁਲਮ ਕਮਾਉਣਾ ਜ਼ਾਲਮ ਪਾਪੀ ਔਰੰਗੇ ਐ।
ਲਾਲ ਲਾਡਲੇ ਚਾਰੇ........

4.

ਜੰਦ ਚੜ੍ਹੂਗੀ ਸਰਸਾ ਕੰਢਿਓਂ ਚੌਹਾਂ ਲਾਲਾਂ ਦੀ।
ਤੇਗਾਂ ਤੀਰਾਂ ਛਾਂਵੇਂ ਹੋਣੀ ਸੁੱਟ ਕਮਾਲਾਂ ਦੀ।
ਛੋਟੇ ਲਾਲ ਤੇ ਮਾਤਾ ਜੀ ਫੜਾਉਣੇ ਗੰਗੇ ਐ।
ਲਾਲ ਲਾਡਲੇ ਚਾਰੇ........

5.

ਲਾ ਕੇ ਚੋਟ ਨਗਾਰੇ ਲੱਖਾਂ ਮੂਹਰੇ ਬੁੱਕਣਗੇ।
ਜੀਤ ਜੁਝਾਰ ਪਿਆਰੇ ਵਿਚ ਚਮਕੌਰ ਦੇ ਢੁੱਕਣਗੇ।
ਤੇਗਾਂ ਤੀਰਾਂ ਤਲਵਾਰਾਂ ਨਾ ਜਾਣੇ ਡੰਗੇ ਐ।
ਲਾਲ ਲਾਡਲੇ ਚਾਰੇ........

6.

ਮਾਰ ਜਾਣਗੇ ਮੱਲਾਂ ਛੋਟੇ ਵੱਡੀ ਗੁਰਜ ਦੀਆਂ।
ਦਾਦੀ ਸੰਗ ਤਕਲੀਫ਼ਾਂ ਝੱਲਣਗੇ ਠੰਡੇ ਬੁਰਜ ਦੀਆਂ।
ਜਿਉਂਦੀ ਜਾਨੇਂ ਬੇਸ਼ੱਕ ਜਾਵਣ ਸੂਲੀ ਟੰਗੇ ਐ।
ਲਾਲ ਲਾਡਲੇ ਚਾਰੇ........

7.

ਮੌਤ ਵਰਨਗੇ ਚਾਰੇ ਉਸ ਦਾ ਕਰਕੇ ਆਦਰ ਨੂੰ।
ਹੋਵਣਗੇ ਪ੍ਰਵਾਨ ਫਿਰ ਗੁਰੂ ਤੇਗ ਬਹਾਦਰ ਨੂੰ।
'ਜਰਨੈਲ' ਕਵੀ ਨੇ ਲਿਖ ਦੇਣੇ ਛੰਦ ਰੰਗ-ਬਰੰਗੇ ਐ।
ਲਾਲ ਲਾਡਲੇ ਚਾਰੇ ਮੈਂ ਜੀ ਮੰਗੇ ਐ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦੱਸਿਆ ਤਾਂ ਰੱਬ ਜਾਣਦਾ ਹੈ ਕਿ ਮਾਤਾ ਜੀਤਾਂ ਜੀ ਦੇ ਦਿਲ ਵਿਚ ਕੀ ਆਈ। 1701 ਈ. ਦਾ ਨਿਭਾਗਾ ਦਿਨ ਚੱਲ ਰਿਹਾ ਸੀ। ਮਾਤਾ ਜੀਤਾਂ ਜੀ ਦੇ ਕੋਲ ਸਾਰਾ ਪਰਿਵਾਰ ਬੈਠਾ ਹੈ। ਮਾਤਾ ਜੀਤਾਂ ਜੀ ਜਿਵੇਂ ਚੜ੍ਹਾਈ ਕਰਦੀ ਹੈ, ਇਉਂ ਪੇਸ਼ ਹੈ :—

## ਬੈਂਤ

ਮੌਤ ਅਮਰ ਹੈ ਜੱਗ ਅੰਦਰ,
ਜਿਸ ਦੀ ਮਾਰ ਵਿਚ ਕੁੱਲ ਸੰਸਾਰ ਬੈਠਾ।



ਮੌਤ ਟਲੀ ਦਾ ਪੀਰ ਪੈਗੰਬਰਾਂ ਤੋਂ,
ਮੂਸਾ ਕਰ ਸੀ ਯਤਨ ਹਜ਼ਾਰ ਬੈਠਾ।
ਕਾਲ ਬੰਨ੍ਹਿਆ ਸੀ ਜਿੰਨੇ ਨਾਲ ਪਾਵੇ,
ਰਾਵਣ ਵੇਖ ਲਉ ਅੰਤ ਨੂੰ ਹਾਰ ਬੈਠਾ।
ਲਾੜੀ ਵਰਨ ਲਈ ਤੁਰੇ ਸੀ ਬੰਨ੍ਹ ਸਿਹਰੇ,
ਕਾਲ ਉਹਨਾਂ ਨੂੰ ਰਾਹ ਵਿਚ ਮਾਰ ਬੈਠਾ।
ਮਾਤਾ ਜੀਤਾਂ ਜੀ ਕੂਚ ਅੱਜ ਕਰਨਗੇ,
ਕੋਲ ਉਸ ਦੇ ਸਾਰਾ ਪਰਿਵਾਰ ਬੈਠਾ।
ਸਾਹਿਬ ਕੌਰ ਤੇ ਮਾਤਾ ਸੁੰਦਰੀ ਕੋਲ ਦੋਵੇਂ,
ਮਾਲਕ ਪੰਥ ਦਾ ਕਲਗੀਧਰ ਬੈਠਾ।
ਪਿਆਰੇ ਪੰਜ ਹਨ ਗੁਰੂ ਦਸਮੇਸ਼ ਜੀ ਦੇ,
ਛੋਟਾ ਵੱਡਾ ਕੁੱਲ ਜੱਥੇਦਾਰ ਬੈਠਾ।
ਜੀਤਾਂ ਕਹਿਣ ਲੱਗੀ ਮਾਤਾ ਗੁਜਰੀ ਨੂੰ,
ਮਾਤਾ ਮੇਰੀਏ ਆ ਜਾ ਪਿਆਰ ਕਰ ਲੈ।
ਪਿਆਰੀ ਜਾਨ ਤੋਂ ਜਿਹਨੂੰ ਤੂੰ ਸਮਝਦੀ ਸੈਂ,
ਸਿੜੀ ਉਸ ਦੀ ਹੱਥੀਂ ਤਿਆਰ ਕਰ ਲੈ।

❑

# ਸੁਣ ਦੇਸ਼ ਮੇਰੇ ਦੇ ਗੱਭਰੂਆ,
# ਕਰ ਰੀਸ ਚੰਗੇ ਇਨਸਾਨਾਂ ਦੀ ਕਾਫ਼ੀ

1.

ਉਨ੍ਹਾਂ ਮੰਜ਼ਿਲਾਂ ਉੱਤੇ ਪਹੁੰਚ ਗਏ ਜਿਨ੍ਹਾਂ ਉੱਚੇ ਮਿਥੇ ਨਿਸ਼ਾਨੇ ਸੀ।
ਜਦ ਦੇਸ਼ ਧਰਮ ਨੂੰ ਲੋੜ ਪਈ, ਸੜੇ ਸ਼ਮ੍ਹਾਂ 'ਤੇ ਹੱਸ ਪਰਵਾਨੇ ਸੀ।
ਧਰ ਤਲੀਆਂ ਉੱਤੇ ਸੀਸ ਲੜੇ, ਜਦ ਧਾੜ ਚੜ੍ਹੀ ਅਫ਼ਗਾਨਾਂ ਦੀ।
ਸੁਣ ਦੇਸ਼ ਮੇਰੇ ਦਿਆ ਗੱਭਰੂਆ, ਕਰ ਰੀਸ ਨੇਕ ਇਨਸਾਨਾਂ ਦੀ।

2.

ਪੁੱਤਰ ਜੋ ਅਣਖੀ ਮਾਵਾਂ ਦੇ, ਉਨ੍ਹਾਂ ਠੱਲ ਜਬਰ ਨੂੰ ਪਾ ਦਿੱਤੀ।
ਨਲੂਏ, ਰਣਜੀਤ, ਅਕਾਲੀ ਨੇ, ਦੁਨੀਆਂ ਵਿਚ ਧਾਂਕ ਜਮਾ ਦਿੱਤੀ।
ਜਿੱਥੇ ਬੰਦਾ ਸਿੰਘ ਦੀ ਤੇਗ ਚਲੀ, ਹੁੰਦੀ ਰਹੀ ਸੀ ਫ਼ਤਹਿ ਮੈਦਾਨਾਂ ਦੀ।
ਸੁਣ ਦੇਸ਼ ਮੇਰੇ ਦਿਆ........

3.

ਜਿਨ੍ਹਾਂ ਸਿੱਖਿਆ ਪੜ੍ਹਲੀ ਗੁਰੂਆਂ ਦੀ, ਜਾਬਰ ਦੇ ਸਾਵੇਂ ਅੜ ਗਏ ਉਹ।
ਜੋ ਟੇਟੇ ਚੜ੍ਹ ਗਏ ਨਸ਼ਿਆਂ ਦੇ, ਕਾਮੀ ਵਿਭਚਾਰੀ ਬਣ ਗਏ ਉਹ।
ਨਿੱਕਿਆਂ ਤੋਂ ਲੈ ਕੇ ਵੱਡਿਆਂ ਤੱਕ, ਅੱਜ ਪੱਗ ਰੁਲਦੀ ਪ੍ਰਧਾਨਾਂ ਦੀ।
ਸੁਣ ਦੇਸ਼ ਮੇਰੇ ਦਿਆ........

4.

ਉੱਚ ਵਿੱਦਿਆ ਜਿਨ੍ਹਾਂ ਪੜ੍ਹ ਲਈ, ਉੱਡ ਉੱਪਰ ਚੜ੍ਹ ਗਏ ਚੰਦਾਂ ਦੇ।
ਠੱਗ ਚੋਰਾਂ ਰਿਸ਼ਵਤ ਖ਼ੋਰਾਂ ਦੇ, ਢਿੱਡ ਪੋਲੇ ਵਾਂਗ ਮਸ਼ੰਦਾਂ ਦੇ।
ਹੱਕ ਆਪਣੇ ਉੱਪਰ ਸਬਰ ਕਰੋ, ਖੋਹ ਖਾਣਾ ਨੀਤ ਹੈਵਾਨਾਂ ਦੀ।
ਸੁਣ ਦੇਸ਼ ਮੇਰੇ ਦਿਆ........

5.

ਜੇ ਰੀਸ ਕਰੋਗੇ ਲਾਲੋ ਦੀ, ਨਾ ਖਾਣਾ ਤੁਹਾਡਾ ਜ਼ਹਿਰ ਬਣੂੰ।
ਜੇ ਰੀਸ ਕਰੋਗੇ ਭਾਗੋ ਦੀ, ਥੋਹ ਪੱਲ ਵਿਚ ਵੱਸਦਾ ਸ਼ਹਿਰ ਬਣੂੰ।



ਬਾਬਰ ਵੀ ਚੜ੍ਹ ਕੇ ਆ ਸਕਦੈ, ਜੋ ਆਕੜ ਭੰਨੂੰ ਖ਼ਾਨਾਂ ਦੀ।
ਸੁਣ ਦੇਸ਼ ਮੇਰੇ ਦਿਆ........

6.

ਗੰਦੇ ਗੀਤ ਤੇ ਫ਼ਿਲਮਾਂ ਦੇਖਣੀਆਂ, ਇਹ ਨਹੀਂ ਸੱਭਿਆਚਾਰ ਤੇਰਾ।
ਕਸਤੂਰੀ ਸਮਝੇ ਪਾਰੇ ਨੂੰ, ਹੋ ਜਾਊ ਭਵਿੱਖ ਬਿਮਾਰ ਤੇਰਾ।
ਇਹ ਧਰਤੀ ਪੂਰਨ ਭਗਤਾਂ ਦੀ, ਦਿਸੇ ਬਣਦੀ ਧਾੜ ਸ਼ੈਤਾਨਾਂ ਦੀ।
ਸੁਣ ਦੇਸ਼ ਮੇਰੇ ਦਿਆ........

7.

ਗੁਰੂਆਂ ਦੀ ਨਗਰੀ ਵਿਚ ਜੰਮ ਕੇ, ਕਰਦੇ ਰਹੇ ਜੋ ਬਲੈਕਾਂ ਨੂੰ।
ਪੁੱਤ ਪੋਤੇ ਅੱਜ ਉਨ੍ਹਾਂ ਦੇ, ਲੱਗ ਪਏ ਨੇ ਪੀਣ ਸਮੈਕਾਂ ਨੂੰ।
ਢਹਿ ਜਾਵੇ ਛੇਤੀ ਉਸਰ ਕੇ, ਕੱਚੀ ਜੋ ਨੀਂਹ ਮਕਾਨਾਂ ਦੀ।
ਸੁਣ ਦੇਸ਼ ਮੇਰੇ ਦਿਆ........

8.

ਕਿੱਕਰ ਤੇ ਕੱਲੂ ਫ਼ਤਹਿ ਸਿਉਂ, ਬਲ ਬਹੁਤਾ ਸੀ ਬਲਵਾਨਾਂ 'ਚ।
ਕਈ ਗਾਮੇ, ਮੀਦੇ ਰੋਲ ਛੱਡੇ, ਪਾਉਂਦੇ ਰਹੇ ਫ਼ਤਹਿ ਮੈਦਾਨਾਂ 'ਚ।
ਕਰਤਾਰ ਕਬੂਤਰ ਭਜਣ ਜਹੇ ਕਈ ਚੰਦੂ ਜਹੇ ਪਹਿਲਵਾਨਾਂ ਦੀ।
ਸੁਣ ਦੇਸ਼ ਮੇਰੇ ਦਿਆ........

9.

ਸਹਿੱਤਕਾਰ ਤੇ ਲੇਖਕ ਜਿੰਨੇ ਵੀ ਪੜ੍ਹ ਲਿਖ ਕੇ ਉਹ ਵਿਦਵਾਨ ਬਣੇ।
ਸੀਤਲ ਤੇ ਦਿਲਬਰ ਪੰਛੀ ਜੀ, ਮਸਕੀਨ ਜਿਹੇ ਮਹਾਨ ਬਣੇ।
'ਜਰਨੈਲ' ਤੇ 'ਜੋਗੀ ਬੈਂਕੇ' ਦੀ, ਅੱਜ ਵੱਖਰੀ ਗੱਲ ਦੀਵਾਨਾਂ ਦੀ।
ਸੁਣ ਦੇਸ਼ ਮੇਰੇ ਦਿਆ........

10.

ਚੰਗੇ ਦੀ ਸੰਗਤ ਚੰਗੀ ਏ, ਮਾੜੇ ਦੀ ਸੰਗਤ ਮਾੜੀ ਏ।
ਕਈ ਪੂਜਾ ਕਰਦੇ ਮਾਪਿਆਂ ਦੀ, ਕਈ ਪੁੱਟਦੇ ਵੇਖੇ ਦਾੜ੍ਹੀ ਏ।
ਕਵੀ ਅਮਰਜੀਤ ਸਿੰਘ ਧੁੜ ਮੰਗੇ, ਸਿੱਖ ਪੰਥ ਦੇ ਵਿਦਵਾਨਾਂ ਦੀ।
ਸੁਣ ਦੇਸ਼ ਮੇਰੇ ਦਿਆ ਗੱਭਰੂਆ, ਕਰ ਰੀਸ ਨੇਕ ਇਨਸਾਨਾਂ ਦੀ।

# ਮੌਤ ਨੂੰ ਯਾਦ ਮੂਰਖਾ,
# ਹਰ ਵੇਲੇ ਰੱਖਿਆ ਕਰ
## ਝੋਕ

1.

ਯਾਦ ਰੱਖ ਮ੍ਰਿਤ ਮੰਡਲ ਵਿਚ ਬੰਦਿਆ ਤੂੰ ਆਇਆ ਏਂ।
ਮਾਨਸ ਦੇਹ ਦੇ ਕੇ ਤੈਨੂੰ ਜਿਸ ਨੇ ਘਲਾਇਆ ਏ।
ਮਰਨੇ ਦਾ ਵੀ ਸਮਾਂ ਤੇਰਾ ਨਾਲ ਲਿਖਾਇਆ ਏ।
ਦੁਸ਼ਮਣ ਦੀ ਮੌਤ ਵੇਖ ਕੇ ਦਿਲ ਵਿਚ ਨਾ ਹੱਸਿਆ ਕਰ,
ਮੌਤ ਨੂੰ ਯਾਦ ਮੂਰਖਾ, ਹਰ ਵੇਲੇ ਰੱਖਿਆ ਕਰ।
ਐਵੇਂ ਕਿਉਂ ਭੁੱਲਿਆ ਫਿਰਦਾ।

1.

ਜੋਸ਼ ਜਵਾਨੀ ਜੋਬਨ ਜਿਸ 'ਤੇ ਤੂੰ ਭੂਤਰਦਾ,
ਪੰਜ ਤੱਤ ਦੀ ਦੇਹ ਦਾ ਪੁਤਲਾ ਭਰਿਆ ਮਲ-ਮੂਤਰ ਦਾ।
ਮੌਤ ਦਾ ਬਾਜ਼ ਘੁੱਟ ਦਊ ਗਲਾ ਕਬੂਤਰ ਦਾ।
ਮੂਰਖ ਮਨ ਐਵੇਂ ਫਿਰਦਾ ਭਰਿਆ ਅਭੀਮਾਨ ਦਾ।
ਕਰ ਲੈ ਤੂੰ ਮਨਾਂ ਮੂਰਖਾ, ਸਿਮਰਨ ਭਗਵਾਨ ਦਾ।
ਮੁੜ ਕੇ ਨਹੀਂ ਲੱਭਣਾ ਵੇਲਾ।

2.

ਭੰਨ ਦੇਣਾ ਕਿਲ੍ਹਾ ਮੌਤ ਨੇ, ਆਕੜੀ ਧੌਣ ਦਾ।
ਹੋਇਆ ਕੀ ਹਸ਼ਰ ਜਗਤ ਵਿਚ, ਵੇਖ ਲੈ ਰੋਣ ਦਾ।
ਨਿਕਲਿਆ ਨਤੀਜਾ ਕੀ, ਹੱਥ ਸੀਤਾ ਨੂੰ ਪਾਉਣ ਦਾ।
ਵੇਖ ਕੇ ਹੱਕ ਪਰਾਇਆ, ਐਵੇਂ ਨਾ ਮੱਚਿਆ ਕਰ।
ਮੌਤ ਨੂੰ ਯਾਦ ਮੂਰਖਾ ਹਰ ਵੇਲੇ ਰੱਖਿਆ ਕਰ।
ਐਵੇਂ ਕਿਉਂ ਭੁੱਲਿਆ ਫਿਰਦਾ ?



2.

ਗੁੱਸਾ ਨਾ ਕਰੀਂ ਮੂਰਖਾ, ਸੱਚੀ ਗੱਲ ਆਖੀ ਦਾ।
ਯੁੱਗਾਂ ਤੋਂ ਲੰਮਾ ਸੁਣਿਆ, ਗੇੜ ਚੌਰਾਸੀ ਦਾ।
ਲੱਭਣਾ ਨਹੀਂ ਗਲ 'ਚੋਂ ਰੱਸਾ, ਮੌਤ ਦੀ ਫਾਂਸੀ ਦਾ।
ਨਿਕਲੂ ਕੀ ਫ਼ਾਇਦਾ ਮੂਰਖਾ, ਮਗਰੋਂ ਪਛਤਾਉਣ ਦਾ।
ਕਰ ਲੈ ਤੂੰ ਮਨਾਂ ਮੂਰਖਾ, ਸਿਮਰਨ ਭਗਵਾਨ ਦਾ।
ਮੁੜ ਕੇ ਨਹੀਂ ਲੱਭਣਾ ਵੇਲਾ।

3.

ਔਗਣਾਂ ਭਰਿਆ ਬੰਦਾ, ਬਣਦਾ ਦੁੱਧ ਧੋਤਾ ਹੈ।
ਦੁਨੀਆਂ ਦੇ ਹਰ ਸੁੱਖ ਪਿੱਛੇ, ਦੁੱਖ ਹੀ ਖਲੋਤਾ ਹੈ।
ਦਾਦੇ ਨੂੰ ਮੱਤਾਂ ਦਿੰਦਾ, ਨਿੱਕਾ ਜਿਹਾ ਪੋਤਾ ਹੈ।
ਸ਼ਹਿਦ 'ਤੇ ਮੱਖੀ ਵਾਂਗੂੰ, ਮੁੜ-ਮੁੜ ਨਾ ਫਸਿਆ ਕਰ।
ਮੌਤ ਨੂੰ ਯਾਦ ਮੂਰਖਾ, ਹਰ ਵੇਲੇ ਰੱਖਿਆ ਕਰ।
ਐਵੇਂ ਕਿਉਂ ਭੁੱਲਿਆ ਫਿਰਦਾ ?

3.

ਆਖ਼ਰ ਨੂੰ ਫ਼ੇਲ੍ਹ ਹੋਵਣਾ, ਤੇਰਿਆਂ ਪ੍ਰਬੰਧਾਂ ਨੇ।
ਦੇਣਾ ਹੈ ਜਵਾਬ ਤੈਨੂੰ, ਤੇਰਿਆਂ ਸੰਦਾਂ ਨੇ।
ਹੱਥ ਨਾ ਪੈਰ ਤੁਰਨਗੇ, ਉਖੜਨਾ ਦੰਦਾਂ ਨੇ।
ਮਿੱਟੀ ਦਾ ਮਾਧੋ ਰਹਿ ਜਾਊ ਮਿੱਟੀ ਨੂੰ ਛਾਣਦਾ।
ਕਰ ਲੈ ਤੂੰ ਮਨਾਂ ਮੂਰਖਾ, ਸਿਮਰਨ ਭਗਵਾਨ ਦਾ।
ਮੁੜ ਕੇ ਨਹੀਂ ਲੱਭਣਾ ਵੇਲਾ।

4.

ਪੜ੍ਹ ਕੇ ਤੂੰ ਸਾਖੀ ਵੇਖ ਲੈ, ਭਗਤ ਪ੍ਰਹਿਲਾਦ ਦੀ।
ਉਸ ਦਾ ਬਾਪ ਦੁਸ਼ਟ ਸੀ, ਜੜ੍ਹ ਫ਼ਸਾਦ ਦੀ।
ਪੜ੍ਹਦਾ ਰਿਹਾ ਭਗਤ ਸੀ, ਫੱਟੀ ਰਾਮ ਦੀ ਯਾਦ ਦੀ।
ਐਵੇਂ ਨਾ ਸੂਰਜ ਬਣ ਕੇ ਮਾੜੇ 'ਤੇ ਭਖਿਆ ਕਰ।
ਮੌਤ ਨੂੰ ਯਾਦ ਮੂਰਖਾ, ਹਰ ਵੇਲੇ ਰੱਖਿਆ ਕਰ।
ਐਵੇਂ ਕਿਉਂ ਭੁੱਲਿਆ ਫਿਰਦਾ ?

4.

ਊਚ ਤੇ ਨੀਚ ਵਾਲੇ, ਢੋਲ ਅੱਜ ਪਿੱਟੀ ਦੇ।
ਬੰਦਿਆਂ ਦੇ ਹੱਥੋਂ ਬੰਦੇ, ਵੇਖੇ ਮੈਂ ਛਿੱਟੀ ਦੇ।
ਮਿੱਟੀ ਦੇ ਪੁਤਲੇ ਆਖ਼ਰ, ਮਿਲਦੇ ਵਿਚ ਮਿੱਟੀ ਦੇ।
ਲਾਹ ਦੇਣਾ ਨਸ਼ਾ ਮੌਤ ਨੇ, ਹੈਂਕੜ ਦੀ ਭਾਨ ਦਾ।
ਕਰ ਲੈ ਤੂੰ ਮਨਾਂ ਮੂਰਖਾ, ਸਿਮਰਨ ਭਗਵਾਨ ਦਾ।
ਮੁੜ ਕੇ ਨਹੀਂ ਲੱਭਣਾ ਵੇਲਾ।

5.

ਕਹਿੰਦਾ ਮਨ ਮੇਰਾ, ਤੂੰ ਤਾਂ ਸੱਚਾ ਜਰਨੈਲ ਨਹੀਂ।
ਧਰਮ ਦਾ ਬਾਣਾ ਪਾ ਕੇ, ਛੱਡੇ ਬਦਫੈਲ ਨਹੀਂ।
ਬਾਣੀ ਦੇ ਬਾਣ ਨਾਲ, ਹੋਇਆ ਮਨ ਘੈਲ ਨਹੀਂ।
ਭਗਵਾਨ ਨੂੰ ਕਰ ਯਾਦ ਮੇਜਰਾ, ਬਦੀਆਂ ਤੋਂ ਬਚਿਆ ਕਰ।
ਮੌਤ ਨੂੰ ਯਾਦ ਮੂਰਖਾ, ਹਰ ਵੇਲੇ ਰੱਖਿਆ ਕਰ।
ਐਵੇਂ ਕਿਉਂ ਭੁੱਲਿਆ ਫਿਰਦਾ।

5.

ਸੋਂਹਦੇ ਨਾ ਛੰਦ ਸ਼ਾਇਰ ਨੂੰ, ਲਿਖਣੇ ਜੋ ਨਕਲਾਂ ਦੇ।
ਅੱਟੀ ਮੁੱਲ ਪੈਂਦੇ ਵੇਖੇ, ਯੂਸਫ਼ ਜਿਹਿਆਂ ਸ਼ਕਲਾਂ ਦੇ।
ਵੇਖੇ ਮੈਂ ਭੱਠ ਝੋਕਦੇ, ਮਾਲਕ ਜੋ ਅਕਲਾਂ ਦੇ।
ਅਰਸ਼ਾਂ ਤੋਂ ਫ਼ਰਸ਼ ਡਿੱਗਿਆਂ, ਤਖ਼ਤ ਸੁਲੇਮਾਨ ਦਾ।
ਕਰ ਲੈ ਤੂੰ ਮਨਾਂ ਮੂਰਖਾ, ਸਿਮਰਨ ਭਗਵਾਨ ਦਾ।
ਮੁੜ ਕੇ ਨਹੀਂ ਲੱਭਣਾ ਵੇਲਾ।

❑



# ਜ਼ਾਲਮ ਧਿਆਨ ਸਿੰਘ ਡੋਗਰੇ ਅਤੇ ਕੰਵਰ ਨੌਨਿਹਾਲ ਸਿੰਘ ਦੇ ਸਵਾਲ ਤੇ ਜਵਾਬ

ਛੱਜੇ ਥੱਲੇ ਆ ਕੇ ਜ਼ਖ਼ਮੀ ਹੋਏ ਕੰਵਰ ਨੇ ਪਾਣੀ ਦੀ ਘੁੱਟ ਮੰਗੀ ਤੇ ਪੱਥਰ ਦਿਲ ਧਿਆਨ ਸਿੰਘ ਡੋਗਰੇ ਨੇ ਕੀ ਜਵਾਬ ਦਿੱਤਾ :—

## ਝੋਕ

1. ਆਈ ਜਦ ਹੋਸ਼ ਕੰਵਰ ਨੂੰ ਬੋਲਿਆ ਦਲੇਰ ਜੀ।
ਹੋਇਆ ਸੀ ਜ਼ਖ਼ਮੀ ਭਾਵੇਂ ਮਾਤਾ ਦਾ ਸ਼ੇਰ ਜੀ।
ਮਾਰਦਾ ਨਿਗ੍ਹਾ ਉੱਠ ਕੇ ਚਾਰ ਚੁਫੇਰ ਜੀ।
ਪਾਪੀ ਧਿਆਨ ਸਿੰਘ ਨੂੰ ਆਖ ਸੁਣਾਉਂਦਾ ਏ।
ਮਾਤਾ ਨੂੰ ਮਿਲਣ ਵਾਸਤੇ, ਵਾਸਤੇ ਪਾਉਂਦਾ ਏ,
ਅੱਗੇ ਧਿਆਨ ਸਿੰਘ ਦੇ।

1. ਬੋਲਦਾ ਧਿਆਨ ਸਿੰਘ ਹੈ ਮੱਥੇ ਵੱਟ ਪਾ ਕੇ ਤੇ।
ਆਖੇ ਕੰਵਰ ਸਾਹਿਬ ਨੂੰ ਇੰਜ ਸੁਣਾ ਕੇ ਤੇ।
ਧੁਰ ਦੀਆਂ ਟਿਕਟਾਂ ਤੁਹਾਨੂੰ ਦਿੰਦਾ ਕਟਵਾ ਕੇ।
ਥੋੜੀ ਗੱਲ ਪਿੱਛੇ ਕਾਹਨੂੰ ਹੋਣਾ ਨਿਰਾਸ਼ ਜੀ।
ਭੇਜਦਾ ਤੈਨੂੰ ਤੇਰੇ ਬਾਪੂ ਦੇ ਪਾਸ ਜੀ।
ਮਿਲ ਕੇ ਕੀ ਲੈਣਾ ਮਾਂ ਨੂੰ ?

2. ਕੀਤਾ ਹੈ ਬੰਦ ਕਾਸ ਨੂੰ ਬੂਹਾ ਤਾਂ ਲਾਹ ਦਿਉ ਜੀ।
ਬੀਤੀ ਕੀ ਊਧਮ ਸਿੰਘ ਨਾ ਖੋਲ੍ਹ ਕੇ ਸੁਣਾ ਦਿਉ ਜੀ।
ਪੈਂਦੀ ਹੈ ਘੇਰ ਕਾਲਜੇ ਪਾਣੀ ਪਿਲਾ ਦਿਉ ਜੀ।
ਪਾਣੀ ਦੇ ਬਾਝੋਂ ਮੇਰਾ ਦਿਲ ਘਬਰਾਉਂਦਾ ਏ।
ਮਾਤਾ ਨੂੰ ਮਿਲਣ ਵਾਸਤੇ, ਵਾਸਤੇ ਪਾਉਂਦੇ ਏ,
ਅੱਗੇ ਧਿਆਨ ਸਿੰਘ ਦੇ।

2. ਤੈਨੂੰ ਮੈਂ ਊਧਮ ਸਿੰਘ ਦੇ ਪਾਸ ਪੁਚਾ ਦਿੰਦਾਂ।
ਮਿਲ ਕੇ ਕੀ ਲੈਣਾ ਮਾਂ ਨੂੰ, ਬਾਪ ਮਿਲਾ ਦਿੰਦਾਂ।
ਪੈਂਦੀ ਜੋ ਘੇਰ ਕਾਲਜੇ ਹੁਣੇ ਹਟਾ ਦਿੰਦਾਂ।

ਪਾਣੀ ਥਾਂ ਦਿੰਦਾ ਤੈਨੂੰ ਸ਼ਰਬਤ ਗਲਾਸ ਜੀ।
ਭੇਜਦਾ ਤੈਨੂੰ ਤੇਰੇ ਬਾਪ ਦੇ ਪਾਸ ਜੀ।
ਮਿਲ ਕੇ ਕੀ ਲੈਣਾ ਮਾਂ ਨੂੰ ?

3. ਬੋਲੇ ਫਿਰ ਕੰਵਰ ਸਾਹਿਬ ਜੀ ਦੋਨੋਂ ਹੱਥ ਜੋੜ ਜੀ।
ਮੈਥੋਂ ਲਿਖਾ ਲਉ ਜੇਕਰ ਰਾਜ ਦੀ ਲੋੜ ਜੀ।
ਵੇਖਿਉ ਮਾਂ ਤੋਂ ਮੈਨੂੰ ਦਿਉ ਨਾ ਵਿਛੋੜ ਜੀ।
ਮੈਥੋਂ ਲਿਖਵਾ ਲਉ ਹੱਥੀਂ ਜੋ ਵੀ ਚਿੱਤ ਚਾਹੁੰਦਾ ਏ।
ਮਾਤਾ ਨੂੰ ਮਿਲਣ ਵਾਸਤੇ, ਵਾਸਤੇ ਪਾਉਂਦਾ ਏ,
ਅੱਗੇ ਧਿਆਨ ਸਿੰਘ ਦੇ।

3. ਚੋੜਾ ਹੋ ਧਿਆਨ ਸਿੰਘ ਆਖ ਸੁਣਾਇਆ ਹੈ।
ਗੱਲਾਂ ਦਾ ਟਾਈਮ ਨਹੀਂ ਹੁਣ ਵਕਤ ਸਵਾਇਆ ਹੈ।
ਬਾਹਵਾਂ ਤੋਂ ਫੜ ਕੇ ਲੰਮਾ ਪੁਲੰਗੇ 'ਤੇ ਪਾਇਆ ਹੈ।
ਹੀਰਾ ਜੋ ਚੰਦ ਕੌਰ ਦਾ ਰੋਲ'ਤਾ ਖ਼ਾਕ ਜੀ।
ਭੇਜਦਾ ਤੈਨੂੰ ਤੇਰੇ ਬਾਪ ਦੇ ਪਾਸ ਜੀ।
ਮਿਲ ਕੇ ਕੀ ਲੈਣਾ ਮਾਂ ਨੂੰ ?

4. ਬਾਦਸ਼ਾਹ ਪਿੰਜਰੇ ਪਾਇਆ ਪਾਪੀ ਵਜ਼ੀਰ ਨੇ।
ਕੇਲੇ ਨੂੰ ਦਿੱਤਾ ਧੋਖਾ ਆਖ਼ਰ ਕਰੀਰ ਨੇ।
ਅਰਸ਼ਾਂ ਤੋਂ ਫ਼ਰਸ਼ ਡੇਗਿਆ ਪਾਪਣ ਤਕਦੀਰ ਨੇ।
ਸ਼ਾਹਾਂ ਤੋਂ ਪਲਾਂ ਦੇ ਅੰਦਰ ਭੀਖ ਮੰਗਵਾਉਂਦਾ ਏ।
ਮਾਤਾ ਨੂੰ ਮਿਲਣ ਵਾਸਤੇ, ਵਾਸਤੇ ਪਾਉਂਦਾ ਏ,
ਅੱਗੇ ਧਿਆਨ ਸਿੰਘ ਦੇ।

4. ਚੁੱਕ ਚੁੱਕ ਕੇ ਪੱਥਰ ਪਾਪੀ ਕੰਵਰ ਦੇ ਮਾਰੇ ਜੀ।
ਫੇਹ 'ਤਾ ਹੈ ਸੀਸ ਕੰਵਰ ਦਾ ਪਾਪੀ ਹਤਿਆਰੇ ਜੀ।
ਦੱਸੇ 'ਜਰਨੈਲ ਸਿੰਘ ਕੀ ਉਸ ਦੇ ਦੁੱਖ ਸਾਰੇ ਜੀ।
ਹੱਦੋਂ ਵਧ ਕੀਤਾ ਪਾਪੀ ਧਿਆਨੇ ਨੇ ਪਾਪ ਜੀ।
ਭੇਜਦਾ ਤੈਨੂੰ ਤੇਰੇ ਬਾਪ ਦੇ ਪਾਸ ਜੀ।
ਮਿਲ ਕੇ ਕੀ ਲੈਣਾ ਮਾਂ ਨੂੰ ?



## ਪ੍ਰਸੰਗ :

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅੰਤਮ ਸਮਾਂ

ਭਾਈ ਨੰਦ ਲਾਲ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਸਮੇਂ ਦੇ ਰਾਜਸੀ ਹਾਲਾਤਾਂ ਨੂੰ ਮੁੱਖ ਰੱਖ ਕੇ ਬਹਾਦਰ ਸ਼ਾਹ ਦੇ ਹੱਕ ਵਿਚ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤਰਲਾ ਇਉਂ ਮਾਰਿਆ :—

## ਬੈਂਤ

ਨੰਦ ਲਾਲ ਨੇ ਜੋੜ ਹੱਥ ਅਰਜ਼ ਕੀਤੀ,
ਸੁਣੋ ਬੇਨਤੀ ਮੇਰੀ ਮਿਹਰਵਾਨ ਦਾਤਾ !
ਆਸ ਰੱਖ ਕੇ ਤੁਸਾਂ ਦਰ ਆ ਗਿਆ,
ਸੇਵਾਦਾਰ ਦਾ ਰੱਖਣਾ ਏ ਮਾਣ ਦਾਤਾ।
ਬਾਦਸ਼ਾਹ ਔਰੰਗੇ ਦੀ ਮੌਤ ਹੋ ਗਈ,
ਪੜ੍ਹ ਕੇ ਤੁਸਾਂ ਦੇ ਸਖ਼ਤ ਫ਼ਰਮਾਨ ਦਾਤਾ।
ਪੁੱਤ ਉਸ ਦੇ ਆਪਸ ਵਿਚ ਛੁੱਟ ਗਏ ਨੇ,
ਹੋਣ ਲੱਗਾ ਹੈ ਬੜਾ ਘਮਸਾਨ ਦਾਤਾ।
ਤਾਰਾ ਆਜ਼ਮ ਚੰਡਾਲ ਹੈ ਬਾਪ ਵਰਗਾ,
ਚਾਹੁੰਦਾ ਮੱਲਣਾ ਹਿੰਦੋਸਤਾਨ ਦਾਤਾ।
ਬਾਈ ਲੱਖ ਹੈ ਉਸ ਦੇ ਫ਼ੌਜ ਕਬਜ਼ੇ,
ਕਰ ਰਿਹਾ ਹੈ ਆਪ ਕਮਾਨ ਦਾਤਾ।
ਜੇਕਰ ਉਸ ਨੇ ਰਾਜ ਨੂੰ ਖੋਹ ਲਿਆ,
ਬੜਾ ਦੇਸ਼ ਦਾ ਹੋਵੇਗਾ ਨੁਕਸਾਨ ਦਾਤਾ।
ਅੱਗੇ ਵਾਂਗਰਾਂ ਫੇਰ ਦੇਸ਼ ਅੰਦਰ,
ਜਾਣੇ ਲੱਥ ਬੇਦੋਸ਼ਾਂ ਦੇ ਘਾਣ ਦਾਤਾ।
ਬਹਾਦਰ ਸ਼ਾਹ ਹੈ ਆਦਮੀ ਨੇਕ ਬੰਦਾ,
ਪੜ੍ਹਿਆ ਲਿਖਿਆ ਚੰਗਾ ਇਨਸਾਨ ਦਾਤਾ।

ਜੇਕਰ ਉਸ ਦੀ ਕਰੋ ਇਮਦਾਦ ਤੁਸੀਂ,
ਆਪ ਪਹੁੰਚ ਕੇ ਵਿਚ ਮੈਦਾਨ ਦਾਤਾ।
ਹੋਵੇ ਜਿੱਤ ਸ਼ਹਿਜ਼ਾਦੇ ਦੀ ਜੰਗ ਅੰਦਰ,
ਝੂਲ ਫ਼ਤਹਿ ਦੇ ਜਾਣ ਨਿਸ਼ਾਨ ਦਾਤਾ।
ਦਿੱਲੀ ਤਖ਼ਤ ਦੁਆ ਦਿਉ ਉਸ ਤਾਈਂ,
ਤੁਹਾਡਾ ਭੁਲਾਂ ਨਾ ਕਦੇ ਅਹਿਸਾਨ ਦਾਤਾ।

ਭਾਈ ਨੰਦ ਲਾਲ ਦੀ ਬੇਨਤੀ ਮੰਨ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਕਹਿ ਦਿੱਤਾ— ਤੁਸੀਂ ਬਹਾਦਰ ਸ਼ਾਹ ਨੂੰ ਕਹਿ ਦਿਉ, ਉਹ ਤਕੜਾ ਹੋ ਕੇ ਲੜੇ। ਜਦੋਂ ਪਿੜ ਪੈ ਜਾਏ, ਮੈਂ ਖ਼ਾਲਸਾ ਫ਼ੌਜ ਭੇਜ ਦਿਆਂਗਾ ਅਤੇ ਉਹਦੀ ਡੱਟ ਕੇ ਮਦਦ ਕੀਤੀ ਜਾਵੇਗੀ। ਜਾਜੋ ਦੇ ਮੈਦਾਨ ਵਿਚ ਦੋਹਾਂ ਭਰਾਵਾਂ ਦੀ ਟੱਕਰ ਹੋਈ। ਬੜੀ ਬਹਾਦਰੀ ਨਾਲ ਦੋਵੇਂ ਦਲ ਲੜ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ 200 ਜਵਾਨ ਬਹਾਦਰ ਸ਼ਾਹ ਦੀ ਮਦਦ ਉੱਤੇ ਭੇਜ ਦਿੱਤਾ। ਲੜਦੇ-ਲੜਦੇ ਤਾਰਾ ਆਜ਼ਮ ਦੇ ਮੱਥੇ ਵਿਚ ਤੀਰ ਵੱਜਾ ਤੇ ਉਹ ਡਿੱਗ ਪੈਂਦਾ ਹੈ। ਤਾਰਾ ਆਜ਼ਮ ਦੀ ਮੌਤ ਹੋ ਗਈ। ਉਹਦੀ ਫ਼ੌਜ ਮੈਦਾਨ ਵਿੱਚੋਂ ਦੌੜ ਗਈ। ਤਾਰਾ ਆਜ਼ਮ ਦੇ ਜਦੋਂ ਮੱਥੇ ਵਿੱਚੋਂ ਤੀਰ ਪੁੱਟ ਕੇ ਵੇਖਿਆ ਤਾਂ ਉਹ ਸਵਰਨਮੁਖੀ ਤੀਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤੀਰ ਸੀ। ਮਾਰਿਆ ਗਿਆ ਚੰਡਾਲ ਤੇ ਬਹਾਦਰ ਸ਼ਾਹ ਨੇ ਤਖ਼ਤ ਸੰਭਾਲ ਲਿਆ ਹੈ।

ਏਧਰ ਗੁਰੂ ਗੋਬਿੰਦ ਸਿੰਘ ਜੀ ਦੁਨੀਆਂ ਨੂੰ ਤਾਰਦੇ ਹੋਏ ਆਗਰੇ ਪਹੁੰਚੇ ਹਨ। ਹਿੰਦੋਸਤਾਨ ਦੇ ਬਾਦਸਾਹ ਦਾ ਦਰਬਾਰ ਸਜਿਆ ਹੋਇਆ ਸੀ। ਅਮੀਰ ਤੇ ਵਜ਼ੀਰ ਬੈਠੇ ਹੋਏ ਹਨ। ਹਿੰਦੋਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਬੜਾ ਮਾਣ ਕੀਤਾ। ਸਤਿਗੁਰਾਂ ਨੂੰ ਤਖ਼ਤ 'ਤੇ ਬਿਠਾਇਆ। ਪੀਰਾਂ ਦੀ ਤਰ੍ਹਾਂ ਸਤਿਕਾਰ ਕੀਤਾ। ਇਸ ਮੌਕੇ 'ਤੇ ਸੂਬਾ ਸਰਹਿੰਦ ਦੇ ਪੱਖੀ ਲੋਕ ਸੜ ਬਲ ਕੇ ਕੋਲੇ ਹੋਏ ਪਏ ਸਨ। ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦਰ ਸ਼ਾਹ ਦੀ ਨੇੜਤਾ ਚੰਗੀ ਨਹੀਂ ਸੀ ਲੱਗਦੀ। ਇਕ ਸੱਜਣ ਬੈਠਾ ਹੈ ਜੋ ਸੂਬਾ ਸਰਹਿੰਦ ਦਾ ਪੱਖੀ ਸੀ। ਗੱਲ ਚੱਲੀ ਤਾਂ ਹਜ਼ੂਰ, ਬਹਾਦਰ ਸ਼ਾਹ ਨੂੰ ਹੱਸ ਕੇ ਕਹਿਣ ਲੱਗੇ, "ਅਸੀਂ ਆਪਣਾ ਵਾਅਦਾ ਪੂਰਾ ਕਰ ਦਿੱਤਾ ਹੈ ਤੇ ਹੁਣ ਤੂੰ ਸਾਡੀਆਂ ਸ਼ਰਤਾਂ ਪੂਰੀਆਂ ਕਰ। ਉਹ ਬੰਦੇ ਫੜਾ ਜਿਨ੍ਹਾਂ ਨੇ ਮੇਰੇ ਪੁੱਤਰਾਂ ਅਤੇ ਮੇਰੀ ਕੌਮ 'ਤੇ ਜ਼ੁਲਮ ਕੀਤੇ ਹਨ।" ਕੀ ਕਹਿੰਦੇ ਹਨ ਮੇਰੇ ਦਾਤਾ ਜੀ, ਇਉਂ ਪੇਸ਼ ਹੈ :—

## ਤਰਜ਼

1.

ਕਿਹਾ ਦਸਮੇਸ਼ ਗੁਰਾਂ ਨੇ ਗੱਲ ਸੁਣ ਲੈ ਬਹਾਦਰ ਸ਼ਾਹ ਮੇਰੀ।
ਅਸੀਂ ਵਾਅਦੇ ਪੂਰੇ ਕਰਤੇ ਜਿਹੜੀ ਦਿਲ ਦੀ ਰੀਝ ਸੀ ਤੇਰੀ।



ਹੁਣ ਵਾਰੀ ਆ ਗਈ ਤੁਸਾਂ ਦੀ, ਪੂਰੇ ਕਰ ਦੇ ਕਰੇ ਜੋ ਵਾਅਦੇ।
ਵੈਰੀ ਜਿਹੜੇ ਸਿੱਖ ਕੌਮ ਦੇ, ਹੁਣ ਬਾਦਸ਼ਾਹ ਅਸਾਂ ਨੂੰ ਫੜਾ ਦੇ।

2.

ਜ਼ਾਲਮ ਜਲਾਦਦੀਨ ਜੋ ਬਾਪ ਸਾਡੇ 'ਤੇ ਚਲਾਈ ਤੇਗ ਉਹਨੇ।
ਦੂਜਾ ਹੈ ਅਲੀ ਹੁਸੈਨ ਖ਼ਾਂ ਜੋ ਖਾ ਕੇ ਕਸਮ ਭੁਲਾਈ ਉਹਨੇ।
ਸ਼ਾਸਲ ਤੇ ਬਾਸ਼ਲ ਬੇਗ ਪਾਪੀ, ਜੋ ਮੇਰੇ ਦਿਲ 'ਚ ਰੜਕਦੇ ਜ਼ਿਆਦੇ।
ਵੈਰੀ ਜਿਹੜੇ ਸਿੱਖ ਕੌਮ ਦੇ........

3.

ਗੰਗੂ ਪਾਪੀ ਖੇੜੀ ਪਿੰਡ ਦਾ, ਜਿੰਨ੍ਹੇ ਲੂਣ ਖਾ ਕੇ ਦਗ਼ਾ ਹੈ ਕਮਾਇਆ।
ਜਾਨੀ-ਮਾਨੀ ਖ਼ਾਂ ਰੰਗੜਾਂ ਹੱਥ ਸੀ ਮੇਰੀਆਂ ਆਂਦਰਾਂ ਨੂੰ ਪਾਇਆ।
ਹੁੰਦਾ ਨਹੀਂ ਮਰਦ ਅਸਲੀ ਜਿਹੜਾ ਵੈਰ ਲੈਣਾ ਦਿਲ 'ਚੋਂ ਭੁਲਾ ਦੇ।
ਵੈਰੀ ਜਿਹੜੇ ਸਿੱਖ ਕੌਮ ਦੇ........

4.

ਸਢੌਰੇ ਦਾ ਉਸਮਾਨ ਖ਼ਾਂ ਹੈ ਜਿੰਨ੍ਹੇ ਬੁੱਧੂ ਸ਼ਾਹ ਨੂੰ ਕਤਲ ਕਰਵਾਇਆ।
ਛੱਡਣਾ ਨਹੀਂ ਉਸ ਪਾਪੀ ਨੂੰ ਜਿੰਨ੍ਹੇ ਰੱਬ ਦਾ ਭਗਤ ਮਰਵਾਇਆ।
ਬੁੱਧੂ ਸ਼ਾਹ ਮਰਦ ਅਸਲੀ ਜਿਹੜਾ ਸਿੱਖੀ ਲਈ ਪੁੱਤਰ ਮਰਵਾ ਦੇ।
ਵੈਰੀ ਜਿਹੜੇ ਸਿੱਖ ਕੌਮ ਦੇ........

5.

ਜ਼ਾਲਮ ਵਜ਼ੀਦ ਖ਼ਾਂ ਜੋ ਉਹ ਕੀਤੀਆਂ ਦੀ ਸਜ਼ਾ ਭੁਗਤਾਉਣੀ।
ਵੱਸਦਾ ਉਹ ਜਿਹੜੇ ਸ਼ਹਿਰ ਹੈ ਉਹਦੀ ਇੱਟ ਨਾਲ ਇੱਟ ਖੜਕਾਉਣੀ।
ਨਾਲੇ ਸੁੱਚਾ ਨੰਦ ਸੋਧਣਾ ਤੇਲ ਮੱਚਦੀ ਉੱਤੇ ਜਿਹੜਾ ਪਾ ਦੇ।
ਵੈਰੀ ਜਿਹੜੇ ਸਿੱਖ ਕੌਮ ਦੇ........

6.

ਆਖਿਆ ਜੋ ਗੁਰੂ ਸਾਹਿਬ ਨੇ ਅੱਗੋਂ ਕਰਦਾ ਸ਼ਹਿਜ਼ਾਦਾ ਵਾਲਾ।
ਰਾਜ ਵਿਚ ਫੁੱਟ ਪੈਣ ਦਾ ਮੈਨੂੰ ਸੁੱਜਦਾ ਗੁਰੂ ਜੀ ਪਾਲਾ।
'ਅਮਰ' ਰਾਜਨੀਤੀ ਚੰਦਰੀ ਸਾਰੇ ਕਰ ਕੇ ਮੁਕਰ ਗਿਆ ਵਾਅਦੇ।
ਵੈਰੀ ਜਿਹੜੇ ਸਿੱਖ ਕੌਮ ਦੇ, ਹੁਣ ਬਾਦਸ਼ਾਹ ਅਸਾਂ ਨੂੰ ਫੜਾ ਦੇ।

ਮਹਾਰਾਜ ਨੇ ਮੰਗ ਕੀਤੀ ਉਹਨਾਂ ਬੰਦਿਆਂ ਦੀ ਜਿਹੜੇ ਬਹਾਦਰ ਸ਼ਾਹ ਨੇ ਫੜਵਾਉਣ ਦਾ ਲਾਰਾ ਲਾਇਆ ਸੀ, ਪਰ ਬਹਾਦਰ ਸ਼ਾਹ ਨੂੰ ਬਦਲਦਿਆਂ ਚਿਰ ਨਾ ਲੱਗਾ। ਮਹਾਰਾਜ ਦੇ ਅੱਗੇ ਨੀਵੀਂ ਪਾ ਕੇ ਕਹਿੰਦਾ ਹੈ, "ਸਤਿਗੁਰੂ ! ਅਜੇ ਤਾਂ ਮੇਰੇ ਚੰਗੀ ਤਰ੍ਹਾਂ ਪੈਰ ਨਹੀਂ ਲੱਗੇ ਹਨ, ਅਜੇ ਤਾਂ ਮੈਂ ਨਵਾਂ-ਨਵਾਂ ਬਾਦਸ਼ਾਹ ਬਣਿਆ ਹਾਂ, ਇਸ ਲਈ ਜੇ ਇੰਨੇ ਬੰਦੇ ਤੁਹਾਨੂੰ ਫੜਾ ਦਿੱਤੇ ਤਾਂ ਰਾਜ ਵਿਚ ਬਗ਼ਾਵਤ ਹੋ ਜਾਵੇਗੀ। ਥੋੜਾ ਚਿਰ ਰੁਕ ਜਾਓ, ਮੈਂ ਤੁਹਾਡੇ ਵਾਅਦੇ ਪੂਰੇ ਕਰਾਂਗਾ।" ਗੁਰੂ ਸਾਹਿਬ ਹੱਸ ਕੇ ਕਹਿੰਦੇ ਹਨ, ਬਹਾਦਰ ਸ਼ਾਹ ! ਜੇ ਅਸੀਂ ਇਹ ਕੰਮ ਕਰਵਾਉਣਾ ਹੋਇਆ ਤਾਂ ਕਿਸੇ ਹੋਰ ਵੀ ਸੂਰਮੇ ਦੇ ਸਿਰ ਉੱਤੇ ਹੱਥ ਰੱਖ ਕੇ ਕਰਵਾ ਲਵਾਂਗੇ। ਇਸ ਲਈ ਤੂੰ ਆਪਣਾ ਰਾਜ ਭਾਗ ਸਾਂਭੀ ਰੱਖ, ਤੇਰੇ ਰਾਜ ਵਿਚ ਫੁੱਟ ਨਹੀਂ ਪੈਣ ਦੇਣੀ।"

ਸੂਬੇ ਸਰਹਿੰਦ ਦੇ ਜੋ ਬੰਦੇ ਇਥੇ ਬੈਠੇ ਹੋਏ ਸਨ, ਉਨ੍ਹਾਂ ਨੂੰ ਪਾਲਾ ਸੁਝਾ ਕਿ ਜੇ ਹੁਣ ਗੁਰੂ ਗੋਬਿੰਦ ਸਿੰਘ ਦਾ ਜ਼ੋਰ ਪੈ ਗਿਆ ਤਾਂ ਸਾਡਾ ਸਾਰਾ ਲਾਣਾ ਮਾਰਿਆ ਜਾਵੇਗਾ। ਇਨ੍ਹਾਂ ਵਿਚ ਜੋ ਸੱਯਦ ਬੈਠਾ ਸੀ, ਉਸ ਨੇ ਇਕ ਵਿਉਂਤ ਬਣਾਈ ਕਿ ਵੇਖਿਆ ਜਾਵੇ, ਗੁਰੂ ਨਾਨਕ ਦੀ ਗੱਦੀ ਦਾ ਵਾਰਸ ਗੁਰੂ ਗੋਬਿੰਦ ਸਿੰਘ ਕਿੰਨਾ ਕੁ ਕਰਾਮਾਤੀ ਹੈ। ਉਸ ਨੇ ਸਵਾਲ ਕੀਤਾ—ਸਤਿਗੁਰੂ ਜੀ ! ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਿਸ ਜੇ, ਮੈਂ ਸੁਣਿਆ ਹੈ ਕਿ ਗੁਰੂ ਨਾਨਕ ਦੇਵ ਜੀ ਵਿਚ ਬਹੁਤ ਕਰਾਮਾਤਾਂ ਸਨ, ਇਸ ਲਈ ਦਿਲ ਕਰਦਾ ਹੈ ਕਿ ਇਸੇ ਦਿਨ, ਇਸੇ ਵਕਤ ਹਿੰਦੁਸਤਾਨ ਦੇ ਬਾਦਸ਼ਾਹ ਦੇ ਦਰਬਾਰ ਵਿਚ ਕੋਈ ਕਰਾਮਾਤ ਦਿਖਾਈ ਜਾਵੇ। ਹਜ਼ੂਰ ਹੱਸ ਕੇ ਕਹਿਣ ਲੱਗੇ, ਸੱਯਦ ਸਾਹਿਬ ! ਜੇ ਤੁਸੀਂ ਕਰਾਮਾਤ ਦੇਖਣੀ ਹੈ ਤਾਂ ਜਿਉਂਦੀ ਜਾਗਦੀ ਕਰਾਮਾਤ ਦਿਖਾ ਦਿੰਦੇ ਹਾਂ, ਇਸ ਲਈ ਆਹ ਜਿਹੜਾ ਤੇਰੇ ਸਾਹਮਣੇ ਬਾਦਸ਼ਾਹ ਬੈਠਾ ਹੈ, ਇਹ ਵੀ ਇਕ ਜਿਉਂਦੀ ਜਾਗਦੀ ਕਰਾਮਾਤ ਹੈ। ਇਹ ਜਿਹਨੂੰ ਚਾਹੇ ਮਾਰ ਦੇਵੇ, ਜਿਹਨੂੰ ਚਾਹੇ ਬਖ਼ਸ਼ ਦੇਵੇ। ਇਹ ਜਿਸ ਨੂੰ ਚਾਹੇ ਲੁੱਟ ਲਵੇ, ਜਿਸ ਨੂੰ ਚਾਹੇ ਮੁਫ਼ਤ ਪੈਸੇ ਦੇ ਕੇ ਸ਼ਾਹ ਬਣਾ ਦੇਵੇ। ਇਸ ਲਈ ਰਾਜ ਅਤੇ ਬਾਦਸ਼ਾਹੀ ਵੀ ਬਹੁਤ ਵੱਡੀ ਕਰਾਮਾਤ ਹੋਇਆ ਕਰਦੀ ਹੈ। ਸੱਯਦ ਨੇ ਨੀਵੀਂ ਪਾ ਕੇ ਆਖਿਆ, ਸਤਿਗੁਰੂ ! ਹੈ ਤਾਂ ਇਹ ਵੀ ਇਕ ਕਰਾਮਾਤ, ਪਰ ਕੋਈ ਪ੍ਰਤੱਖ ਕਰਾਮਾਤ ਦਿਖਾਉ। ਹਜ਼ੂਰ ਨੇ ਆਪਣੀ ਜੇਬ ਵਿੱਚੋਂ ਸੋਨੇ ਦੇ ਸਿਕੇ ਥੱਲੇ ਸੁੱਟ ਕੇ ਆਖਿਆ, ਜਿਹੜਾ ਕਿਸੇ ਵੀ ਤਰ੍ਹਾਂ ਨਾ ਖ਼ਰੀਦਿਆ ਜਾਵੇ, ਉਸ ਨੂੰ ਇਹ ਕਰਾਮਾਤ ਖ਼ਰੀਦ ਲੈਂਦੀ ਹੈ :—

## ਬੈਂਤ

ਸਤਿਗੁਰ ਸੋਨੇ ਦੀ ਸੁੱਟ ਕੇ ਮੋਹਰ ਬੋਲੇ,
ਇਹ ਦੌਲਤ ਇਨਸਾਨ ਹੈ ਬਦਲ ਸਕਦੀ।
ਇਹ ਮਾਇਆ ਵੀ ਕਰਾਮਾਤ ਵੱਡੀ,
ਚੰਗਾ ਭਲਾ ਇਨਸਾਨ ਹੈ ਬਦਲ ਸਕਦੀ।



ਖ਼ਾਤਰ ਏਸ ਦੀ ਲੜਦੇ ਨੇ ਲੋਕ ਸਾਰੇ,
ਇਹਨੂੰ ਵੇਖ ਕੇ ਜ਼ਬਾਨ ਹੈ ਬਦਲ ਸਕਦੀ।
ਇਹ ਚਾਹੇ ਤਾਂ ਇੱਜ਼ਤ ਖ਼ਰੀਦ ਸਕਦੀ,
ਇਹ ਧਰਮ ਈਮਾਨ ਹੈ ਬਦਲ ਸਕਦੀ।

ਸੱਯਦ ਨੇ ਆਖਿਆ—ਮਹਾਰਾਜ ! ਗੱਲ ਤਾਂ ਤੁਹਾਡੀ ਇਹ ਵੀ ਠੀਕ ਹੈ, ਪਰ ਇਸ ਤੋਂ ਵੀ ਵੱਡੀ ਪ੍ਰਤੱਖ ਕਰਾਮਾਤ ਦਿਖਾਉ। ਹਜ਼ੂਰ ਦਾ ਚਿਹਰਾ ਇੱਕੋ ਵਾਰ ਹੀ ਲਾਲ ਹੋਇਆ ਤੇ ਮਹਾਰਾਜ ਮਿਆਨ ਵਿੱਚੋਂ ਤਲਵਾਰ ਖਿੱਚ ਕੇ ਕਹਿੰਦੇ ਹਨ, ਸਭ ਤੋਂ ਵੱਡੀ ਕਰਾਮਾਤ ਇਹ ਹੈ ਕਿ ਉਡਾ ਦਿਆਂ ਤੇਰਾ ਸਿਰ।

## ਬੈਂਤ

ਸਤਿਗੁਰ ਗਰਜ ਕੇ ਬੋਲੇ, ਓਏ ਸੱਯਦਾ,
ਕਿਹੜਾ ਕੌਤਕ ਨਹੀਂ ਕਰ ਤਲਵਾਰ ਸਕਦੀ।
ਕਰਾਮਾਤ ਹੈ ਇਹੋ ਤਲਵਾਰ ਸਾਡੀ,
ਇਹੋ ਕਰ ਵੱਡੇ ਚਮਤਕਾਰ ਸਕਦੀ।
ਇਹਦੇ ਨਾਲ ਹਕੂਮਤਾਂ ਚੱਲਦੀਆਂ ਨੇ,
ਜੀਵਨ ਦੇ ਸਕਦੀ ਜਾਨੋਂ ਮਾਰ ਸਕਦੀ।
ਤੇਰੇ ਸਾਰੇ ਹੀ ਸ਼ੌਕ ਮਿਟਾਉਣ ਦੇ ਲਈ,
ਤੇਰੇ ਸਿਰ ਨੂੰ ਹੁਣੇ ਉਤਾਰ ਸਕਦੀ।
ਤੇਗ ਦੇਖ ਕੇ ਸੱਯਦ ਸੀ ਸਹਿਮ ਗਿਆ।
ਉਹਦਾ ਡਰਦੇ ਦਾ ਸਾਹ ਹੀ ਸੁੱਕ ਗਿਆ।
'ਕੋਮਲ'* ਗੁਰੂ ਦਸਮੇਸ਼ ਦੇ ਰੋਹਬ ਅੱਗੇ,
ਹਿੰਦੋਸਤਾਨ ਦਾ ਬਾਦਸ਼ਾਹ ਝੁੱਕ ਗਿਆ।

ਬਹਾਦਰ ਸ਼ਾਹ ਨੇ ਹੱਥ ਜੋੜ ਕੇ ਆਖਿਆ—ਸਤਿਗੁਰੂ ਜੀ ! ਇਹਨੂੰ ਮਿਆਨ ਵਿਚ ਪਾ ਲਉ। ਸੱਯਦ ਨੇ ਪ੍ਰਵਾਨ ਕੀਤਾ ਕਿ ਸਭ ਤੋਂ ਵੱਡੀ ਬਹਾਦਰ ਦੇ ਹੱਥ ਵਿਚ ਤਲਵਾਰ ਹੀ ਕਰਾਮਾਤ ਹੈ। ਏਧਰ ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦਰ ਸ਼ਾਹ ਨੂੰ ਨੇੜੇ ਹੁੰਦਿਆਂ ਦੇਖ ਕੇ ਸੂਬੇ ਸਰਹਿੰਦ ਦੇ ਪਾਪ ਕੰਬਣ ਲੱਗੇ ਹਨ। ਉਹ ਸੋਚ ਰਿਹਾ ਹੈ ਕਿ ਮੈਂ ਗੁਰੂ-ਪਰਿਵਾਰ ਦਾ ਕਾਤਲ ਹਾਂ। ਜੇ ਕਲਗੀਆਂ ਵਾਲੇ ਦਾ ਜ਼ੋਰ ਪੈ ਗਿਆ ਤਾਂ ਉਹ ਮੈਨੂੰ ਨਹੀਂ ਬਖ਼ਸ਼ੇਗਾ। ਮੈਥੋਂ ਬਦਲਾ ਜ਼ਰੂਰ ਲਵੇਗਾ। ਉਹਨੂੰ ਪਤਾ ਸੀ ਕਿ ਰਾਜ ਪਲਟਾ ਖਾ ਚੁੱਕਾ ਹੈ। ਉਹਨੂੰ ਇਹ ਵੀ ਡਰ ਸੀ ਕਿ ਕਿਤੇ ਬਹਾਦਰ ਸ਼ਾਹ ਵਾਅਦੇ ਨਾ ਪੂਰੇ ਕਰ ਦੇਵੇ। ਉਸ ਨੇ ਸੂਹੀਏ ਛੱਡ ਦਿੱਤੇ ਸਨ ਕਿ

*ਇਹ ਰਚਨਾ ਦਾਨ ਸਿੰਘ ਜੀ ਕੋਮਲ ਦੀ ਹੈ। ਜੋ ਬੜੇ ਮਾਨ ਦੇ ਨਾਲ ਇੱਥੇ ਦਰਜ ਕੀਤੀ ਗਈ ਹੈ। (ਲੇਖਕ)

ਗੁਰੂ ਗੋਬਿੰਦ ਸਿੰਘ ਦਾ ਪਤਾ ਰੱਖਿਆ ਜਾਵੇ ਕਿ ਉਹ ਕੀ ਕਰਦਾ ਹੈ ਤੇ ਕੀ ਕਰਨਾ ਚਾਹੁੰਦਾ ਹੈ ? ਇਹਦੇ ਸੂਹੀਏ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਢੱਕਾ ਦੀ ਮੰਗ ਕਰ ਰਿਹਾ ਹੈ। ਤਾਂ ਉਸ ਨੇ ਸੂਬੇ ਸਰਹਿੰਦ ਨੂੰ ਚਿੱਠੀ ਲਿਖੀ ਕਿ ਸੂਬਾ ਸਰਹਿੰਦ ਜੀ ! ਬਾਦਸ਼ਾਹ ਅਜੇ ਮੁੰਡਾ ਹੈ, ਉਹ ਅਜੇ ਭੋਲਾ ਭਾਲਾ ਹੈ। ਰਾਜਨੀਤਿਕ ਪੂਰਾ ਨਹੀਂ। ਗੁਰੂ ਗੋਬਿੰਦ ਸਿੰਘ ਚਲਾਕ ਹੈ, ਸਮੇਂ ਤੋਂ ਲਾਭ ਨਾ ਉਠਾ ਲਏ, ਉਹ ਤੈਨੂੰ ਮਾਰਨ ਦੀਆਂ ਗੱਲਾਂ ਕਰਦਾ ਹੈ। ਕੀ ਦੱਸਿਆ ਹੈ ਸੂਹੀਏ ਨੇ, ਇਉਂ ਬੇਨਤੀ ਕੀਤੀ ਜਾ ਰਹੀ ਹੈ :–

## ਪਉੜੀ

1. ਦੱਸਿਆ ਸੂਹੀਏ ਆਣ ਕੇ ਗੱਲ ਸੁਣ ਲੈ ਖ਼ਾਨਾ।
ਖ਼ਤਰੇ ਦੇ ਵਿਚ ਪੈ ਗਈਆਂ ਆਪਣੀਆਂ ਜਾਨਾਂ।
ਇਕ ਰੰਗਿਆੜੀ ਅੱਗ ਦੀ ਲੂਹ ਸੁੱਟਦੀ ਝੱਲਾਂ।
ਕਰਦਾ ਗੁਰੂ ਦਸਮੇਸ਼ ਹੈ ਬਦਲੇ ਦੀਆਂ ਗੱਲਾਂ।

2. ਸ਼ਹਿਜ਼ਾਦੇ ਦੇ ਨਾਲ ਹੈ ਗੱਲ ਉਸ ਦੀ ਚੰਗੀ।
ਆਜ਼ਮ ਤਾਈਂ ਮਰਵਾਉਣ ਦੀ ਗੱਲ ਚਿੱਟੀ ਨੰਗੀ।
ਸ਼ਹਿਜ਼ਾਦਾ ਅਨਜਾਣ ਹੈ ਆ ਜਾਊ ਵਿਚ ਛੱਲਾਂ।
ਕਰਦਾ ਗੁਰੂ ਦਸਮੇਸ਼ ਹੈ........

3. ਆਪਾਂ ਮਾਰੇ ਉਸ ਦੇ ਪੁੱਤ ਛੋਟੇ ਫੜ ਕੇ।
ਇਸ ਗੱਲੋਂ ਸਰਹਿੰਦ ਪਈ ਉਹਦੇ ਦਿਲ ਰੜਕੇ।
ਕਰਨਾ ਥੇਹ ਸਰਹਿੰਦ ਦਾ ਵਿਚ ਘੜੀਆਂ ਪੱਲਾਂ।
ਕਰਦਾ ਗੁਰੂ ਦਸਮੇਸ਼ ਹੈ........

4. ਜਾਣੇ ਬਾਈਧਾਰੀਏ ਰਾਜੇ ਵੀ ਰਗੜੇ।
ਬਿਨਾਂ ਵਜ੍ਹਾ ਉਸ ਨਾਲ ਕਰਦੇ ਰਹੇ ਝਗੜੇ।
ਢੋਣਾ ਕਹਿ ਵੰਗਾਰ ਕੇ ਮੈਂ ਵੱਡਿਆ ਮੱਲਾਂ।
ਕਰਦਾ ਗੁਰੂ ਦਸਮੇਸ਼ ਹੈ........

5. ਸੁੱਚਾ ਨੰਦ ਦੀਵਾਨ ਤੇ ਖੇੜੀ ਦਾ ਗੰਗੂ।
ਚੋਰ ਪਿਆ ਤਾਂ ਉਹਨਾਂ ਨੂੰ ਸੂਲੀ ਟੰਗੂ।



ਝੂਠ ਜ਼ਰਾ ਨਾ ਸਮਝਣਾ ਡਾਇਰੀ ਜੋ ਕੱਲਾ।
ਕਰਦਾ ਗੁਰੂ ਦਸਮੇਸ਼ ਹੈ........

6. ਜੇ ਨਾ ਵੇਲਾ ਸਾਂਭਿਆ, ਜਾਊ ਬਦਲ ਜ਼ਮਾਨਾ।
ਪਹਿਲਾਂ ਦਿੱਸੇ ਸਰਹਿੰਦ, ਤੇ ਉਹ ਕਰੂ ਨਿਸ਼ਾਨਾ।
ਫਿਰ ਪੈ ਜਾਣ ਕਿਧਰੇ ਵੈਣ ਨਾ ਵਿਚ ਰਾਜ ਮਹੱਲਾਂ।
ਕਰਦਾ ਗੁਰੂ ਦਸਮੇਸ਼ ਹੈ........

7. ਸੁਣ ਕੇ ਖ਼ਾਨ ਵਜ਼ੀਦ ਵੀ, ਪਿਆ ਦਿਲ ਵਿਚ ਸੋਚੇ।
ਖ਼ਿਆਲਾਂ ਸੰਦੀ ਗੇਂਦ ਨੂੰ, ਸੁੱਟ ਸੁੱਟ ਕੇ ਬੋਚੇ।
ਲੱਗਣ ਮਤੀਰੇ ਕਦੇ ਨਾ, ਤੁਮਿਆਂ ਦੀਆਂ ਵੱਲਾਂ।
ਕਰਦਾ ਗੁਰੂ ਦਸਮੇਸ਼ ਹੈ ਬਦਲੇ ਦੀਆਂ ਗੱਲਾਂ।

ਇਸ ਚਿੱਠੀ ਨੂੰ ਪੜ੍ਹ ਕੇ ਜ਼ਾਲਮ ਸੂਬਾ ਸਰਹਿੰਦ ਦੀਆਂ ਅੱਖਾਂ ਸਾਹਮਣੇ ਮੌਤ ਨੱਚ ਉਠੀ। ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੇ ਕਾਤਲ ਨੇ ਜਦੋਂ ਸਮਾਂ ਨੇੜੇ ਆਉਂਦਾ ਵੇਖਿਆ ਤਾਂ ਉਹਨੇ ਦੋ ਪਠਾਣ ਬੁਲਾਏ ਹਨ—ਗੁੱਲ ਖ਼ਾਂ ਤੇ ਜਮਸ਼ੈਦ ਖ਼ਾਂ। ਸੂਬਾ ਉਹਨਾਂ ਨੂੰ ਕਹਿੰਦਾ ਹੈ, ਮੈਂ ਤੁਹਾਨੂੰ ਮੂੰਹ ਮੰਗੇ ਇਨਾਮ ਦੇਵਾਂਗਾ, ਜਾਗੀਰਾਂ ਦੇਵਾਂਗਾ, ਜੇ ਤੁਸੀਂ ਗੁਰੂ ਗੋਬਿੰਦ ਸਿੰਘ ਦਾ ਨਾਮੋ ਨਿਸ਼ਾਨ ਮਿਟਾ ਦਿਉ। ਕਲਗੀਧਰ ਜੀ ਨੂੰ ਸ਼ਹੀਦ ਕਰਨ ਲਈ ਜਿਵੇਂ ਗੁੱਲ ਖ਼ਾਂ ਤੇ ਜਮਸ਼ੈਦ ਖ਼ਾਂ ਨੂੰ ਸੂਬਾ ਸਰਹਿੰਦ ਕੀ ਕਹਿ ਰਿਹਾ ਹੈ, ਇਉਂ ਪੇਸ਼ ਕੀਤਾ ਜਾ ਰਿਹਾ ਹੈ :–

## ਕੋਰੜਾ

1. ਸੱਦ ਕੇ ਪਠਾਣਾਂ ਨੂੰ ਵਜ਼ੀਦ ਖ਼ਾਂ ਕਹੇ,
ਸਾਡਾ ਝੰਡਾ ਸਦਾ ਇਥੇ ਝੁਲਦਾ ਰਹੇ।
ਖੱਟ ਲਉ ਭੱਲ ਜੋਧਿਓ ਜਹਾਨ ਤੋਂ।
ਮਾਰ ਦਿਉ ਦਸਵੇਂ ਗੁਰੂ ਨੂੰ ਜਾਨ ਤੋਂ।

2. ਜੀਹਦੇ ਕੋਲੋਂ ਹੈ ਦਿਲ ਸਾਡਾ ਧੜਕਦਾ।
ਕੱਢ ਦਿਉ ਕੰਡਾ ਸਦਾ ਲਈ ਰੜਕਦਾ।
ਪਾਲ ਦਿਉ ਬਚਨ ਕੱਢੇ ਜੋ ਜ਼ਬਾਨ ਤੋਂ।
ਮਾਰ ਦਿਉ........

3. ਧਨ ਦੌਲਤਾਂ ਨਾਲ ਤੁਹਾਨੂੰ ਮੈਂ ਨਿਵਾਜਾਂਗਾ।
ਜੱਸ ਗਾਊਂ ਤੁਹਾਡਾ ਜਿੱਥੇ ਮੈਂ ਬਿਰਾਜਾਂਗਾ।
ਮੁੱਕਦਾ ਨਹੀਂ ਖਾਧਾ ਤੁਹਾਡੇ ਖ਼ਾਨਦਾਨ ਤੋਂ।
ਮਾਰ ਦਿਉ........

4. ਸ਼ਹਿਜ਼ਾਦਾ ਗਿਆ ਜੇ ਅਸਾਂ ਦੇ ਹੱਥਾਂ ਤੋਂ।
ਬਹੁਤਾ ਅਨਜਾਣ ਰਾਜਨੀਤੀ ਪੱਖਾਂ ਤੋਂ।
ਕੰਮ ਲੈਂਦਾ ਗੁਰੂ ਨੀਤੀ ਦੀ ਕਮਾਨ ਤੋਂ।
ਮਾਰ ਦਿਉ........

5. ਸੁਣਿਆ ਸ਼ਹਿਜ਼ਾਦੇ ਕੋਲੋਂ ਢੱਕਾ ਮੰਗਦਾ।
ਇਸ ਗੱਲੋਂ ਦਿਲ ਹੈ ਅਸਾਂ ਦਾ ਕੰਬਦਾ।
ਉਂਜ ਤਾਂ ਉਹ ਮੁਕਰ ਗਿਆ ਜ਼ਬਾਨ ਤੋਂ।
ਮਾਰ ਦਿਉ........

6. ਉਂਜ ਤਾਂ ਬਾਹਾਂ 'ਤੇ ਸਾਨੂੰ ਬੜਾ ਮਾਣ ਹੈ।
ਕਿਹੜਾ ਕਮਜ਼ੋਰ ਸਾਡਾ ਖ਼ਾਨਦਾਨ ਹੈ।
ਅਜੇ ਤੀਕ ਹਾਰੇ ਨਹੀਂ ਕਿਸੇ ਵੀ ਮੈਦਾਨ ਤੋਂ।
ਮਾਰ ਦਿਉ........

7. ਪਹਿਲਾਂ ਨਿਰਦੋਸ਼ਾਂ ਨੂੰ ਕਤਲ ਕਰਨਾ।
ਕਹਿੰਦਾ, 'ਜਰਨੈਲ' ਫਿਰ ਕਾਹਤੋਂ ਡਰਨਾ।
ਹੁੰਦਾ ਭਲਾ ਕਦੇ ਨਹੀਂ ਪਾਪੀ ਇਨਸਾਨ ਤੋਂ।
ਮਾਰ ਦਿਉ ਦਸਵੇਂ ਗੁਰੂ ਨੂੰ ਜਾਨ ਤੋਂ।

ਗੁਰੂ-ਸਰਬੰਸ਼ ਦਾ ਕਾਤਲ ਗੁਰੂ ਗੋਬਿੰਦ ਸਿੰਘ ਜੀ ਨੂੰ ਮਰਵਾਉਣ ਉੱਤੇ ਤੁਲ ਗਿਆ। ਲਾਲਚ ਵਿਚ ਆ ਕੇ ਪਠਾਣਾਂ ਨੇ ਉਸੇ ਵੇਲੇ ਤਿਆਰੀ ਕੀਤੀ ਹੈ। ਇਨ੍ਹਾਂ ਆਖਿਆ—ਸੂਬਾ ਸਰਹਿੰਦ ! ਤੂੰ ਸਾਡੀ ਉਡੀਕ ਰੱਖੀਂ, ਅਸੀਂ ਇਸ ਕੰਮ ਵਿਚ ਕਾਮਯਾਬ ਹੋਵਾਂਗੇ। ਥੋੜੇ ਚਿਰ ਵਿਚ ਤੈਨੂੰ ਖ਼ਬਰਾਂ ਮਿਲ ਜਾਣਗੀਆਂ। ਜਿਹੜਾ ਸਰਹਿੰਦ ਨੂੰ ਢਾਹੁਣਾ ਚਾਹੁੰਦਾ ਹੈ ਤੇ ਮੈਨੂੰ ਮਾਰਨਾ ਚਾਹੁੰਦਾ ਹੈ, ਅਸੀਂ ਉਸ ਗੋਬਿੰਦ ਸਿੰਘ ਨੂੰ ਜਾਨੋਂ ਮਾਰ ਦੇਵਾਂਗੇ।

ਏਧਰ ਗੁਰੂ ਗੋਬਿੰਦ ਸਿੰਘ ਜੀ ਆਗਰੇ ਤੋਂ ਦੱਖਣ ਵੱਲ ਤੁਰ ਪਏ। ਇਹ ਪਠਾਣ ਭੇਸ



ਬਦਲ ਕੇ ਬਹਾਦਰ ਸ਼ਾਹ ਦੀਆਂ ਫ਼ੌਜਾਂ ਨਾਲ ਮਿਲ ਗਏ। ਏਧਰ ਗੁਰੂ ਜੀ ਤੁਰੇ ਜਾ ਰਹੇ ਹਨ। ਪਿੱਛੇ-ਪਿੱਛੇ ਬਹਾਦਰ ਸ਼ਾਹ ਵੀ ਆਪਣੀ ਫ਼ੌਜ ਲੈ ਕੇ ਤੁਰਿਆ ਜਾ ਰਿਹਾ ਹੈ। ਪਠਾਣ ਵੀ ਇਨ੍ਹਾਂ ਦੀਆਂ ਫ਼ੌਜਾਂ ਦੇ ਪਿੱਛੇ-ਪਿੱਛੇ ਤੁਰੇ ਜਾ ਰਹੇ ਹਨ। ਇਨ੍ਹਾਂ ਪਠਾਣਾਂ ਨੇ ਸਿੱਖਾਂ ਵਿਚ ਵੀ ਅਤੇ ਬਹਾਦਰ ਸ਼ਾਹ ਦੀਆਂ ਫ਼ੌਜਾਂ ਵਿਚ ਵੀ ਆਪਣਾ ਸਤਿਕਾਰ ਬਣਾ ਲਿਆ ਹੈ। ਸਿੱਖਾਂ ਨੇ ਇਉਂ ਸਮਝਿਆ ਜਿਵੇਂ ਇਹ ਗੁਰੂ ਦੇ ਸ਼ਰਧਾਲੂ ਹੋਣ।

ਗੁਰੂ ਗੋਬਿੰਦ ਸਿੰਘ ਜੀ ਚੱਲਦੇ-ਚੱਲਦੇ ਦੱਖਣ ਦੇਸ਼ ਗੋਦਾਵਰੀ ਨਦੀ ਦੇ ਕੰਢੇ ਨਾਂਦੇੜ ਸ਼ਹਿਰ ਅਪੜੇ ਹਨ। ਇੱਥੇ ਮਾਧੋ ਦਾਸ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ, ਬਾਬਾ ਬੰਦਾ ਸਿੰਘ ਬਹਾਦਰ ਬਣਾਇਆ ਹੈ। ਅਜੇ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਹੈ ਤੇ ਦੂਜੇ ਪਾਸਿਓਂ ਗੁਰੂ ਸਾਹਿਬ ਉੱਤੇ ਵਾਰ ਕਰਨ ਵਾਲੇ ਰੋਜ਼ਾਨਾ ਆਉਣ ਜਾਣ ਲੱਗੇ। ਹੋਰ ਵੀ ਸੈਂਕੜੇ ਲੋਕ ਗੁਰੂ ਦਰਬਾਰ ਵਿਚ ਆਉਂਦੇ ਹਨ। ਗੁਰੂ ਨਾਨਕ ਦੇ ਘਰ ਵਿਚ ਹਰ ਧਰਮ ਦੇ ਬੰਦੇ ਨੂੰ ਆਉਣ ਦੀ ਖੁੱਲ੍ਹ ਹੈ। ਇਹ ਪਠਾਣ ਵੀ ਰੋਜ਼ਾਨਾ ਆਉਂਦੇ ਤੇ ਘੰਟਿਆਂ ਬੱਧੀ ਗੁਰੂ ਦਾ ਕੀਰਤਨ ਸੁਣਦੇ ਰਹਿੰਦੇ ਹਨ। ਇਹ ਵੇਲਾ ਟਾਲ ਰਹੇ ਸਨ ਕਿ ਕਦੋਂ ਵੇਲਾ ਮਿਲੇ ਤੇ ਕਦੋਂ ਗੁਰੂ ਗੋਬਿੰਦ ਸਿੰਘ ਉੱਤੇ ਵਾਰ ਕੀਤਾ ਜਾਵੇ।

ਆਖ਼ਰ ਇਕ ਦਿਨ ਨਭਾਗਾ ਦਿਨ ਚੜ੍ਹਿਆ। 1708 ਈ. 15 ਭਾਦਰੋਂ ਬੁੱਧਵਾਰ ਦਾ ਦਿਨ, ਸ਼ਾਮ ਦਾ ਵਕਤ ਸੀ। ਰਹਰਾਸਿ ਤੋਂ ਬਾਅਦ ਗੁਰੂ ਜੀ ਆਰਾਮ ਕਰਨ ਵਾਸਤੇ ਤੰਬੂ ਵਿਚ ਚੱਲੇ ਗਏ ਹਨ। ਸਿੱਖ ਪ੍ਰਸ਼ਾਦੇ ਤਿਆਰ ਕਰ ਰਹੇ ਸਨ। ਪਹਿਰੇਦਾਰ ਥੋੜੇ ਜਿਹੇ ਅਵੇਸਲੇ ਹੋਏ ਤਾਂ ਗੁੱਲ ਖ਼ਾਂ ਤੇ ਜਮਸ਼ੇਦ ਖ਼ਾਂ ਗੁਰੂ ਗੋਬਿੰਦ ਸਿੰਘ ਜੀ ਉੱਤੇ ਵਾਰ ਕਰਨ ਲਈ ਚੱਲ ਪਏ। ਗੁੱਲ ਖ਼ਾਂ ਬਾਹਰ ਖਲੋਤਾ ਰਿਹਾ ਤੇ ਜਮਸ਼ੇਦ ਖ਼ਾਂ ਅੰਦਰ ਗਿਆ। ਹਜ਼ੂਰ ਨੇ ਪਾਸਾ ਵੱਟਿਆ। ਮਾੜੇ ਜਿਹੇ ਨੇਤਰ ਮੁੰਦੇ ਹਨ, ਲੱਗ ਗਿਆ ਦਾਅ ਪਠਾਣ ਦਾ ਤੇ ਖਿੱਚ ਕੇ ਖ਼ੰਜਰ ਮਾਰ ਦਿੱਤੀ।

## ਦੋਤਾਰਾ ਛੰਦ

1.
ਦਿਨ ਸਾਰਾ ਬੀਤ ਗਿਆ, ਪੈ ਗਈ ਰਾਤ ਨਿਭਾਗਣ ਆ ਕੇ।
ਦਸਵੇਂ ਗੁਰੂ ਸੌਂ ਗਏ, ਤੰਬੂ ਵਿਚ ਪਲੰਘੇ 'ਤੇ ਜਾ ਕੇ।
ਗੁੱਲ ਖ਼ਾਂ ਜਮਸੈਦ ਦੋਵੇਂ ਸੋਚਣ ਕਿਵੇਂ ਢੰਗ ਚਲਾਣਾ।
ਕਰ ਦਿੱਤਾ ਧੋਖੇ ਨਾਲ, ਦਸਵੇਂ ਗੁਰ 'ਤੇ ਵਾਰ ਪਠਾਣਾਂ।

2.
ਕਈ ਦਿਨ ਤੋਂ ਫਿਰਦੇ ਸੀ, ਜਿਹੜੇ ਦੁਸ਼ਟ ਕਰਨ ਨੂੰ ਕਾਰੇ।
ਬਸ ਮੌਕਾ ਮਿਲਦਿਆਂ ਹੀ, ਆ ਗਏ ਤੰਬੂ ਵਿਚ ਹਤਿਆਰੇ।

ਦੁਸ਼ਮਣ ਨਾ ਮਿੱਤ ਬਣੇ, ਕਹਿ ਗਿਆ ਹਰ ਇੱਕ ਕਥਨ ਸਿਆਣਾ।
ਕਰ ਦਿੱਤਾ ਧੋਖੇ ਨਾਲ........

3.

ਨੀਂਦਰ ਜਿਹੀ ਆ ਰਹੀ ਸੀ, ਹਾਲਾਂ ਨਹੀਂ ਸੀ ਸਤਿਗੁਰ ਸੁੱਤੇ।
ਫੜ ਖ਼ੰਜਰ ਜ਼ਾਲਮ ਨੇ, ਕੀਤਾ ਵਾਰ ਗੁਰਾਂ ਦੇ ਉੱਤੇ।
ਅੱਖ ਦੇ ਪਲਕਾਰੇ 'ਚ ਵਰਤਿਆ, ਆਣ ਸਾਹਿਬ 'ਤੇ ਭਾਣਾ।
ਕਰ ਦਿੱਤਾ ਧੋਖੇ ਨਾਲ........

4.

ਕਰ ਵਾਰ ਸਤਿਗੁਰਾਂ 'ਤੇ, ਦੌੜਨ ਜਦ ਇਹ ਜ਼ਾਲਮ ਲੱਗਾ।
ਝੱਟ ਉਛਲ ਸ਼ੇਰ ਵਾਂਗੂੰ, ਫੜ ਲਿਆ ਗੁਰਾਂ ਉਸ ਦਾ ਝੱਗਾ।
ਮਾਰਿਆ ਲਲਕਾਰਾ ਹੈ ਦਸ ਹੁਣ ਕਿਧਰ ਜ਼ਾਲਮਾ ਜਾਣਾ।
ਕਰ ਦਿੱਤਾ ਧੋਖੇ ਨਾਲ........

5.

ਕਰ ਵਾਰ ਸਤਿਗੁਰਾਂ ਨੇ ਉਸ ਨੂੰ, ਤੇਗ ਨਾਲ ਝਟਕਾਇਆ।
ਨੱਸ ਰਹੇ ਦੂਸਰੇ ਨੂੰ, ਪੱਲ ਵਿਚ ਆਣ ਸਿੰਘਾਂ ਨੇ ਢਾਹਿਆ।
ਪਰ ਬੀਤੇ ਵੇਲੇ ਨੇ ਮੁੜ ਨਹੀਂ ਹੱਥ ਦੁਬਾਰਾ ਆਉਣਾ।
ਕਰ ਦਿੱਤਾ ਧੋਖੇ ਨਾਲ........

6.

ਸੁਣ ਕੇ ਲਲਕਾਰੇ ਨੂੰ, ਹੋ ਗਏ ਖ਼ਬਰਦਾਰ ਸਿੰਘ ਸਾਰੇ।
ਜਦ ਤੰਬੂ ਵਿਚ ਆਏ, ਏਧਰ ਵਰਤ ਚੁੱਕੇ ਸਨ ਕਾਰੇ।
ਜਦ ਵੇਖਿਆ ਸਿੰਘਾਂ ਨੇ, ਸਭ ਨੂੰ ਭੁੱਲ ਗਿਆ ਪੀਣਾ ਖਾਣਾ।
ਕਰ ਦਿੱਤਾ ਧੋਖੇ ਨਾਲ........

7.

ਸਭ ਵਿਚ ਸੈਕਿੰਟਾਂ ਦੇ, 'ਕੱਠੇ ਹੋ ਗਏ ਸੀ ਸਿੰਘ ਸਾਰੇ।
ਸਤਿਗੁਰ ਦੇ ਜਿਸਮ ਵਿੱਚੋਂ, ਵੱਗਦਾ ਤੱਕਿਆ ਖ਼ੂਨ ਫੁਹਾਰੇ।
ਪੈ ਗਿਆ 'ਜਰਨੈਲ ਸਿੰਘਾਂ', ਦਿਲ ਵਿਚ ਸਿੰਘਾਂ ਨੂੰ ਪਛਤਾਣਾ।
ਕਰ ਦਿੱਤਾ ਧੋਖੇ ਨਾਲ, ਦਸਵੇਂ ਗੁਰ 'ਤੇ ਵਾਰ ਪਠਾਣਾਂ।



ਹਜ਼ੂਰ ਥੋੜਾ ਜਿਹਾ ਟੇਢੇ ਪਏ ਹੋਏ ਸਨ। ਐਨ ਖੱਬੀ ਵੱਖੀ ਦੇ ਥੱਲੇ ਸ਼ਾਇਦ ਜਮਸ਼ੈਦ ਖ਼ਾਂ ਨੇ ਹਜ਼ੂਰ ਦੇ ਦਿਲ ਉੱਤੇ ਵਾਰ ਕੀਤਾ ਹੋਵੇਗਾ। ਦਿਲ ਦੇ ਹੇਠਲੇ ਪਾਸੇ ਵੱਜਾ ਹੋਇਆ ਖ਼ੰਜਰ ਖੱਪੇ ਖੋਲ੍ਹ ਗਿਆ। ਗੁਰੂ ਜੀ ਨੇ ਭੱਜਣ ਲੱਗੇ ਪਠਾਣ ਨੂੰ ਝੱਗੇ ਤੋਂ ਫੜ ਕੇ ਤਲਵਾਰ ਨਾਲ ਝਟਕ ਦਿੱਤਾ। ਗੁਰੂ ਸਾਹਿਬ ਨੇ ਲਲਕਾਰਾ ਮਾਰਿਆ ਤੇ ਰੌਲਾ ਪੈ ਗਿਆ। ਜਿਵੇਂ ਹੀ ਹੱਥਾਂ ਵਿੱਚ ਜੋ ਵੀ ਚੀਜ਼ ਫੜੀ ਹੋਈ ਸੀ, ਅਚਾਨਕ ਸਿੱਖਾਂ ਤੋਂ ਡਿੱਗ ਪਈ, ਉਹ ਦੰਗ ਰਹਿ ਗਏ ਅਤੇ ਉਨ੍ਹਾਂ ਦੇ ਦੰਦ ਜੁੜ ਗਏ। ਹੁਣ ਪਹਿਰੇਦਾਰ ਵੀ ਪਛਤਾ ਰਹੇ ਹਨ ਕਿ ਕੀ ਕੀਤਾ ਜਾਵੇ, ਸਾਡੇ ਤੋਂ ਭੁੱਲ ਹੋ ਗਈ। ਅਸੀਂ ਪਹਿਰੇ 'ਤੇ ਸਦਾ ਰਹਿੰਦੇ ਸਾਂ, ਪਰ ਇਹ ਭਾਵੀ ਕਿਵੇਂ ਵਾਪਰ ਗਈ ?

## ਬੈਂਤ

ਅੱਖੀਂ ਵੇਖਿਆ ਜਦੋਂ ਸੀ ਆਣ ਸਿੰਘਾਂ,
ਖ਼ੂਨ ਗੁਰਾਂ ਦੇ ਜਿਸਮ 'ਚੋਂ ਵਹਿ ਰਿਹਾ ਸੀ।
ਦੁੱਖ ਝੱਲਿਆ ਜਾਏ ਨਾ ਵੇਖ ਅੱਖੀਂ,
ਡੋਬ ਸਿੰਘਾਂ ਦੇ ਦਿਲ ਨੂੰ ਪੈ ਰਿਹਾ ਸੀ।
ਦਰਦੀ ਦੇਸ਼ ਦਾ ਆਪਣੀ ਜਾਨ ਉੱਤੇ,
ਦੁੱਖ ਹੱਸ ਕੇ ਜਰ ਤੇ ਸਹਿ ਰਿਹਾ ਸੀ।
ਚੜ੍ਹਦੀ ਕਲਾ 'ਚ ਹਾਂ ਅਸੀਂ ਜਰਨੈਲ ਸਿੰਘਾ,
ਧੀਰਜ ਦੇ ਕੇ ਸਿੰਘਾਂ ਨੂੰ ਕਹਿ ਰਿਹਾ ਸੀ।

ਹੱਥ ਰੱਖਿਆ ਗੁਰਾਂ ਨੇ ਜ਼ਖ਼ਮ ਉੱਤੇ,
ਖ਼ੂਨ ਵਾਂਗ ਫੁਹਾਰਿਆਂ ਚੱਲ ਰਿਹਾ ਸੀ।
ਮਾਲਕ ਪੰਥ ਦਾ ਆਪਣੀ ਜਾਨ ਉੱਤੇ,
ਜਦੋਂ ਵੇਖਿਆ ਦੁੱਖੜੇ ਝੱਲ ਰਿਹਾ ਸੀ।
ਕੋਲ ਖੜੇ ਹੋਏ ਖ਼ਾਲਸਾ ਪੰਥ ਦੀਆਂ,
ਵੱਗ ਨੇਤਰਾਂ 'ਚ ਛਮ-ਛਮ ਜਲ ਰਿਹਾ ਸੀ।
ਖ਼ੰਜਰ ਗੁਰਾਂ ਨੂੰ ਵੱਜਾ ਜਰਨੈਲ ਸਿੰਘਾ,
ਪੈ ਗਿਆ ਸਿੰਘਾਂ ਦੇ ਦਿਲ ਵਿਚ ਸਲ ਰਿਹਾ ਸੀ।

ਕੁਝ ਦੌੜ ਗਏ ਵੈਦ ਹਕੀਮ ਵੱਲੇ,
ਕੁਝ ਗੁਰਾਂ ਦਾ ਫੱਟ ਸੀ ਬੰਨ੍ਹ ਰਹੇ।
ਪਹਿਰੇਦਾਰ ਸਿੰਘ ਖੜੇ ਦਸਮੇਸ਼ ਅੱਗੇ,
ਭੁੱਲ ਆਪਣੀ ਅਣਗਹਿਲੀ ਦੀ ਮੰਨ ਰਹੇ।

ਭਰਦੇ ਸਿਸਕੀਆਂ ਰੋਂਦੇ ਕਈ ਹੋ ਓਹਲੇ,
ਛਿਪ ਚੌਧਵੀਂ ਦੇ ਸਾਡੇ ਚੰਨ ਰਹੇ।
ਭਾਵੀ ਉਸ ਦੀ ਵੇਖ 'ਜਰਨੈਲ ਸਿੰਘ',
ਫੜ ਆਪਣੇ ਦੋਵੇਂ ਕਈ ਕੰਨ ਰਹੇ।

ਜਦੋਂ ਆਣ ਜਰਾਹ ਨੇ ਜ਼ਖ਼ਮ ਸੀਤਾ,
ਮੇਰਾ ਸ਼ਹਿਨਸ਼ਾਹ ਬੈਠ ਅਡੋਲ ਰਿਹਾ ਸੀ।
ਹੱਥ ਕੰਬਦੇ ਸੀ ਤੋਪੇ ਲਾਉਂਦਿਆਂ ਦੇ,
ਦਿਲ ਅੰਦਰੋਂ ਉਹਨਾਂ ਦਾ ਡੋਲ ਰਿਹਾ ਸੀ।
ਸੇਵਾਦਾਰ ਹਜ਼ੂਰ ਦੇ ਕੋਲ ਬੈਠੇ,
ਨੀਰ ਅੱਖੀਆਂ 'ਚੋਂ ਛਮ-ਛਮ ਡੋਲ ਰਿਹਾ ਸੀ।
ਧੰਨ ਹੌਸਲਾ ਪਿਤਾ ਦਸਮੇਸ਼ ਜੀ ਦਾ,
ਫਿਰ ਵੀ ਵਾਹਿਗੁਰੂ ਵਾਹਿਗੁਰੂ ਬੋਲ ਰਿਹਾ ਸੀ।

ਗੁਰਾਂ ਆਖਿਆ ਸਮਝ ਲਉ ਖ਼ਾਲਸਾ ਜੀ,
ਸਾਰੀ ਨੀਤੀ ਸੂਬੇ ਸਰਹਿੰਦ ਦੀ ਏ।
ਪਾਪ ਉਸ ਦੇ ਥਰ-ਥਰ ਕੰਬਦੇ ਨੇ,
ਨਾਲ ਰਲੀ ਭੂਗਤ ਸੁੱਚਾ ਨੰਦ ਦੀ ਏ।
ਕੋਈ ਗੱਲ ਨਹੀਂ ਮੱਸਿਆ ਆ ਗਈ ਜੇ,
ਮਗਰੋਂ ਆਵਣੀ ਚਾਂਦਨੀ ਚੰਦ ਦੀ ਏ।
ਹੋ ਜਾਊ ਖੇਹ ਵਜ਼ੀਦ ਖ਼ਾਂ ਦਾ,
ਕਹਿੰਦੀ ਚਾਲ 'ਜਰਨੈਲ' ਦੇ ਛੰਦ ਦੀ ਏ।

ਇਕ ਪਠਾਣ ਨੂੰ ਗੁਰਾਂ ਨੇ ਮਾਰ ਦਿੱਤਾ ਅਤੇ ਦੂਸਰੇ ਨੂੰ ਦੌੜ ਕੇ ਪਹਿਰੇਦਾਰਾਂ ਨੇ ਫੜ ਲਿਆ ਤੇ ਜ਼ਖ਼ਮੀ ਕਰਕੇ ਧਰਤੀ ਉੱਤੇ ਸੁੱਟ ਦਿੱਤਾ। ਉਹ ਮਰਨ ਤੋਂ ਪਹਿਲਾਂ ਸਾਰੀ ਕਹਾਣੀ ਦੱਸ ਗਿਆ। ਇਸ ਜ਼ੁਲਮ ਦਾ ਕਰਤਾ ਧਰਤਾ ਜ਼ਾਲਮ ਵਜ਼ੀਰ ਖ਼ਾਨ ਹੈ। ਸਿੱਖ ਜਾ ਕੇ ਹਕੀਮ ਨੂੰ ਲੈ ਕੇ ਆਏ। ਉਹਨੇ ਜ਼ਖ਼ਮ ਨੂੰ ਸਾਫ਼ ਕਰਕੇ ਤੋਪੇ ਲਾ ਦਿੱਤੇ। ਬੇਸ਼ੱਕ ਕਿੰਨੀ ਵੀ ਤਕਲੀਫ਼ ਹੈ, ਪਰ ਹਜ਼ੂਰ ਕਹਿ ਰਹੇ ਸਨ, ਖ਼ਾਲਸਾ ਜੀ ! ਘਬਰਾਉਣਾ ਨਹੀਂ, ਅਸੀਂ ਚੜ੍ਹਦੀ ਕਲਾ ਵਿਚ ਹਾਂ। ਸਿੱਖ ਅਫ਼ਸੋਸ ਕਰ ਰਹੇ ਸਨ। ਮਹਾਰਾਜ ਸਾਡੀ ਅਣਗਹਿਲੀ ਹੈ। ਅਸੀਂ ਤੁਹਾਡੇ ਪਹਿਰੇ ਵੱਲ ਧਿਆਨ ਨਹੀਂ ਦਿੱਤਾ। ਹਜ਼ੂਰ ਕਹਿੰਦੇ ਹਨ, ਨਹੀਂ ਖ਼ਾਲਸਾ ਜੀ ! ਇਹ ਭਾਣਾ ਜਿਵੇਂ ਮੇਰੇ ਨਿਰੰਕਾਰ ਨੂੰ ਪ੍ਰਵਾਨ ਸੀ, ਉਵੇਂ ਹੀ ਹੋ ਕੇ ਰਹਿਣਾ ਸੀ। ਇਸ ਲਈ ਸਦਾ ਕੋਈ ਦੁਨੀਆਂ 'ਤੇ ਰਿਹਾ ਨਹੀਂ, ਮੌਤ ਦਾ ਬਹਾਨਾ ਬਣਦਾ ਹੈ।



ਖ਼ੈਰ, ਹਕੀਮਾਂ ਨੇ ਦਵਾਈ ਦਾਰੂ ਕੀਤਾ। ਜ਼ਖ਼ਮ 'ਤੇ ਅੰਗੂਰ ਆਉਣਾ ਸ਼ੁਰੂ ਹੋ ਗਿਆ। ਇਸ ਗੱਲ ਨੂੰ ਸਿਰਫ਼ ਗੁਰੂ ਜੀ ਹੀ ਜਾਣਦੇ ਸਨ। ਬਾਕੀ ਸਾਰਾ ਖ਼ਾਲਸਾ ਕਹਿ ਰਿਹਾ ਸੀ ਕਿ ਹੁਣ ਗੁਰੂ ਜੀ ਠੀਕ ਹਨ। ਜਿਸ ਦਿਨ ਹਜ਼ੂਰ ਉੱਤੇ ਵਾਰ ਹੋਇਆ, ਸਿਰਫ਼ ਇਕ ਦਿਨ ਪਹਿਲਾਂ ਪੰਥ ਦੀ ਮਾਤਾ, ਮਾਤਾ ਸਾਹਿਬ ਕੌਰ ਨੂੰ ਦਿੱਲੀ ਨੂੰ ਤੋਰ ਦਿੱਤਾ। ਜੇ ਮਾਤਾ ਸਾਹਿਬ ਕੌਰ ਜੀ ਨੇ ਹੱਥ ਜੋੜ ਕੇ ਆਖਿਆ, ਹਜ਼ੂਰ ਜੀ ! ਮੈਂ ਆਪ ਦੇ ਦਰਸ਼ਨ ਕੀਤੇ ਬਗ਼ੈਰ ਪ੍ਰਸ਼ਾਦਾ ਨਹੀਂ ਛਕਦੀ, ਇਸ ਲਈ ਮੈਂ ਕਿਵੇਂ ਇਹ ਵਿਛੋੜਾ ਝਲੂੰਗੀ ? ਤਾਂ ਹਜ਼ੂਰ ਨੇ ਕਹਿ ਦਿੱਤਾ ਕਿ ਇਨ੍ਹਾਂ ਸ਼ਸਤਰਾਂ ਦੇ ਦਰਸ਼ਨ ਕਰਿਆ ਕਰਨਾ, ਸਾਡੇ ਦਰਸ਼ਨ ਇਨ੍ਹਾਂ ਸ਼ਸਤਰਾਂ ਵਿੱਚੋਂ ਹੋ ਜਾਇਆ ਕਰਨਗੇ। ਇਕ ਦਿਨ ਪਹਿਲਾਂ ਮਾਤਾ ਸਾਹਿਬ ਕੌਰ ਜੀ ਨੂੰ ਦਿੱਲੀ ਨੂੰ ਤੋਰ ਦੇਣਾ ਇਹ ਦੱਸਦਾ ਹੈ ਕਿ ਹਜ਼ੂਰ ਨੂੰ ਆਉਣ ਵਾਲੇ ਕੱਲ੍ਹ ਦਾ ਪਤਾ ਸੀ। ਇਕ ਦਿਨ ਚੰਦਨ ਵੇਚਣ ਵਾਲਾ ਵਪਾਰੀ ਚੰਦਨ ਦੀਆਂ ਲੱਕੜਾਂ ਲੈ ਕੇ ਆਇਆ ਸੀ। ਸੌ ਮਣ ਚੰਦਨ ਦੀਆਂ ਲੱਕੜਾਂ ਗੁਰੂ ਸਾਹਿਬ ਨੇ ਖ਼ਰੀਦ ਲਈਆਂ, ਪਰ ਇਸ ਰਮਜ਼ ਨੂੰ ਕੋਈ ਨਹੀਂ ਜਾਣ ਸਕਿਆ।

ਇਕ ਦਿਨ ਅਚਾਨਕ ਭਾਣਾ ਵਾਪਰਿਆ। ਇਕ ਕਾਰੀਗਰ ਬਹੁਤ ਵੱਡਾ ਧਨੁਸ਼ ਲੈ ਕੇ ਆਇਆ। ਸਿੱਖਾਂ ਨੂੰ ਕਹਿਣ ਲੱਗਾ, ਆਹ ਜਿਹੜੀ ਮੈਂ ਕਮਾਨ ਬਣਾਈ ਹੈ, ਇਸ ਦਾ ਅਜੇ ਤੱਕ ਕੋਈ ਸੂਰਮਾ ਚਿੱਲਾ ਨਹੀਂ ਚੜ੍ਹਾ ਸਕਿਆ। ਬੜੇ-ਬੜੇ ਰਾਜਪੂਤ ਬਹਾਦਰ ਵੇਖੇ ਹਨ, ਕੋਈ ਵੀ ਇਹਨੂੰ ਚਲਾ ਨਹੀਂ ਸਕਿਆ। ਸਿੱਖ ਹੱਸ ਕੇ ਕਹਿਣ ਲੱਗੇ, ਸਾਡੇ ਗੁਰੂ ਨੇ ਤਾਂ ਇਹੋ ਜਿਹੀਆਂ ਕਈ ਕਮਾਨਾਂ ਤੋੜ ਦਿੱਤੀਆਂ ਹਨ। ਆਇਆਂ ਹੈ ਵੱਡਾ ਕਮਾਨ ਵਾਲਾ। ਮਿਸਤਰੀ ਸਾਹਮਣੇ ਰੱਖ ਕੇ ਕਮਾਨ ਹਜ਼ੂਰ ਨੂੰ ਬੇਨਤੀ ਕਰਦਾ ਹੈ :—

## ਸਾਕਾ

ਭਾਣਾ ਆਣ ਅਕਾਲ ਨੇ ਇਕ ਦਿਨ ਵਰਤਾਇਆ।
ਸਮਝੇ ਉਸ ਅਕਾਲ ਦੀ ਕੋਈ ਵਿਰਲਾ ਮਾਇਆ।
ਬਹੁਤ ਵੱਡਾ ਮਿਸਤਰੀ ਸੀ ਇਕ ਧਨੁਸ਼ ਲਿਆਇਆ।
ਅੱਗੇ ਦਸਵੇਂ ਗੁਰਾਂ ਦੇ ਉਸ ਆਣ ਟਿਕਾਇਆ।
ਤੀਝਾਂ ਲਾ ਕੇ ਸਤਿਗੁਰੂ ਇਹ ਧਨੁਸ਼ ਬਣਾਇਆ।
ਜਿਸ ਦਾ ਚਿੱਲਾ ਅਜੇ ਤੀਕ ਨਹੀਂ ਕਿਸੇ ਚੜ੍ਹਾਇਆ।
'ਜਰਨੈਲ ਸਿੰਘਾ' ਨਹੀਂ ਕਿਸੇ ਤੋਂ ਗਿਆ ਚਲਾਇਆ।

ਜਿਹੜਾ ਮਿਸਤਰੀ ਕਮਾਨ ਨੂੰ ਤਿਆਰ ਕਰਦਾ ਹੈ, ਉਹ ਕਮਾਨ ਨੂੰ ਵਿਚਾਲਿਓਂ ਰੱਸੇ ਨਾਲ ਬੰਨ੍ਹ ਕੇ ਉਸ ਦੀ ਤੰਦੀ ਨਾਲ ਪੰਝੀ ਸੇਰ ਭਾਰ ਬੰਨ੍ਹ ਦਿੰਦਾ ਹੈ। ਜੇ ਤੰਦੀ ਖਿੱਚੀ ਜਾਵੇ ਤਾਂ ਮਿਸਤਰੀ ਲੋਕ ਉਸ ਕਮਾਨ ਨੂੰ ਇਕ ਟਾਂਕ ਦੀ ਕਮਾਨ ਮੰਨਦੇ ਹਨ। ਗੁਰੂ ਗੋਬਿੰਦ ਸਿੰਘ

ਮਹਾਰਾਜ ਇਤਨੇ ਬਲਵਾਨ ਸਨ ਕਿ ਉਹਨਾਂ ਨੇ ਚਮਕੌਰ ਤੇ ਮੁਕਤਸਰ ਦੇ ਮੈਦਾਨ ਵਿਚ ਜਿਹੜੀ ਕਮਾਨ ਵਰਤੀ ਸੀ, ਉਹ ਸੱਤ ਟਾਂਕ ਦੀ ਬਣੀ ਹੋਈ ਸੀ। ਕੌਣ ਜਾਣ ਸਕਦਾ ਹੈ ਕਿ ਕਿੰਨਾ ਬਲ ਸੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਂਹਵਾਂ ਵਿਚ ? ਜਦੋਂ ਇਹ ਕਮਾਨ ਹਜ਼ੂਰ ਦੇ ਅੱਗੇ ਰੱਖੀ ਗਈ ਤਾਂ ਗੁਰੂ ਜੀ ਨੇ ਆਪਣੇ ਭੱਥੇ ਵਿੱਚੋਂ ਬਹੁਤ ਵੱਡਾ ਤੀਰ ਕੱਢਿਆ ਤੇ ਆਖਿਆ, ਮਿਸਤਰੀ ਜੀ, ਜਿਹੜੀ ਕਮਾਨ ਕਿਸੇ ਤੋਂ ਨਹੀਂ ਚੱਲੀ, ਅੱਜ ਤੁਹਾਨੂੰ ਚਲਾ ਕੇ ਵਿਖਾ ਦਿੰਦੇ ਹਾਂ :—

## ਸਾਕਾ

ਰੋਹ ਵਿਚ ਆ ਕੇ ਸਤਿਗੁਰਾਂ ਹੱਥ ਧਨੁਸ਼ ਉਠਾਇਆ।
ਤੀਰ ਕੱਢ ਕੇ ਭੱਥਿਓਂ ਉਸ ਉੱਪਰ ਚੜ੍ਹਾਇਆ।
ਉਡਿਆ ਵੱਲ ਆਕਾਸ਼ 'ਤੇ ਕਿਤੇ ਦੂਰ ਸੁਧਾਇਆ।
ਜ਼ੋਰ ਗੁਰਾਂ ਦੇ ਜ਼ਖ਼ਮ ਨੂੰ ਉਸ ਵੇਲੇ ਆਇਆ।
ਖ਼ੂਨ ਧਰਤ 'ਤੇ ਵਹਿ ਰਿਹਾ ਨਾ ਜਾਏ ਅਟਕਾਇਆ।
ਵੇਖ ਗੁਰੂ ਕਾ ਖ਼ਾਲਸਾ ਬਹੁਤਾ ਘਬਰਾਇਆ।
ਲੰਘਿਆ ਵੇਲਾ ਕਦੇ ਵੀ ਮੁੜ ਨਹੀਂ ਆਇਆ।
ਹੱਸ ਕੇ ਦਸਵੇਂ ਗੁਰਾਂ ਨੇ ਮੁੱਖੋਂ ਫ਼ਰਮਾਇਆ।
'ਜਰਨੈਲ ਸਿੰਘਾ' ਕਿਸੇ ਕੰਮ ਨਹੀਂ ਮਗਰੋਂ ਪਛਤਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਖਿੱਚ ਕੇ ਕਮਾਨ ਚਲਾਈ। ਹਜ਼ੂਰ ਦੀ ਕਮਾਨ ਵਿੱਚੋਂ ਚੱਲਿਆ ਹੋਇਆ ਤੀਰ ਕਈਆਂ ਮੀਲਾਂ ਤੱਕ ਜਾਂਦਾ ਸੀ। ਇਹ ਤੀਰ ਵੀ ਕਿੰਨੀ ਦੂਰ ਡਿੱਗਾ ਹੋਵੇਗਾ, ਪਰ ਕਮਾਨ ਤਾਂ ਚੱਲ ਗਈ, ਚਿੱਲਾ ਤਾਂ ਚੜ੍ਹ ਗਿਆ, ਇਸ ਲਈ ਜਿਹੜਾ ਭਾਣਾ ਵਰਤਿਆ, ਉਹਦਾ ਕੋਈ ਇਲਾਜ ਨਾ ਰਿਹਾ। ਹਜ਼ੂਰ ਦੇ ਦਿਲ ਦੇ ਥੱਲੇ ਲੱਗੇ ਹੋਏ ਤੋਪੇ ਟੁੱਟ ਗਏ। ਖ਼ੰਜਰ ਜ਼ਹਿਰਲੀ ਹੋਣ ਕਾਰਨ ਉਸ ਦਾ ਜ਼ਹਿਰੀਲਾ ਮਾਦਾ ਬਣਿਆ ਹੋਇਆ ਸੀ। ਤੋਪੇ ਟੁੱਟਣ ਨਾਲ ਖ਼ੂਨ ਧਰਤੀ ਉੱਤੇ ਵਹਿ ਤੁਰਿਆ। ਹੁਣ ਸਿੱਖ ਪਛਤਾ ਰਹੇ ਹਨ ਕਿ ਕਿਉਂ ਗੁਰੂ ਜੀ ਨੂੰ ਕਮਾਨ ਚਲਾਉਣ ਵਾਸਤੇ ਆਖਿਆ। ਸਿੱਖ ਜਲਦੀ ਨਾਲ ਹਕੀਮ ਨੂੰ ਬੁਲਾ ਕੇ ਲਿਆਏ, ਪਰ ਹਜ਼ੂਰ ਨੇ ਕਹਿ ਦਿੱਤਾ, ਨਹੀਂ ਖ਼ਾਲਸਾ ਜੀ ਹੁਣ ਇਹ ਜ਼ਖ਼ਮ ਸੀਤਾ ਨਹੀਂ ਜਾਵੇਗਾ। ਹਕੀਮ ਵੱਲੋਂ ਜ਼ਖ਼ਮ ਧੋ ਕੇ ਸਾਫ਼ ਕੀਤਾ ਗਿਆ। ਹਜ਼ੂਰ ਦਾ ਚਿਹਰਾ ਉਸੇ ਤਰ੍ਹਾਂ ਚੜ੍ਹਦੀ ਕਲਾ ਵਿਚ ਸੀ। ਬਾਬਾ ਬੰਦਾ ਸਿੰਘ ਬਹਾਦਰ ਮਹਾਰਾਜ ਦੇ ਚਰਨਾਂ ਵਿਚ ਬੈਠਾ ਹੋਇਆ ਸੀ। ਬਹੁਤ ਵੱਡੀ ਲਿਸਟ ਹਜ਼ੂਰ ਨੇ ਬੰਦਾ ਸਿੰਘ ਬਹਾਦਰ ਨੂੰ ਦੇ ਕੇ ਆਖਿਆ— ਹੁਣ ਇਹਨਾਂ ਵੈਰੀਆਂ ਨੂੰ ਸੋਧਣ ਦੀ ਜ਼ਿੰਮੇਵਾਰੀ ਅਸੀਂ ਤੇਰੀ ਲਾਉਂਦੇ ਹਾਂ। ਆਖ਼ਰ ਹਜ਼ੂਰ ਨੇ ਕਹਿ ਦਿੱਤਾ— ਖ਼ਾਲਸਾ ਜੀ ! ਹੁਣ



ਸਾਡੀਆਂ ਤਿਆਰੀਆਂ ਹਨ। ਹੁਣ ਸਾਨੂੰ ਧੁਰ ਦਰਗਾਹ ਤੋਂ ਸੱਦਾ ਆ ਗਿਆ ਹੈ ਅਤੇ ਹੁਣ ਸਾਨੂੰ ਜਾਣਾ ਪਵੇਗਾ। ਇਹ ਸੁਣ ਕੇ ਸਿੱਖਾਂ ਨੇ ਮਨ ਭਰ ਕੇ ਆਖਿਆ— ਸੱਚੇ ਪਾਤਸ਼ਾਹ ! ਹੁਣ ਅਸੀਂ ਪੰਥ ਦੇ ਮਾਲਕ ਦਾ ਵਿਛੋੜਾ ਨਹੀਂ ਝੱਲ ਸਕਾਂਗੇ। ਹੁਣ ਅਸੀਂ ਕੀ ਕਰਾਂਗੇ ? ਮਹਾਰਾਜ ਨੇ ਆਖਿਆ— ਖ਼ਾਲਸਾ ਜੀ ! ਹੁਣ ਘਬਰਾਉਣਾ ਨਹੀਂ, ਮੈਂ ਅਕਾਲ ਦੇ ਹੁਕਮ ਨਾਲ ਹੀ ਖ਼ਾਲਸਾ ਸਾਜਿਆ ਸੀ ਤੇ ਅਕਾਲ ਦੇ ਲੜ ਲਾ ਕੇ ਹੀ ਚੱਲਿਆ ਹਾਂ। ਸਿੱਖਾਂ ਨੇ ਆਖਿਆ— ਮਹਾਰਾਜ ! ਹੁਣ ਕੌਣ ਸਾਡਾ ਗੁਰੂ ਹੋਵੇਗਾ ? ਹਜ਼ੂਰ ਨੇ ਆਖਿਆ— ਖ਼ਾਲਸਾ ਜੀ ! ਜਦੋਂ ਪੰਜ ਪਿਆਰੇ ਸਾਜੇ ਸਨ, ਗੁਰੂ ਹੋਣ ਦੀ ਓਦੋਂ ਹੀ ਤੁਹਾਨੂੰ ਅਹਿਮੀਅਤ ਬਖ਼ਸ਼ ਦਿੱਤੀ ਸੀ। ਪੰਜ ਸਿੰਘ ਗੁਰੂ ਦਾ ਰੂਪ ਹੋਣਗੇ। ਨਾਲ ਹੀ ਹਜ਼ੂਰ ਨੇ ਕਹਿ ਦਿੱਤਾ— ਕੱਲ ਨੂੰ ਬਹੁਤ ਵੱਡਾ ਦਰਬਾਰ ਸਜਾਇਆ ਜਾਵੇ।

ਪੰਡਾਲ ਲਾਇਆ ਗਿਆ। ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਪਾਲਕੀ ਵਿਚ ਪਾ ਕੇ ਲਿਆਂਦਾ ਗਿਆ। ਪੰਜ ਸਿੰਘ ਹਜ਼ੂਰ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖਿਲਾਰ ਲਏ ਹਨ। ਹਜ਼ੂਰ ਨੇ ਆਖ਼ਰੀ ਇਸ਼ਨਾਨ ਕੀਤਾ। ਨਵੇਂ ਬਸਤਰ ਪਹਿਨੇ। ਸਿਰ ਉੱਪਰ ਕਲਗੀ ਸਜਾਈ ਹੈ ਅਤੇ ਇਕ ਸਿੱਖ ਨੂੰ ਹੁਕਮ ਕੀਤਾ ਕਿ ਹੁਣ ਸਾਡੀ ਜਗ੍ਹਾ ਗੁਰੂ ਜੀ ਦੀ ਪਵਿੱਤਰ ਬਾਣੀ ਉੱਤੇ ਚੌਰ ਕੀਤਾ ਜਾਵੇ। ਆਪਣੇ ਗਾਤਰੇ ਵਾਲੀ ਸ੍ਰੀ ਸਾਹਿਬ ਤੇ ਪੰਜ ਪੈਸੇ ਹਜ਼ੂਰ ਨੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਪ੍ਰਦਖਣਾ ਕਰਕੇ ਉੱਚੀ ਆਵਾਜ਼ ਵਿਚ ਕਹਿਣ ਲੱਗੇ, ਖ਼ਾਲਸਾ ਜੀ ! ਇਹ ਅਕਾਲ ਦੀ ਬਾਣੀ ਹੈ। ਤੁਹਾਨੂੰ ਇਸ ਦੇ ਲੜ ਲਾ ਕੇ ਚੱਲਿਆ ਹਾਂ। ਅੱਜ ਤੋਂ ਸਾਡਾ ਸਰੀਰ ਖ਼ਾਲਸਾ ਪੰਥ ਵਿਚ ਹੋਵੇਗਾ ਅਤੇ ਆਤਮਾ ਗੁਰੂ ਗ੍ਰੰਥ ਵਿਚ ਹੋਵੇਗੀ। ਹਜ਼ੂਰ ਨੇ ਆਖ਼ਰ ਸਮੇਂ ਜੋ ਹਦਾਇਤਾਂ ਕੀਤੀਆਂ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—

## ਦੋਹਿਰਾ ਛੰਦ

1. ਮੱਥਾ ਟੇਕ ਗ੍ਰੰਥ ਨੂੰ, ਲੱਗੇ ਕਹਿਣ ਹਜ਼ੂਰ।
ਕਥਨ ਅਸਾਂ ਦੇ ਖ਼ਾਲਸਾ, ਰੱਖਣੇ ਯਾਦ ਜ਼ਰੂਰ।
ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ।
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।

2. ਬਾਣੀ ਨਾਨਕ ਗੁਰਾਂ ਨੇ, ਦਿੱਤੀ ਧੁਰੋਂ ਲਿਖਾ।
ਨੌਵੇਂ ਗੁਰਾਂ ਤੱਕ ਇਸ ਨੂੰ, ਦਿੱਤਾ ਸਿਰੇ ਚੜ੍ਹਾ।
ਪੜ੍ਹੇ ਸੁਣੇ ਤਰ ਜਾਣਗੇ, ਜੋ ਵੀ ਜੀਆ ਜੰਤ।
ਸਭ ਸਿੱਖਨ ਕੋ........

3. ਕਈ ਭਗਤਾਂ ਦੀ ਆਤਮਾ, ਦਸਾਂ ਗੁਰੂਆਂ ਦਾ ਰੂਪ।
ਨਾ ਭੁੱਲਣ ਸਿੱਖਿਆ ਬਾਪ ਦੀ, ਹੋਣ ਜੋ ਅਸਲ ਸਪੂਤ।
ਸ਼ਰਧਾ ਦੇ ਨਾਲ ਸਿਮਰਿਆਂ, ਮਿਲਦਾ ਹੈ ਭਗਵੰਤ।
ਸਭ ਸਿੱਖਨ ਕੋ........

4. ਬਾਣੀ ਸਾਡੀ ਆਤਮਾ, ਪੰਥ ਦੇ ਵਿਚ ਸਰੀਰ।
ਹੁਕਮ ਅਸਾਂ ਦਾ ਹੋਵੇਗਾ, ਜੋ ਕਹਿਣਗੇ ਪੰਜ ਬੀਰ।
ਪੜ੍ਹਨਾ ਪਰਚਾ ਸ਼ਬਦ ਦਾ, ਭੁੱਲ ਨਾ ਜਾਇਓ ਕਦੰਤ।
ਸਭ ਸਿੱਖਨ ਕੋ........

5. ਦੀਦਾਰ ਅਸਾਂ ਦਾ ਖ਼ਾਲਸਾ, ਰੱਖਣੀ ਓਟ ਅਕਾਲ।
ਕਾਇਮ ਹਮੇਸ਼ਾ ਰੱਖਣੀ, ਸਰਬ ਸ਼ੁਕਰ ਦੀ ਘਾਲ।
ਧਰਮ-ਯੁੱਧ ਵਿਚ ਬੁੱਕਣਾ, ਬਣ ਕੇ ਬੀਰ ਬਲਵੰਤ।
ਸਭ ਸਿੱਖਨ ਕੋ.........

6. ਪੰਜ ਬਾਣੀਆਂ ਪੜ੍ਹਨੀਆਂ, ਪੰਜੇ ਕੱਕੇ ਧਾਰ।
ਤਾਂ ਕਾਬੂ ਵਿਚ ਰਹਿਣਗੇ, ਲੋਭ, ਮੋਹ, ਹੰਕਾਰ।
ਖਿੜੀ ਹਮੇਸ਼ਾ ਰਹੇਗੀ, ਦਿਲ ਵਿਚ ਰੁੱਤ ਬਸੰਤ।
ਸਭ ਸਿੱਖਨ ਕੋ........

7. ਭੇਜਿਆ ਧੁਰੋਂ ਅਕਾਲ ਨੇ, ਸਾਜਨ ਲਈ ਪੰਥ।
ਦੋਵੇਂ ਮੇਰੇ ਰੂਪ ਨੇ, ਪੰਥ ਤੇ ਗੁਰੂ ਗ੍ਰੰਥ।
ਕਾਇਮ ਹਮੇਸ਼ਾ ਰੱਖਣੀ, ਸਾਡੀ ਰੀਤ ਚਲੰਤ।
ਸਭ ਸਿੱਖਨ ਕੋ........

8. ਜਿਹੜੇ ਬੰਦੇ ਜਾਣਗੇ, ਫਿਰ ਬਿਪਰਨ ਕੀ ਰੀਤ।
ਗੋਬਿੰਦ ਸਿੰਘ ਨਾ ਕਰੇਗਾ, ਉਨ੍ਹਾਂ ਦੀ ਪ੍ਰਤੀਤ।
'ਜਰਨੈਲ ਸਿੰਘਾ' ਨਹੀਂ ਭੁੱਲਣੇ, ਮੇਜਰ ਤੇ ਭਗਵੰਤ।
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।

ਪੰਜਾਂ ਦੀ ਸਿੱਖੀ ਦੇ ਵਿਚ ਬਹੁਤ ਮਹਾਨਤਾ ਹੈ। ਗੁਰੂ ਨਾਨਕ ਦੇਵ ਜੀ ਵੀ ਕਹਿੰਦੇ ਹਨ—ਪੰਚ ਪਰਵਾਨ, ਪੰਚ ਪਰਧਾਨ। ਭਾਈ ਗੁਰਦਾਸ ਜੀ ਵੀ ਕਹਿੰਦੇ ਹਨ—ਇਕ ਸਿੱਖ ਦੋਏ ਸਾਧ ਸੰਗਤ ਪੰਜ ਪਰਮੇਸ਼ਰ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਵੀ ਮੋਹਰ ਲਾ ਦਿੱਤੀ—



ਖਾਲਸਾ ਮੇਰਾ ਰੂਪ ਹੈ ਖ਼ਾਸ॥ ਖਾਲਸੇ ਮਹਿ ਹਉਂ ਕਰੌਂ ਨਿਵਾਸ॥

ਹਜ਼ੂਰ ਨੇ ਕਹਿ ਦਿੱਤਾ—

ਜਬ ਲਗ ਰਹੇ ਖਾਲਸਾ ਨਿਆਰਾ॥ ਤਬ ਲਗ ਤੇਜ ਦੇਊ ਮੈਂ ਸਾਰਾ॥
ਜਬ ਏਹ ਗਏ ਬਿਪਰਨ ਕੀ ਰੀਤ॥ ਮੈਂ ਨਾ ਕਰੂੰ ਇਨਕੀ ਪ੍ਰਤੀਤ॥

ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀ ਦੇ ਲੜ ਲਾਇਆ ਹੈ, ਪਰ ਸਿੱਖ ਅਖਵਾਉਣ ਵਾਲੇ ਅੱਜ ਭੁੱਲਦੇ ਜਾ ਰਹੇ ਹਨ। ਅੱਜ ਡੇਰਾਬੰਦੀ ਦੇ ਨਾਲ ਜੁੜਦੇ ਜਾ ਰਹੇ ਹਨ। ਨਕਲੀਆਂ ਦੇ ਚੇਲੇ ਬਣ ਗਏ ਹਨ। ਕਬਰਾਂ 'ਤੇ ਨੱਕ ਰਗੜ ਰਹੇ ਹਨ। ਸਤਿਗੁਰੂ ਕ੍ਰਿਪਾ ਕਰੇ, ਜੋ ਗੁਰੂ ਦਾ ਹੁਕਮ ਹੈ, ਉਹਨੂੰ ਅਸੀਂ ਹਿਰਦੇ ਵਿਚ ਵਸਾਈਏ।

ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ। ਏਸੇ ਰਾਤ ਹਜ਼ੂਰ ਪਰਦੇ ਅੰਦਰ ਚਲੇ ਗਏ, ਜਿੱਥੇ ਜਾ ਕੇ ਅਕਾਲ ਵਿਚ ਭੇਦ ਹੋ ਗਏ। ਅਗਲੇ ਦਿਨ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਦੇਹ ਦਾ ਸਸਕਾਰ ਕਰ ਦਿੱਤਾ। ਜਿੱਥੇ ਅੱਜ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਸ਼ੁਸ਼ੋਭਿਤ ਹੈ ਜਿਸ ਨੂੰ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਸੇਵਾ ਕਰਵਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਅਮਰ ਯਾਦ ਤਿਆਰ ਕੀਤੀ ਗਈ ਹੈ।

## ਸ਼ੇਅਰ

1.

ਪੜ੍ਹ ਕੇ ਵੇਖ ਲਉ ਸਿੱਖ ਇਤਿਹਾਸ ਵਿੱਚੋਂ, ਮੁਕਤਸਰ ਜੋ ਸਿੰਘ ਸ਼ਹੀਦ ਹੋਏ।
ਗੁਰਾਂ ਵਰ ਦਿੱਤਾ ਚਾਲੀ ਮੁਕਤਿਆਂ ਦਾ, ਬਾਜ਼ਾਂ ਵਾਲੇ ਦੇ ਜੋ ਮੁਰੀਦ ਹੋਏ।
ਪੂਜੇ ਜਾਂਦੇ ਉਹ ਸਦਾ ਜਰਨੈਲ ਸਿੰਘਾ, ਬਾਜ਼ਾਂ ਵਾਲੇ ਦੀ ਅਸਲ ਜੋ ਦੀਦ ਹੋਏ।
ਆਇਆ ਤਿੰਨ ਸੌ ਸਾਲਾ ਹੈ ਜੋੜ ਮੇਲਾ, ਮੁੜ ਵੇਖਣਾ ਨਹੀਂ ਨਸੀਬ ਹੋਏ।

2.

ਮਾਤਾ ਭਾਗੋ ਦੀ ਵਾਰਸੋ ਸਿੱਖ ਭੈਣੋਂ, ਮਾਤਾ ਭਾਗੋ ਨੂੰ ਤੁਸੀਂ ਸੰਭਾਲ ਰੱਖੋ।
ਸ਼ੀਣੀ ਮਾਝੇ ਦੀ ਚੰਡੀ ਸੀ ਰਾਖਸ਼ਾਂ ਲਈ, ਯਾਦ ਉਸ ਦਾ ਪਿੰਡ ਝਬਾਲ ਰੱਖੋ।
ਜਿੰਨੇ ਟੁੱਟੀ ਗੰਢਾਈ ਸੀ ਖ਼ਾਲਸੇ ਦੀ, ਯਾਦ ਉਸ ਦੀ ਤੁਸੀਂ ਵੀ ਘਾਲ ਰੱਖੋ।
ਗੁਰੂ ਗ੍ਰੰਥ ਤੇ ਪੰਥ ਦੇ ਨਾਲ ਜੁੜ ਜਾਓ, ਬੱਚੇ ਬੱਚੀਆਂ ਦੇ ਸਿਰ 'ਤੇ ਵਾਲ ਰੱਖੋ।

3.

ਹੁੰਦੇ ਕਦੇ ਮੁਥਾਜ ਨਹੀਂ ਦੀਵਿਆਂ ਦੇ, ਹਰ ਇਕ ਮੌਸਿਆ ਉਨ੍ਹਾਂ ਦੀ ਚਾਨਣੀ ਏ।
ਜਿਹੜੀ ਕੌਮ ਦੇ ਅਣਖੀ ਪਤੰਗਿਆਂ ਨੇ, ਸੇਜ ਸ਼ਮ੍ਹਾਂ ਦੀ ਲਾਟ 'ਤੇ ਮਾਨਣੀ ਏ।
ਤਾਜ ਮਹਿਲਾਂ ਨੂੰ ਡੁੰਮਣੇ ਲੱਖ ਦੀ ਏ, ਚੜ੍ਹਤ ਫਿਰ ਵੀ ਉਨ੍ਹਾਂ ਦੀ ਸੱਖਣੀ ਏ।
ਢੱਠੀ ਕੰਧ ਸਰਹਿੰਦ ਦੀ ਹਸ਼ਰ ਤਕ, ਉੱਚੀ ਪੱਗ ਪਰ ਕੌਮ ਦੀ ਰੱਖਣੀ ਏ।

4.

ਐ ਦਸਮੇਸ਼ ਪਿਤਾ ਕਰਾਂ ਕੀ ਸਿਫ਼ਤ ਤੇਰੀ,
ਲਫ਼ਜ਼ ਨੇ ਥੋੜੇ ਆਪ ਜੀ ਦੇ ਸਤਿਕਾਰ ਦੇ।
ਵਾਰ ਕੇ ਦੁਲਾਰੇ ਚਾਰ ਸਿੱਖੀ ਦੀ ਵਧਾਈ ਸ਼ਾਨ,
ਝੱਲੇ ਕਿੱਦਾਂ ਦੁੱਖੜੇ ਤੁਸੀਂ ਸਾਰੇ ਪਰਿਵਾਰ ਦੇ।
ਉਚਿਆਂ ਦਾ ਮਾਣ ਤੋੜ ਨੀਵਿਆਂ ਨੂੰ ਗਲ ਲਾਇਆ,
ਕਰਨੀ ਕੀ ਰੀਸ ਤੇਰੀ ਕਿਸੇ ਵਲੀ ਸੰਸਾਰ ਦੇ।
ਦਾਤਾ 'ਅਮਰ' ਨੇ ਓਟ ਤੱਕ ਤੇਰੇ ਪਾਕ ਚਰਨਾਂ ਦੀ,
ਚਾਹਿਆ ਖੜਨਾ ਹੈ ਵਿਚ ਸ਼ਾਇਰਾਂ ਦੀ ਕਤਾਰ ਦੇ।

5.

ਬਣਦੇ ਇਤਿਹਾਸ ਨਹੀਂ ਏਸ ਗਲੀ, ਅਸੀਂ ਰਾਜਿਆਂ ਦੇ ਬਹੁਤੇ ਪੂਰ ਜੰਮੇ।
ਆਉਣ ਵਾਲੀਆਂ ਨਸਲਾਂ ਨੇ ਪੁੱਛਣਾ ਏ, ਕਿਹੜੀ ਕੌਮ ਨੇ ਬਹੁਤੇ ਮਨਸੂਰ ਜੰਮੇ।
ਕਦਰ ਜ਼ਿੰਦਗੀ ਦੀ ਉਹੀ ਪਾ ਸਕਦੇ, ਜਿਹੜੀ ਕੌਮ ਨੂੰ ਮਰਨ ਦਾ ਝੱਲ ਪੈ ਜੇ।
ਅੰਤ ਪਵੇਗਾ ਮੁੱਲ ਕੁਰਬਾਨੀਆਂ ਦਾ, ਭਾਵੇਂ ਅੱਜ ਪਏ ਭਾਵੇਂ ਕੱਲ ਪੈ ਜੇ।

6.

ਪਾਪ ਕੀਤਿਆਂ ਕੁਰਕ ਉਜਾੜ ਹੋਵੇ, ਭਲਾ ਮੰਗੀਏ ਵੱਸਦੇ ਡੇਰਿਆਂ ਦਾ।
ਮਿੱਤਰ ਆਖ ਕੇ ਫਿਰ ਧਰੋ ਕਰਨ, ਇਹ ਤਾਂ ਕੰਮ ਹੈ ਚੋਰ ਲੁਟੇਰਿਆਂ ਦਾ।
ਪਹਿਲਾਂ ਮੋਹ ਪਿਆਰ ਦਾ ਜਾਲ ਪਾ ਕੇ, ਪਿੱਛੋਂ ਵੱਢਦਾ ਗਲਾ ਬਟੇਰਿਆਂ ਦਾ।
ਨੀਵੇਂ ਹੋ ਕੇ ਵੱਸੀਏ ਵਿਚ ਦੁਨੀਆਂ, ਛੱਡੇ ਮਾਣ ਨਾ ਰੱਬ ਉਚੇਰਿਆਂ ਦਾ।

7.

ਉਸ ਮਿਸਤਰੀ ਬੜੀ ਕਮਾਲ ਕੀਤੀ, ਪੁਤਲਾ ਸਾਜਿਆ ਜਿੰਨੇ ਇਨਸਾਨ ਦਾ ਹੈ।
ਕੋਈ ਆਖਦਾ ਏਸ ਵਿਚ ਰੱਬ ਰਹਿੰਦਾ, ਕੋਈ ਆਖਦਾ ਘਰ ਸ਼ੈਤਾਨ ਦਾ ਹੈ।
ਕੋਈ ਆਖਦਾ ਮਿੱਟੀ ਦੀ ਮੁੱਠ ਹੈ ਇਹ, ਕੋਈ ਆਖਦਾ ਰੂਪ ਭਗਵਾਨ ਦਾ ਹੈ।
ਕੁਝ ਨਹੀਂ ਕਿਸੇ ਨੂੰ ਪਤਾ ਜਰਨੈਲ ਸਿੰਘਾ, ਘੜਨ ਵਾਲਾ ਹੀ ਸਭ ਕੁਝ ਜਾਣਦਾ ਹੈ।

8.

ਪੌਣੇ ਤਿੰਨ ਸੌ ਸਾਲ ਦੀ ਗੱਲ ਹੈ, ਜਦੋਂ ਜ਼ੋਰ ਸੀ ਇੱਥੇ ਬੇਗਾਨਿਆਂ ਦਾ।
ਜਿਹਦਾ ਰਾਜ ਹੁੰਦਾ ਉਹਦਾ ਕਾਜ ਹੁੰਦਾ, ਸੱਚਾ ਕਥਨ ਹੈ ਬੰਦਿਆਂ ਦਾਨਿਆਂ ਦਾ।



ਫਿਰਦੇ ਸਿੰਘ ਵੀ ਤਲੀ 'ਤੇ ਰੱਖ ਜਾਨਾਂ, ਵੱਡਾ ਹੌਸਲਾ ਦੇਸ਼-ਦੀਵਾਨਿਆਂ ਦਾ।
ਸ਼ਮ੍ਹਾਂ ਬਲੀ ਸੀ ਮੁਗਲਾਂ ਦੇ ਜ਼ੁਲਮ ਵਾਲੀ, ਸਿੰਘ ਧਾਰ ਗਏ ਰੂਪ ਪ੍ਰਵਾਨਿਆਂ ਦਾ।

9.

ਜਰੇ ਜਾਂਦੇ ਨਾ ਵੇਖ ਕੇ ਖ਼ਾਲਸੇ ਤੋਂ, ਹੁੰਦੇ ਜ਼ੁਲਮ ਜੋ ਬੇਗੁਨਾਹ ਉੱਤੇ।
ਮਾਣ ਮੁਗਲਾਂ ਨੂੰ ਆਪਣੇ ਰਾਜ ਦਾ ਸੀ, ਮਾਣ ਸਿੰਘ ਨੂੰ ਆਪਣੀ ਬਾਂਹ ਉੱਤੇ।
ਜਿਊਂਦੇ ਬੰਨ੍ਹ ਕੇ ਸਿੰਘ ਲਾਹੌਰ ਖੜਨੇ, ਫ਼ੌਜ ਚਾੜ੍ਹਤੀ ਪਿੰਡ ਵਾਂ ਉੱਤੇ।
ਮਾਣ ਕੌਮ ਨੂੰ ਬੜਾ ਜਰਨੈਲ ਸਿੰਘਾ, ਤਾਰਾ ਸਿੰਘ ਸ਼ਹੀਦ ਦੇ ਨਾਂ ਉੱਤੇ।

10.

ਜੀਆ ਜੇ ਤੂੰ ਜ਼ਿੰਦਗੀ ਲੋੜਦਾ ਏਂ, ਪਰਉਪਕਾਰ ਦੇ ਲਈ ਹਲਾਕ ਹੋ ਜਾ।
ਲਾਹ ਕੇ ਦੂਈ ਦਵੈਤ ਦੀ ਮੈਲ ਦਿਲ ਤੋਂ, ਮਾਣ ਤਾਣ ਛੱਡ ਕੇ ਹੌਲਾ ਕਾਕ ਹੋ ਜਾ।
ਜੁਗਤੀ ਨਾਲ ਮੁਕਤੀ ਹੀਰ ਲੈਣ ਬਦਲੇ, ਚੌਧਰਪੁਣਾ ਛੱਡ ਕੇ ਚਾਕ ਹੋ ਜਾ।
ਪਲਕਾਂ ਵਿਚ ਵਸਾਉਣਗੇ ਲੋਕ ਤੈਨੂੰ, ਗੁਰੂ ਨਾਨਕ ਦੇ ਚਰਨਾਂ ਦੀ ਖ਼ਾਕ ਹੋ ਜਾ।

11.

ਵਰਨ ਲਈ ਅਜ਼ਾਦੀ ਦੀ ਹੀਰ ਤਾਈਂ, ਰਾਂਝੇ ਦੇਸ਼ ਦੇ ਫਿਰ ਮੈਦਾਨ ਆਏ।
ਨਾਮਧਾਰੀਏ ਤੇ ਗ਼ਦਰੀ ਸੂਰਮੇ ਜੋ, ਅਜ਼ਾਦੀ ਜੰਗ ਦੇ ਬਲੀ ਬਲਵਾਨ ਆਏ।
ਉਧਰ ਯਾਰ ਅੰਗਰੇਜ਼ ਦੇ ਦੇਸ਼ ਦੋਖੀ, ਦੇਸ਼ ਭਗਤਾਂ ਦਾ ਕਰਨ ਨੁਕਸਾਨ ਆਏ।
ਬੱਬਰ ਸ਼ੇਰ ਜਰਨੈਲ ਗੜਗੱਜ ਮੁੜ ਕੇ, ਝੋਲੀ ਚੁੱਕਾਂ ਦੀ ਅਲਖ ਮੁਕਾਣ ਆਏ।

12.

ਮਹਾਰਾਜੇ ਰਣਜੀਤ ਸਿੰਘ ਦੀ ਮੌਤ ਪਿੱਛੋਂ, ਗ਼ਦਾਰ ਜੁੰਡਲੀ ਇਕ ਤਿਆਰ ਹੋਈ।
ਧਿਆਨ ਸਿੰਘ ਗੁਲਾਬ ਸਿੰਘ ਡੋਗਰੇ ਤੋਂ, ਬੁਰੀ ਤਰ੍ਹਾਂ ਸੀ ਕੌਮ ਖ਼ਵਾਰ ਹੋਈ।
ਤੇਜਾ ਸਿੰਘ ਤੇ ਲਾਲੂ ਗ਼ਦਾਰ ਹੱਥੋਂ, ਮੁਦਕੀ ਫੇਰੂ ਸਭਰਾਵਾਂ ਦੀ ਹਾਰ ਹੋਈ।
ਮੋਇਆ ਰੁਲ ਕੇ ਕੰਵਰ ਦਲੀਪ ਸਿੰਘ ਸੀ, ਰਾਣੀ ਜਿੰਦਾਂ ਵੀ ਬਹੁਤ ਖ਼ਵਾਰ ਹੋਈ।

13.

ਆਉਣ ਜਾਣ ਜਹਾਨ ਦੇ ਵਿਚ ਬਣਿਆ, ਬੰਦਾ ਵਾਂਗ ਮੁਸਾਫ਼ਰਾਂ ਦੇ ਉੱਠ ਜਾਵੇ।
ਓਦੋਂ ਜੀਵ ਦੀ ਕੋਈ ਨਹੀਂ ਪੇਸ਼ ਜਾਂਦੀ, ਜਦੋਂ ਜੱਗ 'ਚ ਚੋਗ ਨਿਖੁੱਟ ਜਾਵੇ।
ਸਾਇੰਸਦਾਨ ਵੀ ਨਹੀਂ ਜੋੜ ਸਕਦੇ, ਤਾਰਾ ਜ਼ਿੰਦਗੀ ਦਾ ਜਦੋਂ ਟੁੱਟ ਜਾਵੇ।
ਬਾਜ ਮੌਤ ਦਾ ਮਾਰਦਾ ਝਪਟ ਐਸੀ, ਘੁੱਗੀ ਵਾਂਗ ਮਰੋੜ ਕੇ ਸੁੱਟ ਜਾਵੇ।

❑

# ਪ੍ਰਸੰਗ

# ਬਾਬਾ ਬੰਦਾ ਸਿੰਘ ਬਹਾਦਰ ਦਾ ਬਚਪਨ

# ਅਤੇ

# ਗੁਰੂ ਜੀ ਨਾਲ ਮੇਲ ਤੇ ਸਰਹੰਦ ਫ਼ਤਹਿ

ਰਾਜਪੂਤ ਘਰਾਣੇ ਵਿਚ ਜਨਮ ਲੈਣ ਵਾਲੇ ਲਛਮਣ ਦੇਵ ਦੇ ਸ਼ੌਕ ਕੁਝ ਵੱਖਰੇ ਸਨ। ਸ਼ਸਤਰ ਵਿੱਦਿਆ ਬਚਪਨ ਵਿਚ ਹਾਸਲ ਕੀਤੀ। ਤੀਰ-ਅੰਦਾਜ਼ੀ ਦਾ ਪੂਰਾ ਮਾਹਿਰ ਬਣ ਗਿਆ। ਰੋਜ਼ਾਨਾ ਸ਼ਿਕਾਰ ਮਾਰਨਾ ਇਸ ਦਾ ਨਿਯਮ ਸੀ।

ਇਕ ਦਿਨ ਜੰਗਲ ਵਿਚ ਗਿਆ। ਹਿਰਨੀ ਦੇ ਤੀਰ ਮਾਰਿਆ ਅਤੇ ਹਿਰਨੀ ਧਰਤੀ 'ਤੇ ਡਿੱਗ ਪਈ। ਤੇਜ਼ ਛੁਰੀ ਨਾਲ ਪੇਟ ਚਾਕ ਕੀਤਾ। ਹਿਰਨੀ ਦੇ ਢਿੱਡ ਵਿਚੋਂ ਬੱਚੇ ਨਿਕਲੇ, ਜਿਨ੍ਹਾਂ ਨੇ ਲਛਮਣ ਦੇਵ ਦੀਆਂ ਅੱਖਾਂ ਸਾਹਮਣੇ ਤੜਪ-ਤੜਪ ਕੇ ਦਮ ਤੋੜਿਆ। ਇਸ ਘਟਨਾ ਨੇ ਰਾਜਪੂਤ ਦੇ ਪੁੱਤ ਨੂੰ ਵੈਰਾਗੀ ਬਣਾ ਦਿੱਤਾ।

## ਕੋਰੜਾ

1. ਹਿਰਨੀ ਦੇ ਤੀਰ ਵੱਜਾ ਜਾ ਸ਼ਿਕਾਰੀ ਦਾ।
ਲੰਘ ਗਿਆ ਪੇਟ ਚੀਰ ਕੇ ਵਿਚਾਰੀ ਦਾ।
ਮਾਰੀ ਜਾ ਝਪਟ ਕਾਲ ਬਾਜ਼ ਉਸ ਨੂੰ।
ਐਸਾ ਲੱਗਾ ਆਣ ਕੇ ਵੈਰਾਗ ਉਸ ਨੂੰ।

2. ਪੇਟ ਵਿੱਚੋਂ ਬੱਚੇ ਨਿਕਲੇ ਜਿਊਂਦੇ ਸੀ।
ਸਹਿਕਦੇ ਵਿਚਾਰੇ ਜੀਭਾ ਨੂੰ ਹਿਲਾਉਂਦੇ ਸੀ।
ਕਹਿਣਾ ਚਾਹੁੰਦੇ ਜਿਸ ਤਰ੍ਹਾਂ ਜੱਲਾਦ ਉਸ ਨੂੰ।
ਐਸਾ ਲੱਗਾ........

3. ਹਿਰਨੀ ਦੇ ਬੱਚੇ ਸਹਿਕਦੇ ਮਰ ਗਏ।
ਜਨਮਾਂ ਦਾ ਪਾਪੀ ਨੂੰ ਗਿਆਨ ਕਰ ਗਏ।
ਅੱਖੀਂ ਦਿਸ ਪਿਆ ਜਮਰਾਜ ਉਸ ਨੂੰ।
ਐਸਾ ਲੱਗਾ........

4. ਪੱਥਰਾਂ 'ਤੇ ਮਾਰ ਮਾਰ ਤੀਰ ਤੋੜ ਤੇ।
ਸੁੱਟ ਤੀ ਕਮਾਨ ਨਦੀ 'ਚ ਮਰੋੜ ਕੇ।
ਜਗੇ ਦਿਸੇ ਮੌਤ ਦੇ ਚਿਰਾਗ਼ ਉਸ ਨੂੰ।
ਐਸਾ ਲੱਗਾ........

5. ਨੈਣਾਂ ਵਿੱਚੋਂ ਨੀਰ ਨਾਲੇ ਪਿਆ ਵਹਾਉਂਦਾ ਹੈ।
ਸਦਨੇ ਭਗਤ ਵਾਂਗ ਪਛਤਾਉਂਦਾ ਹੈ।
ਦੇਣਾ ਪੈਣਾ ਪਾਪਾਂ ਦਾ ਹਿਸਾਬ ਉਸ ਨੂੰ।
ਐਸਾ ਲੱਗਾ........

6. ਕੀਤਿਆਂ ਪਾਪਾਂ ਉੱਤੇ ਪਛਤਾਉਂਦਾ ਏ।
ਦਿਨ ਰਾਤ ਨਾਮ ਰੱਬ ਦਾ ਧਿਆਉਂਦਾ ਏ।
ਗੰਗਾ ਨੂੰ ਰਲਾ ਕੇ ਲੈ ਗਏ ਸਾਧ ਉਸ ਨੂੰ।
ਐਸਾ ਲੱਗਾ........

7. ਰੱਖ ਲਿਆ ਨਾਮ ਉਸ ਨੇ ਮਾਧੋ ਦਾਸ ਜੀ।
ਜੱਗ 'ਤੇ ਮਸ਼ਹੂਰ ਉਹਦੀ ਕਰਾਮਾਤ ਜੀ।
ਲੱਭਿਆ ਨਾ ਚੰਗਾ ਉਸਤਾਦ ਉਸ ਨੂੰ।
ਐਸਾ ਲੱਗਾ........

8. ਸਿਰ 'ਤੇ ਵਧਾਈਆਂ ਲੰਮੀਆਂ ਜਟਾਵਾਂ ਜੀ।
ਪੈਰਾਂ ਵਿਚ ਪਾ ਕੇ ਰੱਖਦਾ ਖੜਾਵਾਂ ਜੀ।
ਲੱਗਦੀ ਨਾ ਠੰਡ ਵਿਚ ਮਾਘ ਉਸ ਨੂੰ।
ਐਸਾ ਲੱਗਾ........

9. ਗਰਮੀ 'ਚ ਸਗੋਂ ਧੂਣੀਆਂ ਤਪਾਉਂਦਾ।
ਕਰਾਮਾਤ ਨਾਲ ਲੋਕਾਂ ਨੂੰ ਡਰਾਉਂਦਾ।
ਲੱਗ ਗਈ ਪਖੰਡੀ ਦੀ ਲਾਗ ਉਸ ਨੂੰ।
ਐਸਾ ਲੱਗਾ........

10. ਮਾਧੋ ਦਾਸ ਨਾਮ ਆਪਣਾ ਸਦਾਉਂਦਾ ਹੈ।
ਮੀਟ ਤੇ ਸ਼ਰਾਬ ਨੂੰ ਨਾ ਹੱਥ ਲਾਉਂਦਾ ਹੈ।

ਮਿਲੇ ਸਭਰਾਈਆਂ ਮਹਾਰਾਜ ਉਸ ਨੂੰ।
ਐਸਾ ਲੱਗਾ ਆਣ ਕੇ ਵੈਰਾਗ ਉਸ ਨੂੰ।

ਲਛਮਣ ਦਾਸ ਘਰ-ਬਾਹਰ ਛੱਡ ਕੇ ਤੀਰਥ-ਯਾਤਰਾ 'ਤੇ ਚੱਲ ਪਿਆ। ਰਾਮ ਥੰਮਣ ਦੇ ਮੇਲੇ 'ਤੇ ਗਿਆ। ਇਥੋਂ ਹਰਿਦੁਆਰ ਗਿਆ। ਏਥੇ ਇਕ ਲੋਨੀਆ ਨਾਂ ਦਾ ਸਿੱਧ ਲਛਮਣ ਦੇਵ ਦਾ ਉਸਤਾਦ ਬਣ ਗਿਆ। ਲਛਮਣ ਦੇਵ ਤੋਂ ਮਾਧੋ ਦਾਸ ਵੈਰਾਗੀ ਨਾਮ ਰੱਖਿਆ। ਇਹ ਉਹ ਸਮਾਂ ਸੀ ਜਦੋਂ ਬੰਦਗੀ ਕਰਨ ਵਾਲੇ ਲੋਕ ਕਰਾਮਾਤਾਂ ਦੇ ਜਾਲ ਵਿਚ ਫਸ ਜਾਂਦੇ ਸਨ। ਮਾਧੋ ਦਾਸ ਨੇ ਆਪਣੇ ਉਸਤਾਦ ਕੋਲੋਂ ਤਾਂਤਰਿਕ ਵਿੱਦਿਆ ਸਿੱਖੀ ਹੋਈ ਸੀ। ਇਹ ਚਲਦਾ-ਚਲਦਾ ਗੋਦਾਵਰੀ ਨਦੀ ਦੇ ਕਿਨਾਰੇ ਨਾਂਦੇੜ ਸ਼ਹਿਰ ਪਹੁੰਚਿਆ। ਇੱਥੇ ਇਕ ਆਸ਼ਰਮ ਤਿਆਰ ਕੀਤਾ। ਇਥੇ ਤਿੰਨ ਸੌ ਦੇ ਕਰੀਬ ਮਾਧੋ ਦਾਸ ਦਾ ਚੇਲਾ ਬਣ ਚੁੱਕਾ ਹੈ। ਮਾਧੋ ਦਾਸ ਨੇ ਆਏ ਗਏ ਮਹਾਤਮਾ ਵਾਸਤੇ ਪਲੰਘ ਡਾਹਿਆ ਹੋਇਆ ਸੀ। ਜਦੋਂ ਕੋਈ ਮਹਾਤਮਾ ਇਸ ਪਲੰਘ 'ਤੇ ਬੈਠ ਜਾਂਦਾ ਹੈ ਤਾਂ ਮਾਧੋ ਦਾਸ ਆਪਣੀ ਕਰਾਮਾਤ ਨਾਲ ਉਸ ਪਲੰਘ ਨੂੰ ਪਲਟਾ ਦਿਆ ਕਰਦਾ ਅਤੇ ਬਾਅਦ ਵਿਚ ਖਿੜ-ਖਿੜਾ ਕੇ ਹੱਸਿਆ ਕਰਦਾ। ਇਹ ਲੋਕਾਂ ਦੇ ਸਾਹਮਣੇ ਦਰਸਾਉਣਾ ਚਾਹੁੰਦਾ ਸੀ ਕਿ ਮੇਰੇ ਵਿਚ ਉਹ ਕਰਾਮਾਤ ਹੈ ਜੋ ਦੁਨੀਆਂ ਦੇ ਕਿਸੇ ਬੰਦੇ ਵਿਚ ਨਹੀਂ।

ਏਧਰ ਗੁਰੂ ਗੋਬਿੰਦ ਸਿੰਘ ਜੀ, ਸਾਰਾ ਪਰਿਵਾਰ ਵਾਰ ਕੇ, ਬਹਾਦਰ ਸ਼ਾਹ ਨੂੰ ਤਖ਼ਤ ਦੇ ਕੇ ਅੱਗੇ ਤੁਰ ਪਏ। ਵਾਅਦਾ ਕੀਤਾ ਸੀ ਬਹਾਦਰ ਸ਼ਾਹ ਨੇ ਕਿ ਮੈਂ ਤੁਹਾਡੇ ਦੁਸ਼ਮਣ ਤੁਹਾਨੂੰ ਫੜਾ ਦੇਵਾਂਗਾ, ਪਰ ਸਮਾਂ ਆਉਣ 'ਤੇ ਬਾਦਸ਼ਾਹ ਮੁਕਰਦਾ ਦਿਸਿਆ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, ਬਹਾਦਰ ਸ਼ਾਹ ! ਤੂੰ ਰਾਜ ਵਿਚ ਫੁੱਟ ਪੈਣ ਤੋਂ ਡਰਦਾ ਹੈਂ, ਇਸ ਲਈ ਮੈਂ ਕਿਸੇ ਇਕ ਅਜਿਹੇ ਸੂਰਮੇ ਨੂੰ ਤਿਆਰ ਕਰਾਂਗਾ, ਜਿਨ੍ਹਾਂ ਤੋਂ ਬਦਲਾ ਲੈਣਾ ਹੈ, ਉਹ ਉਨ੍ਹਾਂ ਦਾ ਨਾਮੋ ਨਿਸ਼ਾਨ ਮਿਟਾ ਦੇਵੇਗਾ। ਇਹ ਕਹਿ ਕੇ ਹਜ਼ੂਰ ਦੱਖਣ ਨੂੰ ਚੱਲ ਪਏ।

ਚੱਲਦਿਆਂ-ਚੱਲਦਿਆਂ ਹਜ਼ੂਰ ਆਖ਼ਰ ਨਾਂਦੇੜ ਸ਼ਹਿਰ ਪਹੁੰਚ ਗਏ। ਇਥੇ ਆਇਆਂ ਨੂੰ ਚਾਰ-ਪੰਜ ਦਿਨ ਹੋਏ ਸਨ ਜਾਂ ਲੋਕਾਂ ਨੇ ਦੱਸਿਆ ਕਿ ਇਥੇ ਇਕ ਪਾਖੰਡੀ ਸਾਧ ਰਹਿੰਦਾ ਹੈ। ਇਸ ਤੋਂ ਪਹਿਲਾਂ ਮਹੰਤ ਜੈਤ ਰਾਮ ਨੇ ਹਜ਼ੂਰ ਨੂੰ ਦੱਸਿਆ ਸੀ ਮਹਾਰਾਜ ! ਕਿਤੇ ਮਾਧੋ ਦਾਸ ਦੇ ਡੇਰੇ ਨਾ ਚੱਲੇ ਜਾਣਾ, ਉਹ ਬਹੁਤ ਕਰਾਮਾਤੀ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਦੇ ਆਸ਼ਰਮ 'ਤੇ ਹੀ ਗਏ। ਮਾਧੋ ਦਾਸ ਨਦੀ ਵਿਚ ਇਸ਼ਨਾਨ ਕਰਨ ਵਾਸਤੇ ਗਿਆ ਸੀ। ਗੁਰੂ ਜੀ ਨੇ ਮਾਧੋ ਦਾਸ ਦੇ ਪਲੰਘ ਉੱਤੇ ਬੈਠ ਕੇ ਹੁਕਮ ਕੀਤਾ—ਬੱਕਰਾ ਝਟਕਾਇਆ ਜਾਵੇ। ਸਿੱਖਾਂ ਨੇ ਮਾਧੋ ਦਾਸ ਦੇ ਬੱਕਰਿਆਂ ਵਿੱਚੋਂ ਇਕ ਬੱਕਰਾ ਝਟਕ ਦਿੱਤਾ।

ਏਧਰ ਮਾਧੋ ਦਾਸ ਦੇ ਚੇਲਿਆਂ ਨੇ ਉਸ ਨੂੰ ਜਾ ਕੇ ਦੱਸਿਆ ਕਿ ਮਾਧੋ ਦਾਸ ਜੀ ! ਇਕ ਪੰਜਾਬ ਤੋਂ ਚੱਲਿਆ ਹੋਇਆ ਮਹਾਂਪੁਰਸ਼ ਤੇਰੇ ਪਲੰਘ 'ਤੇ ਆਣ ਬੈਠਾ ਹੈ। ਉਸ ਦੇ ਬੰਦਿਆਂ ਨੇ ਤੇਰੇ ਬੱਕਰਿਆਂ ਵਿੱਚੋਂ ਇਕ ਬੱਕਰਾ ਝਟਕ ਦਿੱਤਾ ਹੈ। ਮਾਧੋ ਦਾਸ ਨੇ ਆਪਣੀਆਂ



ਕਰਾਮਾਤਾਂ ਵਰਤੀਆਂ, ਪਰ ਪਲੰਘ ਪੁੱਠਾ ਨਾ ਹੋਇਆ। ਉਹਨੇ ਆਪਣੇ ਬੀਰ ਭੇਜੇ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣੇ ਭੱਥੇ ਵਿੱਚੋਂ ਤੀਰ ਕੱਢ ਕੇ ਪਲੰਘ ਦੇ ਚਾਰੇ ਪਾਵਿਆਂ ਨਾਲ ਰੱਖ ਦਿੱਤੇ। ਜਦੋਂ ਬੀਰ ਅੱਗੇ ਹੁੰਦੇ ਨੇ ਤਾਂ ਉਹਨਾਂ ਨੂੰ ਅੱਗ ਲੱਗ ਜਾਂਦੀ ਹੈ। ਉਨ੍ਹਾਂ ਜਾ ਕੇ ਦੱਸਿਆ, ਮਾਧੋ ਦਾਸ ! ਤੇਰੀਆਂ ਕਰਾਮਾਤਾਂ, ਤੇਰੀਆਂ ਸ਼ਕਤੀਆਂ ਉਹਦੇ ਸਾਹਮਣੇ ਹਾਰ ਗਈਆਂ ਹਨ। ਉਹ ਖ਼ੁਦਾ ਦਾ ਰੂਪ ਪ੍ਰਮਾਤਮਾ ਆਪ ਆਣ ਬੈਠਾ ਹੈ। ਆਇਆ ਮਾਧੋ ਦਾਸ, ਆਣ ਕੇ ਹਜ਼ੂਰ ਨੂੰ ਮੱਥਾ ਟੇਕਿਆ। ਸਤਿਗੁਰੂ ਪੁੱਛਦੇ ਹਨ ਕਿ ਤੂੰ ਕੌਣ ਹੈਂ ? ਹੱਥ ਜੋੜ ਕੇ ਮਾਧੋ ਦਾਸ ਕਹਿਣ ਲੱਗਾ, ਮਹਾਰਾਜ ! ਮੇਰਾ ਨਾਂ ਮਾਧੋ ਦਾਸ ਹੈ। ਮਹਾਂਪੁਰਸ਼ੋ ! ਤੁਸੀਂ ਬਹੁਤ ਪਾਪ ਕੀਤਾ ਹੈ। ਮੈਂ ਵੈਸ਼ਨੋ ਬੰਦਾ ਹਾਂ, ਤੁਹਾਡੇ ਬੰਦਿਆਂ ਨੇ ਮੇਰੇ ਆਸ਼ਰਮ ਵਿਚ ਬੱਕਰਾ ਝਟਕ ਦਿੱਤਾ ਹੈ। ਮੇਰਾ ਆਸ਼ਰਮ ਭਿੱਟਾ ਦਿੱਤਾ ਹੈ। ਹਜ਼ੂਰ ਹੱਸ ਕੇ ਕਹਿਣ ਲੱਗੇ, ਮਾਧੋ ਦਾਸ ! ਬੱਕਰਾ ਤਾਂ ਤੇਰੇ ਆਸ਼ਰਮ ਦੀ ਇਕ ਨੁੱਕਰੇ ਹੀ ਝਟਕਿਆ ਹੈ, ਤੇਰਾ ਸਾਰਾ ਆਸ਼ਰਮ ਕਿਵੇਂ ਭਿੱਟਿਆ ਗਿਆ ? ਮਾਧੋ ਦਾਸ ਕਹਿੰਦਾ ਹੈ, ਮਹਾਰਾਜ ! ਚਾਹੇ ਇਕ ਨੁੱਕਰੇ ਹੀ ਝਟਕਿਆ ਹੈ, ਪਰ ਮੇਰਾ ਸਾਰਾ ਆਸ਼ਰਮ ਭਿੱਟਿਆ ਗਿਆ ਹੈ। ਗੁਰੂ ਜੀ ਕਹਿਣ ਲੱਗੇ, ਮਾਧੋ ਦਾਸ ! ਜਿਸ ਜਿਸ ਧਰਤੀ 'ਤੇ ਮਾਸੂਮਾਂ ਦੇ ਖ਼ੂਨ ਦੀਆਂ ਨਦੀਆਂ ਚੱਲੀਆਂ ਹੋਣ, ਉਹ ਧਰਤੀ ਕਿਵੇਂ ਪਵਿੱਤਰ ਰਹਿ ਸਕਦੀ ਹੈ। ਤੇਰਾ ਆਸ਼ਰਮ ਵੀ ਭਾਰਤ ਦੀ ਧਰਤੀ ਉੱਤੇ ਹੀ ਹੈ, ਹੋਰ ਦੂਸਰੇ ਦੇਸ਼ ਦੀ ਧਰਤੀ ਉੱਤੇ ਨਹੀਂ। ਜਦੋਂ ਹਜ਼ੂਰ ਨੇ ਗਿਆਨ ਦੇ ਤੀਰ ਚਲਾਏ ਤਾਂ ਮਾਧੋ ਦਾਸ ਹਜ਼ੂਰ ਦੇ ਚਰਨਾਂ 'ਤੇ ਢਹਿ ਕੇ ਕਹਿਣ ਲੱਗਾ, ਮਹਾਰਾਜ ! ਮੈਂ ਆਪ ਦਾ ਬੰਦਾ ਹਾਂ, ਮੈਨੂੰ ਬਖ਼ਸ਼ ਦਿਉ। ਗੁਰੂ ਜੀ ਕਹਿੰਦੇ ਹਨ, ਜੇ ਤੂੰ ਬੰਦਾ ਹੈਂ ਤਾਂ ਬੰਦਿਆਂ ਵਾਲੇ ਕੰਮ ਕਰ। ਇਸ ਲਈ ਪਖੰਡ ਕਰਨੋਂ ਹੱਟ ਜਾ। ਹਜ਼ੂਰ ਦੇ ਚਰਨਾਂ 'ਤੇ ਝੁਕਿਆ ਹੋਇਆ ਮਾਧੋ ਦਾਸ ਕੀ ਕਹਿ ਰਿਹਾ ਹੈ, ਸਤਿਗੁਰੂ ਗਿਆਨ ਦੇ ਤੀਰ ਲਾ ਕੇ ਕੀ ਕਹਿ ਰਹੇ ਨੇ, ਇਉਂ ਪੇਸ਼ ਕੀਤਾ ਜਾ ਰਿਹਾ ਹੈ :—

## ਜੁਗਨੀ

1. ਅੱਜ ਮੇਲ ਹੋ ਗਿਆ ਕਰਮਾਂ ਦਾ।
ਪਾਪੀ ਹਾਂ ਪਿਛਲੇ ਜਨਮਾਂ ਦਾ।
ਗਿਆ ਚੁੱਕਿਆ ਹਨੇਰਾ ਭਰਮਾਂ ਦਾ।
ਅਗਿਆਨੀ ਅਕਲੋਂ ਅੰਧਾ ਹਾਂ।
ਢਹਿ ਚਰਨੀਂ ਮਾਧੋ ਦਾਸ ਕਹੇ,
ਸਤਿਗੁਰ ਜੀ ਤੇਰਾ ਬੰਦਾ ਹਾਂ।

1. ਕਿਹਾ ਹੱਸ ਕੇ ਬਾਜ਼ਾਂ ਵਾਲੇ ਨੇ।
ਦੁਖੀਆਂ ਦੇ ਰਖਵਾਲੇ ਨੇ।
ਤੇਰੇ ਠੀਕ ਨਾ ਸਾਧਾ ਚਾਲੇ ਨੇ।
'ਮੈਂ' ਮਨ ਦੀ ਪਹਿਲਾਂ ਹਰ ਲੈ ਤੂੰ।

ਜੇ ਬੰਦਿਆ ਬੰਦਾ ਰੱਬ ਦਾ ਏਂ,
ਕੰਮ ਬੰਦਿਆਂ ਵਾਲੇ ਕਰ ਲੈ ਤੂੰ।

2. ਗੁਰੂ ਮਿਲਿਆ ਨਾ ਅੱਗੇ ਪੂਰਾ ਜੀ।
ਰਹਿ ਗਿਆ ਹਾਂ ਤਦੇ ਅਧੂਰਾ ਜੀ।
ਮਨ ਤਪੇ ਵਾਂਗ ਤੰਦੂਰਾਂ ਜੀ।
ਅੱਜ ਹੋ ਗਿਆ ਬਰਫੋਂ ਠੰਡਾ ਹਾਂ।
ਢਹਿ ਚਰਨੀਂ ਮਾਧੋ ਦਾਸ ਕਹੇ,
ਸਤਿਗੁਰ ਜੀ ਤੇਰਾ ਬੰਦਾ ਹਾਂ।

2. ਕਰਾਮਾਤਾਂ ਬਹੁਤ ਵਿਖਾਉਂਦਾ ਤੂੰ।
ਬਾਹਲਾ ਲੋਕਾਂ ਤਾਈਂ ਡਰਾਉਂਦਾ ਤੂੰ।
ਕੀ ਰੱਬ ਨੂੰ ਮੂੰਹ ਵਿਖਾਉਣਾ ਤੂੰ।
ਉਸ ਮਾਲਕ ਕੋਲੋਂ ਡਰ ਲੈ ਤੂੰ।
ਜੇ ਬੰਦਿਆ ਬੰਦਾ ਰੱਬ ਦਾ ਏਂ,
ਕੰਮ ਬੰਦਿਆਂ ਵਾਲੇ ਕਰ ਲੈ ਤੂੰ।

3. ਹੋ ਜਾਵੇ ਜੈਸੀ ਸੰਗਤ ਜੀ,
ਚੜ੍ਹ ਜਾਵੇ ਐਸੀ ਰੰਗਤ ਜੀ।
ਲੈ ਬੈਠੀ ਬੁਰੀ ਸੰਗਤ ਜੀ,
ਤਦੇ ਕਰਦਾ ਮਾੜਾ ਧੰਦਾ ਹਾਂ।
ਢਹਿ ਚਰਨੀਂ ਮਾਧੋ ਦਾਸ ਕਹੇ,
ਸਤਿਗੁਰ ਜੀ ਤੇਰਾ ਬੰਦਾ ਹਾਂ।

3. ਕਰਾਮਾਤਾਂ ਲਾਉਣਾ ਪਾਰ ਨਹੀਂ।
ਕੀਤਾ ਰੱਬ ਦੇ ਨਾਲ ਪਿਆਰ ਨਹੀਂ।
ਗਿਆ ਦਿਲ ਵਿੱਚੋਂ ਹੰਕਾਰ ਨਹੀਂ।
ਪਾਪਾਂ ਦੇ ਬੇੜੇ ਭਰ ਲਏ ਤੂੰ।
ਜੇ ਬੰਦਿਆ ਬੰਦਾ ਰੱਬ ਦਾ ਏਂ,
ਕੰਮ ਬੰਦਿਆਂ ਵਾਲੇ ਕਰ ਲੈ ਤੂੰ।

4. ਲੱਗ ਧੂੜੀ ਤੇਰੇ ਚਰਨਾਂ ਦੀ,
ਮੈਲ ਲੱਥ ਗਈ ਪਿਛਲੇ ਜਨਮਾਂ ਦੀ।
ਰੁੱਤ ਆ ਗਈ ਚੰਗਿਆਂ ਕਰਮਾਂ ਦੀ।



ਸ਼ੁੱਧ ਹੋ ਗਿਆ ਫਿਰ ਕੇ ਰੰਦਾ ਹਾਂ।
ਢਹਿ ਚਰਨੀਂ ਮਾਧੋ ਦਾਸ ਕਹੇ,
ਸਤਿਗੁਰ ਜੀ ਤੇਰਾ ਬੰਦਾ ਹਾਂ।

4. ਤੈਨੂੰ ਖੰਡਿਓਂ ਪੋਹਲ ਛਕਾਉਂਦੇ ਹਾਂ।
ਅੱਜ ਗਿੱਦੜੋਂ ਸ਼ੇਰ ਬਣਾਉਂਦੇ ਹਾਂ।
ਤੈਨੂੰ ਜੰਗੀ ਸਿੰਘ ਸਜਾਉਂਦੇ ਹਾਂ।
ਦੁੱਖ ਸਿੱਖੀ ਪਿੱਛੇ ਜਰ ਲੈ ਤੂੰ।
ਜੇ ਬੰਦਿਆ ਬੰਦਾ ਰੱਬ ਦਾ ਏਂ,
ਕੰਮ ਬੰਦਿਆਂ ਵਾਲੇ ਕਰ ਲੈ ਤੂੰ।

ਗੁਰੂ ਗੋਬਿੰਦ ਸਿੰਘ ਜੀ ਹੱਸ ਕੇ ਕਹਿਣ ਲੱਗੇ, ਮਾਧੋ ਦਾਸ ! ਅਜੇ ਤੇਰਾ ਸ਼ਿਕਾਰੀ ਸੁਭਾਅ ਨਹੀਂ ਬਦਲਿਆ। ਨਿੱਕਾ ਹੁੰਦਾ ਤੂੰ ਹਿਰਨੀਆਂ ਦਾ ਸ਼ਿਕਾਰ ਕਰਦਾ ਸੀ ਤੇ ਹੁਣ ਆਏ-ਗਏ ਕਿਸੇ ਵੀ ਰੱਬੀ ਬੰਦੇ ਨੂੰ ਪਲੰਘ ਉੱਤੇ ਬਿਠਾ ਕੇ ਤੂੰ ਆਪਣੇ ਮਨ ਦੀ ਤਸੱਲੀ ਕਰਦਾ ਹੈਂ ਜਦੋਂ ਤੱਕ ਉਸ ਬੰਦੇ ਨੂੰ ਪਲੰਘ ਦੇ ਥੱਲੇ ਨਹੀਂ ਦੇ ਲੈਂਦਾ। ਮਾਧੋ ਦਾਸ, ਲੱਖ ਯਤਨ ਲਗਾ ਲੈ, ਇਹ ਤੇਰਾ ਪਲੰਘ ਮੂਧਾ ਨਹੀਂ ਹੋਵੇਗਾ। ਮਾਧੋ ਦਾਸ ਹਜ਼ੂਰ ਦੇ ਚਰਨਾਂ ਉੱਤੇ ਢਹਿ ਪਿਆ ਤੇ ਕਹਿਣ ਲੱਗਾ, ਮਹਾਰਾਜ ! ਮੈਨੂੰ ਵੀ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਆਪਣੇ ਜੰਗੀ ਸੂਰਮਿਆਂ ਵਰਗਾ ਬਣਾਓ। ਹਜ਼ੂਰ ਨੇ ਆਖਿਆ—ਮਾਧੋ ਦਾਸ ! ਤੈਨੂੰ ਅਸੀਂ ਰੱਬ ਦਾ ਬੰਦਾ ਬਣਾ ਦਿੰਦੇ ਹਾਂ। ਹਜ਼ੂਰ ਨੇ ਹੁਕਮ ਕੀਤਾ ਕਿ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਜਾਵੇ। ਪੰਜਾਂ ਪਿਆਰਿਆਂ ਨੇ ਅੰਮ੍ਰਿਤ ਤਿਆਰ ਕੀਤਾ। ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ ਮਾਧੋ ਦਾਸ ਤੋਂ ਬੰਦਾ ਸਿੰਘ ਬਹਾਦਰ ਬਣਾ ਦਿੱਤਾ। ਮਾਧੋ ਦਾਸ ਦੇ ਤਿੰਨ ਸੌ ਚੇਲਿਆਂ ਨੂੰ ਵੀ ਅੰਮ੍ਰਿਤ ਛਕਾ ਕੇ ਜੰਗੀ ਸੂਰਮੇ ਬਣਾ ਦਿੱਤਾ ਗਿਆ। ਸਮਾਂ ਬੀਤਦਾ ਗਿਆ। ਬੰਦਾ ਸਿੰਘ ਬਹਾਦਰ ਹਜ਼ੂਰ ਦੇ ਚਰਨਾਂ ਵਿਚ ਦੋ ਟਾਈਮ ਦੀਵਾਨ ਸਰਵਣ ਕਰਦਾ ਹੈ।

ਏਧਰ ਵਜ਼ੀਰ ਖ਼ਾਂ ਦੇ ਭੇਜੇ ਹੋਏ ਦੋ ਪਠਾਣਾਂ ਨੇ ਗੁਰੂ ਜੀ ਉੱਤੇ ਜਾਨ ਲੇਵਾ ਹਮਲਾ ਕੀਤਾ। ਖ਼ੰਜਰ ਮਾਰ ਦਿੱਤੀ। ਪਠਾਣ ਬੇਸ਼ੱਕ ਖ਼ਾਲਸੇ ਨੇ ਮਾਰ ਦਿੱਤੇ, ਪਰ ਇਸ ਗੱਲ ਦਾ ਬੰਦਾ ਸਿੰਘ ਉੱਤੇ ਬਹੁਤ ਮਾਰੂ ਅਸਰ ਹੋਇਆ। ਇਹ ਜ਼ਖ਼ਮ ਸੀਤਾ ਗਿਆ। ਜ਼ਖ਼ਮ 'ਤੇ ਅੰਗੂਰ ਆ ਗਿਆ। ਜਿਸ ਮੌਕੇ 'ਤੇ ਗੁਰੂ ਸਾਹਿਬ ਨੇ ਕਮਾਨ ਚਲਾਈ ਤਾਂ ਹਜ਼ੂਰ ਦੇ ਜ਼ਖ਼ਮ ਉੱਤੋਂ ਤੋਪੇ ਟੁੱਟ ਗਏ। ਗੁਰੂ ਜੀ ਨੇ ਕਹਿ ਦਿੱਤਾ, ਖ਼ਾਲਸਾ ਜੀ ! ਹੁਣ ਸਾਡੀਆਂ ਤਿਆਰੀਆਂ ਨੇ। ਇਸ ਮੌਕੇ 'ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਹਜ਼ੂਰ ਦੇ ਚਰਨਾਂ ਵਿਚ ਬੇਨਤੀ ਕੀਤੀ, ਸਤਿਗੁਰੂ ! ਮੈਨੂੰ ਪੰਜਾਬ ਨੂੰ ਭੇਜਿਆ ਜਾਵੇ, ਮੈਂ ਵੈਰੀਆਂ ਤੋਂ ਬਦਲੇ ਲਵਾਂਗਾ। ਗੁਰੂ ਗੋਬਿੰਦ ਸਿੰਘ ਜੀ ਬਹੁਤ ਵੱਡੀ ਲਿਸਟ ਬੰਦਾ ਸਿੰਘ ਦੇ ਹੱਥ ਵਿਚ ਫੜਾ ਕੇ ਪੰਜਾਬ ਨੂੰ ਤੋਰਨ ਲੱਗੇ, ਗੁਰੂ ਜੀ ਕੀ ਕਹਿ ਰਹੇ ਹਨ :—

## ਕੋਰੜਾ

1. ਬੰਦਾ ਸਿੰਘ ਸੂਰਮੇਂ ਨੂੰ ਜੋਸ਼ ਜਾਗਿਆ।
ਦੇਣ ਲੱਗੇ ਦਸਵੇਂ ਪਿਤਾ ਜੀ ਆਗਿਆ।
ਅੰਗ-ਸੰਗ ਸਮਝੀਂ ਹਜ਼ੂਰ ਬੰਦਿਆ।
ਏਨੇ ਵੈਰੀ ਸੋਧਣੇ ਜ਼ਰੂਰ ਬੰਦਿਆ।

2. ਛੱਡਣਾ ਜਿਊਂਦਾ ਨਹੀਂ ਵਜ਼ੀਦ ਖ਼ਾਨ ਨੂੰ।
ਮਿੱਟੀ 'ਚ ਮਿਲਾ ਦਈਂ ਉਹਦੀ ਆਨ ਸ਼ਾਨ ਨੂੰ।
ਝੱਲਣੀ ਕਿਸੇ ਨਹੀਂ ਤੇਰੀ ਘੂਰ ਬੰਦਿਆ।
ਏਨੇ ਵੈਰੀ ਸੋਧਣੇ........

3. ਮਿੱਟੀ 'ਚ ਮਿਲਾ ਕੇ ਛੱਡੀਂ ਸਰਹਿੰਦ ਨੂੰ।
ਬਾਲ ਬੱਚੇ ਸਣੇ ਸੋਧੀਂ ਸੁੱਚਾ ਨੰਦ ਨੂੰ।
ਸਾੜੀਂ ਵਿਚ ਸੁੱਟ ਕੇ ਤੰਦੂਰ ਬੰਦਿਆ।
ਏਨੇ ਵੈਰੀ ਸੋਧਣੇ........

4. ਬੇਈਮਾਨ ਮਾਰੀਂ ਰਾਜੇ ਬਾਈਧਾਰ ਦੇ।
ਖਾ ਕੇ ਕਸਮਾਂ ਜੋ ਜ਼ਬਾਨੋਂ ਹਾਰਦੇ।
ਦਿਲੋਂ ਲਾਹ ਦਈਂ ਉਨ੍ਹਾਂ ਦੇ ਗ਼ਰੂਰ ਬੰਦਿਆ।
ਏਨੇ ਵੈਰੀ ਸੋਧਣੇ........

5. ਬਾਸਲ ਅਤੇ ਬਾਸ਼ਲ ਕਮਾਇਆ ਕਹਿਰ ਹੈ।
ਵੱਸਦਾ ਜਲਾਲਦੀਨ ਉਸੇ ਸ਼ਹਿਰ ਹੈ।
ਝਾੜ ਦਈਂ ਸਮਾਣੇ ਵਾਲੇ ਬੂਰ ਬੰਦਿਆ।
ਏਨੇ ਵੈਰੀ ਸੋਧਣੇ........

6. ਬੁੱਧੂ ਸ਼ਾਹ ਦਾ ਕਾਤਲ ਸਮਾਨ ਖ਼ਾਨ ਓਏ।
ਛੱਡੀਂ ਨਾ ਸਢੌਰੇ ਦਾ ਨਾਮੋਂ ਨਿਸ਼ਾਨ ਓਏ।
ਬੁੱਧੂ ਸ਼ਾਹ ਨੂੰ ਮਾਰਿਆ ਬੇਕਸੂਰ ਬੰਦਿਆ।
ਏਨੇ ਵੈਰੀ ਸੋਧਣੇ........



7. ਛੱਡਣਾ ਨਹੀਂ ਗੰਗੂ ਪਾਪੀ ਦਾ ਖ਼ਿਆਲ ਹੈ,
ਏਸੇ ਨੇ ਫੜਾਏ ਛੋਟੇ ਲਾਲ ਹੈ।
ਕਰੀਂ ਮਾਝੇ ਮਾਲਵੇ ਦਾ ਟੂਰ ਬੰਦਿਆ।
ਏਨੇ ਵੈਰੀ ਸੋਧਣੇ........

8. ਤੇਰੇ ਸਾਵੇਂ ਬੰਦਿਆ ਨਾਂ ਵੈਰੀ ਅੜੇਗਾ,
ਯਾਦ ਰੱਖੀਂ ਜਿਹੜਾ ਅੜੇਗਾ ਉਹੀ ਝੜੇਗਾ।
ਯੋਧਾ ਜਰਨੈਲ ਤੂੰ ਮਸ਼ਹੂਰ ਬੰਦਿਆ।
ਏਨੇ ਵੈਰੀ ਸੋਧਣੇ ਜ਼ਰੂਰ ਬੰਦਿਆ।

ਮਹਾਰਾਜ ਨੇ ਬੰਦਾ ਸਿੰਘ ਬਹਾਦਰ ਨੂੰ ਤਿਆਰ ਕੀਤਾ। ਪੰਜ ਤੀਰ ਬਖ਼ਸ਼ੇ, ਇਕ ਤਲਵਾਰ ਬਖ਼ਸ਼ੀ, ਪੰਜ ਪਿਆਰੇ ਦਿੱਤੇ, ਨਿਸ਼ਾਨ ਸਾਹਿਬ ਦਿੱਤਾ ਅਤੇ ਪੰਜੀ ਸਿੰਘ ਦਿੱਤੇ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਪੰਜਾਬ ਵੱਲ ਤੁਰ ਪਿਆ। ਗੁਰੂ ਮਹਾਰਾਜ ਨੇ ਹੁਕਮਨਾਮੇ ਲਿਖੇ। ਹੁਕਮਨਾਮੇ ਪੜ੍ਹਦਿਆਂ ਸਾਰ ਸਿੰਘਾਂ ਨੇ ਵਹੀਰ ਘੱਤ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਦਾ ਬਹੁਤ ਵੱਡਾ ਦਲ ਪੰਜਾਬ ਤੱਕ ਆਉਂਦਿਆਂ ਬਣ ਗਿਆ। ਕਿਹੜੇ-ਕਿਹੜੇ ਸ਼ਹਿਰ ਉੱਤੇ ਬੰਦਾ ਸਿੰਘ ਬਹਾਦਰ ਨੇ ਹਮਲਾ ਕੀਤਾ ? ਕਿਵੇਂ ਉਹਨੇ ਵੈਰ ਲਏ ? ਇਉਂ ਪੇਸ਼ ਕੀਤਾ ਜਾ ਰਿਹਾ ਹੈ :—

## ਪਉੜੀ

1. ਫ਼ੌਜ ਬੰਦਾ ਸਿੰਘ ਚਾੜ੍ਹਤੀ ਝੱਟ ਵੱਲ ਸਮਾਣੇ।
ਕਹਿੰਦਾ ਨਹੀਂ ਏਂ ਛੱਡਣੇ ਜ਼ਾਲਮ ਜਰਵਾਣੇ।
ਸ਼ਹਿਰ ਚੁਫੇਰਿਓਂ ਘੇਰਿਆ ਲਾ ਚੋਟ ਨਗਾਰੇ।
ਬਦਲੇ ਬੰਦਾ ਸਿੰਘ ਨੇ ਲਏ ਗਿਣ-ਗਿਣ ਸਾਰੇ।

2. ਜਲਾਲਦੀਨ ਜੱਲਾਦ ਨੂੰ ਫੜ ਕੇ ਝੱਟ ਲਟਕਾਇਆ।
ਸਾਡੇ ਨੌਵੇਂ ਗੁਰਾਂ 'ਤੇ ਤੂੰ ਵਾਰ ਚਲਾਇਆ।
ਕੋਟ ਫ਼ੌਲਾਦੀ ਚੀਰ ਗਏ ਖੰਡੇ ਦੋ ਧਾਰੇ।
ਬਦਲੇ ਬੰਦਾ ਸਿੰਘ ਨੇ ਲਏ ਗਿਣ-ਗਿਣ ਸਾਰੇ।

3. ਸ਼ਾਸ਼ਲ ਬਾਸ਼ਲ ਬੇਗ ਦੇ ਕਰ'ਤੇ ਫੜ ਟੋਟੇ।
ਲਾਲ ਗੁਰੂ ਦਸਮੇਸ਼ ਦੇ ਇਨ੍ਹਾਂ ਮਾਰੇ ਛੋਟੇ।

ਰਾਹ ਨਰਕਾਂ ਦੇ ਤੋਰ ਤੇ ਵੱਡ ਸਣ ਪਰਿਵਾਰੇ।
ਬਦਲੇ ਬੰਦਾ ਸਿੰਘ ਨੇ ਲਏ ਗਿਣ-ਗਿਣ ਸਾਰੇ।

4. ਵੱਢਿਆ ਅਲੀ ਹੁਸੈਨ ਨੂੰ ਸੱਥ ਵਿਚ ਲਿਆ ਕੇ,
ਕਿਲ੍ਹਾ ਛਡਵਾਇਆ ਜਿਨ੍ਹਾਂ ਨੇ ਗੁਰਾਂ ਤੋਂ ਕਸਮਾਂ ਖਾ ਕੇ।
ਚੜ੍ਹੇ ਸਢੌਰੇ ਵੱਲ ਨੂੰ ਸਿੰਘ ਛੱਡ ਜੈਕਾਰੇ।
ਬਦਲਾ ਬੰਦਾ ਸਿੰਘ ਨੇ ਲਏ ਗਿਣ-ਗਿਣ ਸਾਰੇ।

5. ਪੀਰ ਬੁੱਧੂ ਸ਼ਾਹ ਭਗਤ ਨੂੰ ਜਿਨ੍ਹਾਂ ਮਰਵਾਇਆ।
ਜਿਊਂਦਾ ਇਕ ਨਾ ਛੱਡਿਆ ਜੋ ਕਾਬੂ ਆਇਆ।
ਸ਼ਹਿਰ ਲੁੱਟ ਲਿਆ ਖ਼ਾਲਸੇ ਅੱਖ ਦੇ ਫੁਲਕਾਰੇ।
ਬਦਲੇ ਬੰਦਾ ਸਿੰਘ ਨੇ ਲਏ ਗਿਣ-ਗਿਣ ਸਾਰੇ।

6. ਮਾਇਆ ਲੁੱਟੀ ਮਣਾਂ ਮੂੰਹੀ ਰਹੀ ਟੋਟ ਨਾ ਕਾਈ।
ਜਿੱਧਰ ਵੀ ਸਿੰਘ ਲੰਘ ਗਏ ਕਰ ਗਏ ਸਫ਼ਾਈ।
ਦਿਨੇ ਵਿਖਾ ਤੇ ਯੋਧਿਆਂ ਕਈਆਂ ਨੂੰ ਤਾਰੇ।
ਬਦਲੇ ਬੰਦਾ ਸਿੰਘ ਨੇ ਲਏ ਗਿਣ-ਗਿਣ ਸਾਰੇ।

ਗੁਰੂ ਗੋਬਿੰਦ ਸਿੰਘ ਜੀ ਦਾ ਭੇਜਿਆ ਹੋਇਆ ਬਾਬਾ ਬੰਦਾ ਸਿੰਘ ਬਹਾਦਰ ਤਬਾਹੀ ਮਚਾਉਂਦਾ ਆ ਰਿਹਾ ਹੈ। ਵੱਡੇ-ਵੱਡੇ ਖੱਬੀ ਖ਼ਾਨਾਂ ਦੀਆਂ ਧੌਣਾਂ, ਬੰਦਾ ਸਿੰਘ ਬਹਾਦਰ ਨੇ ਭੰਨ ਦਿੱਤੀਆਂ ਸਨ। ਉਹ ਕਪੂਰੀ ਜਿੱਥੋਂ ਦੇ ਹਾਕਮਾਂ ਨੇ ਰੱਬ ਭੁਲਾਇਆ ਹੋਇਆ ਸੀ, ਗ਼ਰੀਬਾਂ ਦੀਆਂ ਇੱਜ਼ਤਾਂ ਚੁੱਕ ਕੇ ਆਪਣੇ ਮਹਿਲਾਂ ਵਿਚ ਲਿਆ ਕੇ ਬਰਬਾਦ ਕਰਿਆ ਕਰਦੇ ਸੀ, ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਕਪੂਰੀ ਦਾ ਨਾਮੋਂ ਨਿਸ਼ਾਨ ਮਿਟਾ ਦਿੱਤਾ। ਸਾਢੌਰੇ ਦੇ ਸਮਾਨ ਖ਼ਾਨ ਨੂੰ ਸੋਧਿਆ ਤੇ ਸਮਾਣੇ ਦਾ ਨਾਮੋਂ ਨਿਸ਼ਾਨ ਮਿਟਾ ਦਿੱਤਾ ਗਿਆ। ਫੇਰ ਬੰਦਾ ਸਿੰਘ ਬਹਾਦਰ ਨੇ ਮੂੰਹ ਕੀਤਾ ਸ਼ੱਤਬਨੂੜ ਨੂੰ। ਇਸ ਬਨੂੜ ਦਾ ਵੀ ਨਾਮੋਂ ਨਿਸ਼ਾਨ ਮਿਟਾ ਦਿੱਤਾ ਗਿਆ। ਹੁਣ ਬਾਬਾ ਬੰਦਾ ਸਿੰਘ ਬੈਠਾ ਹੈ ਸ਼ੱਤਬਨੂੜ ਦੀ ਦੇਹ ਉੱਤੇ।

ਏਧਰ ਮਾਝੇ ਮਾਲਵੇ ਤੋਂ ਸਿੰਘਾਂ ਦੇ ਦਸਤੇ ਬਾਬਾ ਬੰਦਾ ਸਿੰਘ ਨਾਲ ਮਿਲਦੇ ਜਾ ਰਹੇ ਹਨ। ਮਾਝੇ ਵਿੱਚੋਂ ਬਾਬਾ ਬਾਜ ਸਿੰਘ ਦੀ ਕਮਾਨ ਥੱਲੇ ਦਲ ਚੱਲਿਆ ਹੈ। ਇਹ ਵੀ ਮੰਜ਼ਿਲਾਂ ਮਾਰਦਾ ਹੋਇਆ, ਰੋਪੜ ਵਾਲੇ ਪਾਸਿਉਂ ਸਤਲੁਜ ਦਰਿਆ ਨੂੰ ਪਾਰ ਕਰਕੇ, ਬੰਦਾ ਸਿੰਘ ਬਹਾਦਰ ਕੋਲ ਪਹੁੰਚਣਾ ਚਾਹੁੰਦਾ ਹੈ।

ਏਧਰ ਵਜ਼ੀਦ ਖ਼ਾਂ ਨੂੰ ਕਿਸੇ ਨੇ ਖ਼ਬਰ ਦਿੱਤੀ ਕਿ ਹੁਣ ਗੁਰੂ ਗੋਬਿੰਦ ਸਿੰਘ ਦਾ ਭੇਜਿਆ



ਹੋਇਆ ਬੰਦਾ ਸਿੰਘ ਬਹਾਦਰ ਕਈਆਂ ਸ਼ਹਿਰਾਂ ਦਾ ਨਾਮੋ ਨਿਸ਼ਾਨ ਮਿਟਾ ਚੁੱਕਾ ਹੈ। ਉਹਨੇ ਵੱਡੇ-ਵੱਡੇ ਜਰਵਾਣੇ ਮਾਰ ਦਿੱਤੇ ਹਨ। ਹੁਣ ਸੂਬਾ ਸਰਹਿੰਦ ਜੀ, ਆਪ ਦੀ ਵਾਰੀ ਹੈ। ਬੰਦਾ ਸਿੰਘ ਬਹੁਤ ਵੱਡੀ ਤਾਕਤ ਲੈ ਕੇ ਸਰਹਿੰਦ 'ਤੇ ਟੁੱਟ ਪਵੇਗਾ। ਬੰਦਾ ਸਿੰਘ ਦਾ ਆਉਣਾ ਸੁਣਿਆ ਤਾਂ ਵਜ਼ੀਦ ਖ਼ਾਂ ਦੇ ਅੱਖਾਂ ਸਾਹਮਣੇ ਮੌਤ ਨੱਚ ਉੱਠੀ। ਉਹਨੇ ਆਪਣੇ ਜਰਨੈਲਾਂ ਨੂੰ ਇਕੱਠਿਆਂ ਕੀਤਾ ਤੇ ਆਖਿਆ—ਮੇਰੇ ਬਹਾਦਰ ਸੂਰਮਿਓ ! ਹੁਣ ਕੀ ਕੀਤਾ ਜਾਵੇ ? ਉਹਦੇ ਜਰਨੈਲਾਂ ਨੇ ਬੜੇ ਮਾਣ ਨਾਲ ਆਖਿਆ, ਜੇ ਗੁਰੂ ਗੋਬਿੰਦ ਸਿੰਘ ਨਹੀਂ ਸਾਡਾ ਕੁਝ ਵਿਗਾੜ ਸਕਿਆ ਤਾਂ ਉਹਦਾ ਭੇਜਿਆ ਹੋਇਆ ਬੰਦਾ ਸਿੰਘ ਕੀ ਕਰ ਲਵੇਗਾ। ਸਾਡੀਆਂ ਗਜ਼-ਗਜ ਚੌੜੀਆਂ ਛਾਤੀਆਂ ਹਨ। ਅਸੀਂ ਬੁਰਜਾਂ-ਬੁਰਜਾਂ ਜਿੱਡੇ ਜਵਾਨ ਹਾਂ। ਸਾਬਤ ਸਾਬਤ ਦੁੰਬਾ ਖਾਣ ਵਾਲੇ ਹਾਂ। ਅਸੀਂ ਸਿੰਘਾਂ ਨੂੰ ਕੱਚਿਆਂ ਖਾ ਜਾਵਾਂਗੇ। ਇੰਨੇ ਚਿਰ ਨੂੰ ਸੂਹੀਏ ਨੇ ਆ ਕੇ ਖ਼ਬਰ ਦਿੱਤੀ, ਬਾਬਾ ਬਾਜ ਸਿੰਘ ਦੀ ਕਮਾਨ ਥੱਲੇ ਮਾਝੇ ਤੇ ਦੁਆਬੇ ਦੇ ਸਿੰਘਾਂ ਦਾ ਬਹੁਤ ਵੱਡਾ ਦਲ ਚੱਲਿਆ ਆ ਰਿਹਾ ਹੈ। ਜੇ ਉਹ ਬੰਦਾ ਸਿੰਘ ਨਾਲ ਮਿਲ ਗਿਆ ਤਾਂ ਬੰਦਾ ਸਿੰਘ ਦੀ ਤਾਕਤ ਵਧ ਜਾਵੇਗੀ। ਉਸੇ ਵੇਲੇ ਵਜ਼ੀਦ ਖ਼ਾਨ ਨੇ ਮਲੇਰੀਏ ਪਠਾਣਾਂ ਨੂੰ ਭੇਜਿਆ ਤੇ ਆਖਿਆ—ਸਿੰਘਾਂ ਨੂੰ ਦਰਿਆ ਲੰਘਣ ਹੀ ਨਾ ਦਿੱਤਾ ਜਾਵੇ, ਪਰ ਇੰਨੇ ਚਿਰ ਨੂੰ ਖ਼ਾਲਸਾ ਸਤਲੁਜ ਦਰਿਆ ਨੂੰ ਲੰਘ ਚੁੱਕਾ ਸੀ। ਰੋਪੜ ਦੇ ਪਾਸੇ ਮਲੇਰੀਏ ਪਠਾਣਾਂ ਨਾਲ ਸਿੰਘਾਂ ਦੀ ਬਹੁਤ ਵੱਡੀ ਲੜਾਈ ਹੋਈ। ਅਖ਼ੀਰ ਮਲੇਰੀਏ ਪਠਾਣ ਮੈਦਾਨ ਵਿਚ ਮਾਰੇ ਗਏ। ਕੁਝ ਬਚੇ ਹੋਏ ਜਾਨਾਂ ਬਚਾਅ ਕੇ ਮੈਦਾਨ ਵਿੱਚੋਂ ਦੌੜ ਗਏ। ਬਾਬਾ ਬਾਜ ਸਿੰਘ ਦਾ ਦਲ ਬਾਬਾ ਬੰਦਾ ਸਿੰਘ ਨਾਲ ਆਣ ਮਿਲਿਆ। ਬਾਬਾ ਬੰਦਾ ਸਿੰਘ ਦੀ ਕਮਾਨ ਥੱਲੇ ਚਾਲੀ ਹਜ਼ਾਰ ਸਿੰਘ ਇਕੱਠਾ ਹੋ ਗਿਆ। ਚਾਲੀ ਹਜ਼ਾਰ ਖ਼ਾਲਸਾ ਸਰਹਿੰਦ ਢਾਹੁਣ ਵਾਸਤੇ ਕਾਹਲਾ ਪੈ ਰਿਹਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਆਖਿਆ—ਇਕ ਵਾਰੀ ਸੂਬੇਦਾਰ ਸਰਹਿੰਦ ਨੂੰ ਖ਼ਬਰਦਾਰ ਕਰ ਦੇਣਾ ਚਾਹੀਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਜਿਵੇਂ ਸੂਬੇਦਾਰ ਸਰਹਿੰਦ ਨੂੰ ਚਿੱਠੀ ਲਿਖਦਾ ਹੈ, ਇਉਂ ਪੇਸ਼ ਕੀਤਾ ਜਾ ਰਿਹਾ ਹੈ :—

## ਦੋਤਾਰਾ

1. ਸਰਹਿੰਦ ਦੇ ਢੋਹਣ ਦੇ ਲਈ ਬੰਦਾ ਸਿੰਘ ਨੇ ਕਰੀ ਤਿਆਰੀ।
ਖ਼ੱਤ ਲਿਖਿਆ ਵਜ਼ੀਦੇ ਨੂੰ ਆ ਗਈ ਖ਼ਾਨਾ ਤੇਰੀ ਵਾਰੀ।
ਕਰ ਕਤਲ ਮਾਸੂਮਾਂ ਨੂੰ ਰੱਖਿਆ ਦਿਲ ਵਿਚ ਰੱਬ ਦਾ ਭੈਅ ਨਾ।
ਸਤਿਗੁਰ ਦੇ ਲਾਲਾਂ ਦਾ ਤੈਥੋਂ ਵੈਰ ਸੂਬਿਆ ਲੈਣਾ।
2. ਮਨ ਮੋਹਣੇ ਲਾਲਾਂ 'ਤੇ ਤੈਨੂੰ ਤਰਸ ਜ਼ਰਾ ਨਾ ਆਇਆ।
ਧੰਨ ਜਿਗਰਾ ਉਨ੍ਹਾਂ ਦਾ ਜਿਨ੍ਹਾਂ ਹੱਸ ਕੇ ਸਿਦਕ ਨਿਭਾਇਆ।

ਤੂੰ ਇਕ ਵੀ ਮੰਨੀ ਨਾ ਤੈਨੂੰ ਰਹੀ ਸਮਝਾਉਂਦੀ ਜੈਂਨਾ।
ਸਤਿਗੁਰ ਦੇ ਲਾਲਾਂ ਦਾ........

3. ਕਰ ਖੇਡ ਅਜੀਬ ਗਏ, ਬਾਜ਼ੀ ਸਿਰਾਂ ਧੜਾਂ ਦੀ ਲਾ ਕੇ,
ਪੋਤੇ ਗੁਰੂ ਨੌਵੇਂ ਦੇ ਪਹੁੰਚੇ ਗੁਰ-ਚਰਨਾਂ ਵਿੱਚ ਜਾ ਕੇ।
ਜਦ ਮਰਜ਼ੀ ਸੱਦ ਲਈਂ, ਦਿਲ ਵਿਚ ਮਾਣ ਜ਼ਰਾ ਰਹੇ ਨਾ।
ਸਤਿਗੁਰ ਦੇ ਲਾਲਾਂ ਦਾ........

4. ਚੱਲ ਦੇਸ਼ ਦੱਖਣੋਂ ਮੈਂ ਤੇਰੇ ਨਾਲ ਲੜਨ ਲਈ ਆਇਆ।
ਥੇਹ ਕਰੂੰ ਸਰਹਿੰਦ ਦਾ ਮੈਂ ਜਿਵੇਂ ਸ਼ਹਿਰ ਸਮਾਣਾ ਢਾਹਿਆ।
ਪਾਪਾਂ ਦੇ ਬੁਰਜਾਂ ਨੇ ਵੇਖੀਂ ਵਿਚ ਪਲਾਂ ਦੇ ਢਹਿਣਾ।
ਸਤਿਗੁਰ ਦੇ ਲਾਲਾਂ ਦਾ........

5. ਜੋ ਜ਼ੁਲਮ ਕਮਾਉਂਦੇ ਨੇ, ਆਖ਼ਰ ਮੌਤ ਕੁੱਤੇ ਦੀ ਮਰਦੇ।
ਜੋ ਧਰਮ ਕਮਾਉਂਦੇ ਨੇ, ਲੋਕੀਂ ਯਾਦ ਉਨ੍ਹਾਂ ਨੂੰ ਕਰਦੇ।
ਟੋਡਰ ਮੱਲ, ਮੋਤੀ ਤੇ ਸ਼ੇਰ ਖ਼ਾਨ ਸਦਾ ਚਮਕਦਾ ਰਹਿਣਾ।
ਸਤਿਗੁਰ ਦੇ ਲਾਲਾਂ ਦਾ........

6. ਕੀਤੇ ਹੋਏ ਪਾਪਾਂ ਦਾ ਤੈਨੂੰ ਫਲ ਭੁਗਤਾ ਕੇ ਛੱਡਾਂ।
ਪੁੱਟ ਨੀਹਾਂ ਜ਼ੁਲਮ ਦੀਆਂ ਇੱਟ ਨਾਲ ਇੱਟ ਖੜਕਾ ਕੇ ਛੱਡਾਂ।
ਦਲ ਚੜ੍ਹੇ ਖ਼ਾਲਸੇ ਦੇ ਗਲ ਵਿਚ ਪਾ ਕੇ ਤੇਗਾਂ ਦਾ ਗਹਿਣਾ।
ਸਤਿਗੁਰ ਦੇ ਲਾਲਾਂ ਦਾ........

7. ਸੱਦ ਲੈ ਜਰਨੈਲਾਂ ਨੂੰ ਜਿੰਨੀ ਮਰਜ਼ੀ ਫ਼ੌਜ ਮੰਗਵਾ ਲੈ।
ਦਿਨ ਥੋੜੇ ਤੇਰੇ ਨੇ ਜੋ ਕੁਝ ਖਾਣਾ ਰੱਜ ਕੇ ਖਾ ਲੈ।
ਛੇਤੀ ਦਿਨ ਸਿੰਘਾਂ ਨੇ ਤੇਰੀ ਆਣ ਸਰਹਿੰਦ 'ਤੇ ਪੈਣਾ।
ਸਤਿਗੁਰ ਦੇ ਲਾਲਾਂ ਦਾ ਤੈਥੋਂ ਵੈਰ ਸੁਖਿਆ ਲੈਣਾ।

ਬਾਬਾ ਬੰਦਾ ਸਿੰਘ ਬਹਾਦਰ ਨੇ ਚਿੱਠੀ ਵਿਚ ਲਿਖਿਆ—ਐ ਵਜ਼ੀਦ ਖ਼ਾਂ ! ਤੂੰ ਕਲਗੀਧਰ ਮਹਾਰਾਜ ਨਾਲ ਧੋਖੇ ਕਰਦਾ ਰਿਹਾ, ਪਰ ਖ਼ਾਲਸਾ ਕਿਸੇ ਨਾਲ ਧੋਖਾ ਨਹੀਂ ਕਰਦਾ। ਤੂੰ ਜਿਹੜੇ ਪਿੜ ਵਿਚ ਕਹੇਂਗਾ, ਖ਼ਾਲਸਾ ਤੇਰੇ ਨਾਲ ਉਥੇ ਲੜਨ ਵਾਸਤੇ ਤਿਆਰ ਹੈ। ਵਜ਼ੀਦ ਖ਼ਾਂ ਦੇ ਇਕ ਵਾਰੀ ਪੈਰਾਂ ਥੱਲਿਓਂ ਮਿੱਟੀ ਨਿਕਲ ਗਈ। ਸਰਹਿੰਦ ਵਿਚ ਹਾਹਾਕਾਰ ਮੱਚ ਗਈ। ਲੋਕ ਕਹਿ ਉੱਠੇ ਕਿ ਜੇ ਵਜ਼ੀਦ ਖ਼ਾਂ ਬਾਲਾਂ ਨੂੰ ਦੀਵਾਰ ਵਿਚ ਨਾ ਚਿਣਦਾ ਤਾਂ ਸਰਹਿੰਦ ਕਦੇ ਨਾ ਉਜੜਦੀ। ਹੁਣ ਮਰਵਾ ਕੇ ਰੱਖ ਦੇਵੇਗਾ ਸਰਹਿੰਦ ਦੇ ਲੋਕਾਂ ਨੂੰ।



ਬੇੜਾ ਦੇਣਗੇ ਡੋਬ ਸਰਹਿੰਦ ਵਾਲਾ, ਜਿਹੜੇ ਸਿੰਘਾਂ ਦੇ ਚੜ੍ਹਨ ਤੂਫ਼ਾਨ ਲੱਗੇ।
ਸੁੱਚਾ ਨੰਦ ਨੂੰ ਕੱਢਦੇ ਸਭ ਗਾਲ੍ਹਾਂ, ਬੋਲਣ ਮੰਦੀ ਤੋਂ ਮੰਦੀ ਜ਼ੁਬਾਨ ਲੱਗੇ।

ਵਜ਼ੀਦ ਖ਼ਾਂ ਨੇ ਸ਼ੇਰ ਮੁਹੰਮਦ ਖ਼ਾਂ ਮਲੇਰਕੋਟਲੀ ਨੂੰ ਬੁਲਾਇਆ ਜੋ ਇਸਦੀਆਂ ਫ਼ੌਜਾਂ ਦਾ ਵੱਡਾ ਜਰਨੈਲ ਸੀ। ਇਸ ਜਰਨੈਲ ਦੇ ਬਹੁਤ ਸਾਰੇ ਭਰਾ ਖ਼ਾਲਸੇ ਦੇ ਹੱਥੋਂ ਮਾਰੇ ਗਏ ਸਨ। ਕਾਜ਼ੀਆਂ ਮੁਲਾਣਿਆਂ ਨੇ ਹਰਾ ਝੰਡਾ ਗੱਡ ਦਿੱਤਾ। ਟੋਲਿਆਂ ਦੇ ਟੋਲੇ ਮੁਸਲਮਾਨਾਂ ਦੇ ਵਜ਼ੀਦ ਖ਼ਾਂ ਦੇ ਝੰਡੇ ਦੇ ਥੱਲੇ ਇਕੱਠੇ ਹੋ ਗਏ। ਸਰਹਿੰਦ ਤੋਂ ਬਾਰਾਂ ਕੋਹ ਲਾਗੇ ਜਾ ਕੇ ਚੱਪੜਚਿੜੀ ਦੇ ਮੈਦਾਨ ਵਿਚ ਸੂਬੇ ਸਰਹਿੰਦ ਨੇ ਆਪਣੀਆਂ ਤੋਪਾਂ ਬੀੜ ਦਿੱਤੀਆਂ।

ਏਧਰ ਛੱਤਬਨੂੜ ਦੇ ਦੇਹ ਉੱਤੋਂ ਬਾਬਾ ਬੰਦਾ ਸਿੰਘ ਬਹਾਦਰ ਆਪਣਾ ਚਾਲੀ ਹਜ਼ਾਰ ਸੂਰਮਾ ਲੈ ਕੇ ਮਾਰਚ ਕਰ ਦਿੰਦਾ ਹੈ। ਲੱਗੀ ਚੋਟ ਨਗਾਰੇ ਉੱਤੇ, ਛੱਡੇ ਗਏ ਜੈਕਾਰੇ—ਬੋਲੇ ਸੋ ਨਿਹਾਲ ! ਸਤਿ ਸ੍ਰੀ ਅਕਾਲ ! ਦੂਜੇ ਪਾਸੇ ਯਾ ਅਲੀ ਦੇ ਨਾਅਰਿਆਂ ਨਾਲ ਅਕਾਸ਼ ਗੂੰਜ ਉਠਿਆ। ਤਿੰਨ ਭਾਗਾਂ ਵਿਚ ਵਜ਼ੀਦ ਖ਼ਾਂ ਨੇ ਆਪਣੀ ਫ਼ੌਜ ਨੂੰ ਵੰਡਿਆ। ਖੱਬੇ ਪਾਸੇ ਮਲੇਰੀਏ ਪਠਾਣ, ਸੱਜੇ ਪਾਸੇ ਉਹਦੇ ਗ਼ਾਜ਼ੀ ਸੂਰਮੇ, ਵਿਚਾਲੇ ਆਪ ਹਾਥੀ ਉੱਤੇ ਅਸਵਾਰ ਹੋ ਕੇ ਹੱਲਾਸ਼ੇਰੀਆਂ ਦੇ ਕੇ ਲੜਾ ਰਿਹਾ ਸੀ। ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਉਹਦੀ ਇਕ ਸਾਈਡ ਉੱਤੇ ਮਲਵਈ ਸਰਦਾਰਾਂ ਦੀ ਬਾਬਾ ਫਤਹਿ ਸਿੰਘ ਅਗਵਾਈ ਕਰ ਰਿਹਾ ਹੈ, ਦੂਜੀ ਸਾਈਡ ਉੱਤੇ ਮਝੈਲ ਦੁਆਬੀਆਂ ਦੀ ਅਗਵਾਈ ਬਾਬਾ ਬਾਜ ਸਿੰਘ ਕਰ ਰਿਹਾ ਹੈ। ਵਿਚਾਲੇ ਹੈ ਬਾਬਾ ਬੰਦਾ ਸਿੰਘ ਬਹਾਦਰ। ਧੂਹ ਕੇ ਤਲਵਾਰਾਂ ਖ਼ਾਲਸੇ ਨੇ ਕਿਵੇਂ ਲੋਥਾਂ ਦੇ ਢੇਰ ਲਾ ਦਿੱਤੇ ? ਇਉਂ ਬੇਨਤੀ ਕੀਤੀ ਜਾ ਰਹੀ ਹੈ :—

## ਟਰਨ

1. ਦੋਹਾਂ ਧਿਰਾਂ ਨੇ ਮਲ ਵਿਚ ਮਾਰੀ ਚੋਟ ਨਗਾਰਿਆਂ ਨੂੰ।
ਇਕ ਦੂਜੇ ਗਲ ਪੈ ਗਏ ਉੱਚੀ ਛਕ ਜੈਕਾਰਿਆਂ ਨੂੰ।
ਐਸੀ ਰੋਹ ਵਿਚ ਆਣ ਤੇਗ ਖੜਕਾ'ਤੀ ਸਿੰਘਾਂ ਨੇ।
ਰਣ ਭੂਮੀ ਵਿਚ ਲੋਥ 'ਤੇ ਲੋਥ ਚੜ੍ਹਾ'ਤੀ ਸਿੰਘਾਂ ਨੇ।

2. ਭੁੱਖੇ ਸ਼ੇਰਾਂ ਤਾਈਂ ਜਿਉਂ ਨਜ਼ਰੀਂ ਆ ਗਏ ਛੇਲੇ ਐ।
ਕਾਨ੍ਹ ਜਿਸ ਤਰ੍ਹਾਂ ਗੋਪੀਆਂ ਦੇ ਵਿਚ ਹੋਲੀ ਖੇਲੇ ਐ।
ਅੱਧੋਂ ਬਾਹਲੀ ਫ਼ੌਜ ਖ਼ੂਨ ਵਿਚ ਨਵਾ'ਤੀ ਸਿੰਘਾਂ ਨੇ।
ਰਣ ਭੂਮੀ ਵਿਚ........

3. ਗੱਜ ਰਹੇ ਨੇ ਰਣ ਵਿਚ ਬੰਦਾ ਸਿੰਘ ਦੇ ਸੂਰੇ ਐ।
ਦੀਪ ਸਿੰਘ ਜਿਹੇ ਯੋਧੇ ਬੋਲ ਬਚਨ ਦੇ ਪੂਰੇ ਐ।

ਦੇਹਾਂ ਜਿਹੇ ਖ਼ਾਨਾਂ ਦੀ ਹੋਸ਼ ਭੁਲਾਤੀ ਸਿੰਘਾਂ ਨੇ।
ਰਣ ਭੂਮੀ ਵਿਚ........

4. ਨਿਹੰਗ ਸਿੰਘਾ ਜੋਸ਼ 'ਚ, ਆ ਕੇ ਵਾਹੇ ਨੇਜ਼ੇ ਐ।
ਕੋਟ ਲੋਹੇ ਦੇ ਪਾੜ ਕੱਢਦੇ ਪਾਰ ਕਲੇਜੇ ਐ।
ਮੁਗ਼ਲਾਂ ਤਾਈਂ ਨਾਨੀ ਯਾਦ ਕਰਾਤੀ ਸਿੰਘਾਂ ਨੇ।
ਰਣ ਭੂਮੀ ਵਿਚ........

5. ਹੂਰਾਂ ਦੇ ਚਾਹਵਾਨ ਹੂਰਾਂ ਦੇ ਕੋਲ ਪੁਚਾ ਦਿੱਤੇ।
ਖੇਤੀ ਵੱਢ ਕਿਸਾਨਾਂ ਨੇ ਜਿਉਂ ਸੱਥਰ ਪਾ ਦਿੱਤੇ।
ਚੜ੍ਹੀ ਜਹਾਦ ਦੀ ਪਾਨ ਪਲ ਵਿਚ ਲਾਹਤੀ ਸਿੰਘਾਂ ਨੇ।
ਰਣ ਭੂਮੀ ਵਿਚ........

6. ਰਣ ਵਿਚ ਧੂੜ ਧੁਮਾਈ ਦੁਆਬੀਏ ਅਤੇ ਮਝੈਲਾਂ ਨੇ।
ਸ਼ੇਰ ਖ਼ਾਨ ਨੂੰ ਢਾਹ ਲਿਆ, ਮਾਝੇ ਦੇ ਜਰਨੈਲਾਂ ਨੇ।
ਵਜ਼ੀਦ ਖ਼ਾਂ ਦੇ ਅੱਗੇ ਮੌਤ ਨਚਾਤੀ ਸਿੰਘਾਂ ਨੇ।
ਰਣ ਭੂਮੀ ਵਿਚ........

7. ਉਧਰ ਪਏ ਮਲਵਈ ਸੂਰਮੇਂ ਉੱਚੀ ਛੱਡ ਜੈਕਾਰਿਆਂ ਨੂੰ।
ਅੱਗੇ ਉਨ੍ਹਾਂ ਲਾ ਲਿਆ ਕਈ ਜ਼ਾਲਮ ਹਤਿਆਰਾਂ ਨੂੰ।
'ਜਰਨੈਲ ਸਿੰਘਾ ਕਰ ਰਣ ਵਿਚ ਹੱਦ ਵਖਾਤੀ ਸਿੰਘਾਂ ਨੇ।
ਰਣ ਭੂਮੀ ਵਿਚ........

8. ਇੰਜ ਚਮਕਦੀ ਚੰਡੀ ਜੈਸੇ ਬਿਜਲੀ ਚਮਕੇ ਜੀ।
ਜਿਸ ਦੇ ਸਿਰ 'ਤੇ ਚਮਕੇ ਅੱਖ ਜ਼ਰਾ ਨਾ ਝਮਕੇ ਜੀ।
ਸਿਰਾਂ ਧੜਾਂ ਦੀ ਬਾਜ਼ੀ ਉਥੇ ਲਾਤੀ ਸਿੰਘਾਂ ਨੇ।
ਰਣ ਭੂਮੀ ਵਿਚ........

9. ਤੇਜ਼ ਹਨੇਰੀ ਸੁੱਟਦੀ ਕਿਵੇਂ ਭੰਨ-ਭੰਨ ਰੁੱਖਾਂ ਨੂੰ।
ਤੇਗ ਸਿੰਘਾਂ ਦੀ ਛਾਂਗੇ ਦੇਹਾਂ ਜਿਹੇ ਮਨੁੱਖਾਂ ਨੂੰ।
ਸਮਝ ਲਉ ਸਰਹਿੰਦ ਪਲਾਂ ਵਿਚ ਢਾਹਤੀ ਸਿੰਘਾਂ ਨੇ।
ਰਣ ਭੂਮੀ ਵਿਚ ਲੋਥ 'ਤੇ ਲੋਥ ਚੜ੍ਹਾਤੀ ਸਿੰਘਾਂ ਨੇ।



ਬੰਦਾ ਸਿੰਘ ਬਹਾਦਰ ਦਾ ਚਾਲੀ ਹਜ਼ਾਰ ਸੂਰਮਾ ਵਧ-ਵਧ ਕੇ ਲੜ ਰਿਹਾ ਹੈ। ਜਿਹੜਾ ਵੀ ਸਿੰਘ ਸ਼ਹੀਦ ਹੋ ਜਾਂਦਾ ਹੈ, ਉਹ ਚਾਹੁੰਦਾ ਹੈ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਗੋਦੀ ਵਿਚ ਜਾਵਾਂ ਜਿਥੇ ਗੁਰੂ-ਪਰਿਵਾਰ ਤੇ ਗੁਰੂ ਦੇ ਸਾਹਿਬਜ਼ਾਦਿਆਂ ਦੀ ਸੇਵਾ ਮਿਲੇਗੀ।

ਏਧਰ ਗ਼ਾਜ਼ੀਆਂ, ਮੁਲਾਣਿਆਂ ਨੂੰ ਲਾਰਾ ਲਾਇਆ ਸੀ ਕਿ ਜਿਹੜਾ ਖ਼ਾਲਸੇ ਦੇ ਹੱਥੋਂ ਮਾਰਿਆ ਗਿਆ, ਉਹਨੂੰ ਅੱਲ੍ਹਾ ਤਾਅਲਾ ਦੀ ਦਰਗਾਹ ਵਿਚ 72 ਹੂਰਾਂ ਮਿਲਣਗੀਆਂ। ਇਨ੍ਹਾਂ ਗ਼ਾਜ਼ੀਆਂ ਮੁਲਾਣਿਆਂ ਦੇ ਲਾਰੇ ਕੁਝ ਵੱਖਰੇ ਹੋਇਆ ਕਰਦੇ ਹਨ। ਧਰਮ-ਯੁੱਧ ਵਿਚ ਜੂਝ ਰਹੇ ਖ਼ਾਲਸੇ ਨੂੰ ਸਿਰਫ਼ ਇਕੋ ਹੀ ਚਾਅ ਸੀ ਕਿ ਸਾਹਿਬਜ਼ਾਦਿਆਂ ਦਾ ਬਦਲਾ ਲੈ ਕੇ ਸ਼ਹੀਦ ਹੋਵਾਂਗੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਦੇ ਪਾਤਰ ਬਣਾਂਗੇ। ਬੰਦਾ ਸਿੰਘ ਬਹਾਦਰ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਤੀਰ ਬਖ਼ਸ਼ੇ ਸਨ ਤੇ ਆਖਿਆ ਸੀ—ਬੰਦਾ ਸਿੰਘ ਜਿਹੜਾ ਮੈਦਾਨ ਤੈਨੂੰ ਅੜਦਾ ਦਿੱਸੇ, ਤੂੰ ਇਕ ਤੀਰ ਚਲਾ ਦੇਵੀਂ, ਤੇਰਾ ਮੈਦਾਨ ਫ਼ਤਹਿ ਹੋ ਜਾਵੇਗਾ। ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਬਖ਼ਸ਼ਿਆ ਹੋਇਆ ਤੀਰ ਕੱਢਿਆ ਤੇ ਜਦੋਂ ਕਮਾਨ 'ਤੇ ਚੜ੍ਹਾ ਕੇ ਛੱਡਿਆ ਤਾਂ ਗੂੰਜਾਂ ਪਾਉਂਦਾ ਜਾ ਰਿਹਾ ਸੀ। ਇਹ ਕਹਿ ਲਉ ਖ਼ਾਲਸੇ ਦੀ ਜਿੱਤ ਹੁੰਦੀ ਦਿੱਸੀ ਤੇ ਮੁਗ਼ਲਾਂ ਦੀ ਹਾਰ। ਵਜ਼ੀਦ ਖ਼ਾਂ ਉੱਤੇ ਬਾਬਾ ਬਾਜ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਜਿਵੇਂ ਵੱਧ-ਵੱਧ ਕੇ ਵਾਰ ਕਰ ਰਹੇ ਸਨ, ਇਉਂ ਪੇਸ਼ ਕੀਤਾ ਜਾ ਰਿਹਾ ਹੈ :—

## ਝੋਕ

1.

ਜ਼ੋਰ ਦੀ ਹੱਲਾ ਕੀਤਾ ਇਕ ਦਮ ਮਲਵਈਆਂ ਨੇ।
ਦੁਸ਼ਮਣ ਦੇ ਗਲ ਜਾ ਪੈ ਗਏ ਲੈ ਲੈ ਝਈਆਂ ਨੇ।
ਮੋਹਰਲੀਆਂ ਪਾਲਾਂ ਉਨ੍ਹਾਂ ਧਰਤੀ 'ਤੇ ਸੁੱਟ ਲਈਆਂ ਨੇ।
ਲੈ ਗਏ ਗ਼ਾਜ਼ੀਆਂ ਤਾਈਂ ਪਲ ਵਿਚ ਦਬਾ ਕੇ ਜੀ।
ਵਾਹੀਆਂ ਤਲਵਾਰਾਂ ਸਿੰਘਾਂ ਜੋਸ਼ ਵਿਚ ਆ ਕੇ ਜੀ।

1.

ਦੂਜੇ ਪਾਸੇ ਹਮਲਾ ਕੀਤਾ ਮਰਦ ਮਝੈਲਾਂ ਨੇ।
ਦੁਸ਼ਮਣ ਦੇ ਪੈਰ ਹਿਲਾ ਤੇ ਜੰਗੀ ਜਰਨੈਲਾਂ ਨੇ।
ਸ਼ੇਰ ਦੁਆਬੀਏ ਲੜਦੇ ਕਰ-ਕਰ ਕੇ ਪਹਿਲਾਂ ਨੇ।
ਭੱਖਦੇ ਰੰਗ ਲਾਲ ਸੂਹੇ ਸਨ ਨਾਲ ਦਲੇਰੀਆਂ ਦੇ।
ਪੈ ਗਏ ਪਿੜ ਵਿਚ ਅਖਾੜੇ ਸਿੰਘਾਂ ਮਲੇਰੀਆਂ ਦੇ।

2.

ਪੈ ਗਿਆ ਫ਼ਤਹਿ ਸਿੰਘ ਸੀ ਗਾਜ਼ੀਆਂ ਉੱਤੇ ਜੀ।
ਬਿਜਲੀ ਅਸਮਾਨੀ ਕੜਕੇ ਫੱਗਣ ਦੀ ਰੁੱਤੇ ਜੀ।
ਘੋੜਿਆਂ ਹਾਥੀਆਂ ਉੱਤੋਂ ਡਿੱਗਦੇ ਹੋ ਪੁੱਠੇ ਜੀ।
ਭੀਮ ਦੀ ਗੁਰਜ ਸੂਰਮੇ ਸੁੱਟ'ਤੀ ਜਿਉਂ ਢਾਹ ਕੇ ਜੀ।
ਵਾਹੀਆਂ ਤਲਵਾਰਾਂ........

2.

ਉਧਰ ਹੈ ਸ਼ੇਰ ਮੁਹੰਮਦ ਭਿੜਿਆ ਪਠਾਣ ਬੜਾ।
ਲੈ ਕੇ ਦਲ ਭਾਰਾ ਅੱਗੇ ਸਿੰਘਾਂ ਦੇ ਆਣ ਖੜਾ।
ਉਧਰੋਂ ਬਾਜ ਸਿੰਘ ਨੂੰ ਬਾਂਹਵਾਂ 'ਤੇ ਮਾਣ ਬੜਾ।
ਕੱਖਾਂ ਨੂੰ ਧੱਕ ਜੋ ਲੈ ਗਏ ਬੁੱਲ੍ਹੇ ਹਨੇਰੀਆਂ ਦੇ।
ਪੈ ਗਏ ਪਿੜ ਵਿਚ........

3.

ਬੰਦਾ ਸਿੰਘ ਮਰਦ ਸੂਰਮਾ ਮਾਰੇ ਲਲਕਾਰਿਆਂ ਨੂੰ।
ਵਧਿਆ ਵਜ਼ੀਦੇ ਵੱਲੇ ਛੱਡ ਕੇ ਜੈਕਾਰਿਆਂ ਨੂੰ।
ਲਾਉਂਦੇ ਹਨ ਮੁਗ਼ਲ ਬਥੇਰੇ ਆਪਣਿਆਂ ਚਾਰਿਆਂ ਨੂੰ।
ਝੂਰੇ ਜਿਉਂ ਰਾਵਣ ਪਾਪੀ ਲੰਕਾ ਸੜਵਾ ਕੇ ਜੀ।
ਵਾਹੀਆਂ ਤਲਵਾਰਾਂ........

3.

ਤੇਗਾਂ ਤੇ ਤੀਰ ਬਰਛੀਆਂ ਜੋਸ਼ ਵਿਚ ਚੱਲ ਰਹੀਆਂ।
ਮੌਤ ਦੇ ਸੁਨੇਹੇ ਜਵਾਨਾਂ ਤਾਈਂ ਉਹ ਘੱਲ ਰਹੀਆਂ।
ਪਾੜ ਕੇ ਕੋਟ ਲੋਹੇ ਦੇ ਸੀਨੇ ਪਾ ਸੱਲ ਰਹੀਆਂ।
ਹੋ ਗਈ ਸੀ ਲਾਲ ਧਰਤ ਜਿਉਂ ਡੁੱਲ੍ਹੇ ਰੰਗ ਗੇਰੀਆਂ ਦੇ।
ਪੈ ਗਏ ਪਿੜ ਵਿਚ........

4.

ਬਾਜ ਸਿੰਘ ਹੱਥੋਂ ਏਧਰ ਮਲੇਰੀਏ ਮਾਰੇ ਗਏ।
ਫ਼ਤਹਿ ਸਿੰਘ ਹੱਥੋਂ ਉਧਰ ਗ਼ਾਜ਼ੀ ਸੰਘਾਰੇ ਗਏ।



ਬੰਦਾ ਸਿੰਘ ਵੱਲੋਂ ਛੱਡੇ ਜ਼ੋਰੀਂ ਜੈਕਾਰੇ ਗਏ।
ਚਲਿਆ ਹੈ ਖ਼ਾਨ ਵਜ਼ੀਦਾ ਹਾਥੀ ਭਜਾ ਕੇ ਜੀ।
ਵਾਹੀਆਂ ਤਲਵਾਰਾਂ........

4.

ਸ਼ੇਰ ਖ਼ਾਂ ਅਲੀ ਖ਼ਾਂ ਰਣ ਦੇ ਵਿਚ ਰਹਿ ਗਿਆ।
ਹੌਸਲਾ ਸੂਬੇਦਾਰ ਦਾ ਅਸਲੋਂ ਫਿਰ ਢਹਿ ਗਿਆ।
ਬੰਦਾ ਬਹਾਦਰ ਵਾਂਗਰ ਫਿਰ ਬਿਜਲੀ 'ਤੇ ਪੈ ਗਿਆ।
ਤੋੜ ਤਾ ਮਾਣ ਖ਼ਾਲਸੇ ਤਾਕਤਾਂ ਵੈਰੀਆਂ ਦੇ।
ਪੈ ਗਏ ਪਿੜ ਵਿਚ ਅਖਾੜੇ ਸਿੰਘਾਂ ਮਲੇਰੀਆਂ ਦੇ।

ਬੰਦਾ ਸਿੰਘ ਬਹਾਦਰ ਦੇ ਸੂਰਮਿਆਂ ਨੇ ਜੋਸ਼ ਵਿਚ ਆ ਕੇ ਤਲਵਾਰਾਂ ਚਲਾਈਆਂ ਤੇ ਵੱਡੇ ਜਰਨੈਲ ਹਾਥੀਆਂ ਉੱਤੋਂ ਢਾਹ ਲਏ। ਇਸ ਮੈਦਾਨ ਵਿਚ ਸੂਬੇ ਸਰਹਿੰਦ ਦੇ ਵੱਡੇ ਜਰਨੈਲਾਂ ਵਿੱਚੋਂ ਨਾਹਰ ਖ਼ਾਨ ਦਾ ਭਰਾ ਸ਼ੇਰ ਮੁਹੰਮਦ ਖ਼ਾਂ ਮਲੇਰਕੋਟਲੀਆ ਮਾਰਿਆ ਗਿਆ। ਜਿੰਨੇ ਵੀ ਮਲੇਰੀਏ ਪਠਾਣ ਸਨ, ਕੁਝ ਰੋਪੜ ਦੇ ਮੈਦਾਨ ਵਿਚ ਮਝੈਲਾਂ ਸਿੰਘਾਂ ਦੇ ਹੱਥੋਂ ਮਾਰੇ ਗਏ। ਇਥੇ ਵੀ ਉਹਨਾਂ ਦਾ ਵਾਹ ਮਝੈਲਾਂ ਨਾਲ ਪਿਆ ਹੈ। ਚੱਪੜਚਿੜੀ ਦੇ ਮੈਦਾਨ ਵਿਚ ਸ਼ੇਰ ਖ਼ਾਨ ਅਤੇ ਉਹਦੇ ਨਾਲ ਦੇ ਜਰਨੈਲ ਮਾਰੇ ਗਏ। ਜਦੋਂ ਸੂਬੇਦਾਰ ਦੇ ਵੱਡੇ ਜਰਨੈਲ ਡਿੱਗ ਪਏ ਤੇ ਦੂਜੇ ਪਾਸਿਉਂ ਗ਼ਾਜ਼ੀਆਂ ਉੱਤੇ ਬਾਬਾ ਫ਼ਤਹਿ ਸਿੰਘ ਜੀ ਛਾ ਗਏ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੋਸ਼ ਵਿਚ ਲਲਕਾਰਾ ਮਾਰਿਆ—ਫੜ ਲਉ ਪੰਥ ਦੇ ਵੈਰੀ ਨੂੰ, ਜਿਊਂਦਾ ਜਾਏ ਨਾ। ਡਰਦਾ ਹੋਇਆ ਵਜ਼ੀਦ ਖ਼ਾਂ ਆਪਣੀ ਫ਼ੌਜ ਨੂੰ ਪਿੱਛੇ ਹਟਾ ਕੇ ਹਾਥੀ ਜ਼ੋਰ ਦੀ ਭਜਾ ਤੁਰਿਆ। ਕਲਾਸਵਾਲੀਆ ਲਿਖਦਾ ਹੈ :—

ਬੇਈਮਾਨ ਦਾ ਦੌੜਦਾ ਰੜੇ ਘੋੜਾ, ਗੱਲਾਂ ਗਏ ਦਨਾਅ ਨੇ ਦੱਸ ਯਾਰੋ।
ਪਈ ਘਾਟ ਕਲੇਜੇ ਸੁਣਦਿਆਂ ਨੂੰ, ਸੂਬਾ ਚੱਲਿਆ ਕਿਲ੍ਹੇ ਨੂੰ ਨੱਸ ਯਾਰੋ।
ਸੁੰਡ ਚੌਂਕਿਆ ਤੇ ਹਾਥੀ ਜਾਏ ਭਜਾ, ਪੈਰ ਗਿਆ ਸੀ ਕਬਰ ਵਿਚ ਫਸ ਯਾਰੋ।
ਸੂਬਾ ਡਿੱਗਦਾ ਸਿੰਘਾਂ ਨੇ ਫੜ ਲਿਆ, ਮੁਸ਼ਕਾਂ ਬੰਨ੍ਹ ਲਈਆਂ ਸੀ ਕੱਸ ਯਾਰੋ।

ਸੂਬਾ ਸਰਹਿੰਦ ਹਾਥੀ ਭਜਾ ਕੇ ਨਿਕਲਣ ਲੱਗਾ ਸੀ ਕਿ ਹਾਥੀ ਦਾ ਪੈਰ ਕਬਰ ਵਿਚ ਫਸ ਗਿਆ। ਹਾਥੀ ਡਿੱਗਾ ਤੇ ਦਾੜ ਕਰਦਾ ਸੂਬਾ ਸਰਹਿੰਦ ਵਜ਼ੀਦ ਖ਼ਾਂ ਵੀ ਡਿੱਗ ਪਿਆ। ਸਿੰਘਾਂ ਨੇ ਇਹਦੇ ਹੱਥ ਪਿੱਛੇ ਬੰਨ੍ਹ ਲਏ। ਬੰਦਾ ਸਿੰਘ ਬਹਾਦਰ ਨੇ ਮੱਥੇ 'ਤੇ ਵੱਟ ਪਾ ਕੇ ਆਖਿਆ—ਓਏ ਸੂਬਿਆ ! ਜੋ ਤੂੰ ਬੀਜਿਆ ਸੀ, ਉਹ ਹੁਣ ਤੂੰ ਵੱਢ ਲੈ। ਜੋ ਕੁਝ ਬਾਬਾ ਬੰਦਾ ਸਿੰਘ ਬਹਾਦਰ ਸੂਬੇਦਾਰ ਵਜ਼ੀਦ ਖ਼ਾਂ ਨੂੰ ਕਹਿ ਰਿਹਾ ਹੈ, ਇਉਂ ਪੇਸ਼ ਕੀਤਾ ਜਾ ਰਿਹਾ ਹੈ :—

# ਕੋਰੜਾ

1. ਮੱਥੇ ਵੱਟ ਪਾ ਕੇ ਬੰਦਾ ਸਿੰਘ ਬੋਲਦਾ।
ਪਾਰੇ ਵਾਂਗੂੰ ਖ਼ਾਨਾ ਹੁਣ ਕਾਹਤੋਂ ਡੋਲਦਾ।
ਰੱਬ ਵਾਲੇ ਖ਼ੌਫ਼ ਦਿਲ 'ਚ ਵਿਸਾਰੇ ਤੂੰ।
ਦੱਸ ਕਿਵੇਂ ਕਹਿਰ ਲਾਲਾਂ 'ਤੇ ਗੁਜ਼ਾਰੇ ਤੂੰ?

2. ਕਿਲ੍ਹਾ ਛਡਵਾਇਆ ਤੁਸਾਂ ਖਾ ਕੇ ਕਸਮਾਂ।
ਦੱਸ ਕੀ ਵਿਗਾੜਦਾ ਸੀ ਗੁਰੂ ਦਸਵਾਂ?
ਕਿਹੜਾ ਮੂੰਹ ਖੜਨਾ ਰੱਬ ਦੇ ਦੁਆਰੇ ਤੂੰ?
ਦੱਸ ਕਿਵੇਂ ਕਹਿਰ ਲਾਲਾਂ 'ਤੇ ਗੁਜ਼ਾਰੇ ਤੂੰ?

3. ਦੱਸ ਲੱਖ ਘੇਰਾ ਪਾ ਕੇ ਤੂੰ ਜੰਗ ਲੜਿਆ।
ਗਿਆ ਨਾ ਸਿੱਖਾਂ ਦਾ ਤੈਥੋਂ ਗੁਰੂ ਫੜਿਆ।
ਮਾਰਦਾ ਰਿਹਾ ਸੀ ਫੋਕੇ ਲਲਕਾਰੇ ਤੂੰ।
ਦੱਸ ਕਿਵੇਂ ਕਹਿਰ ਲਾਲਾਂ 'ਤੇ ਗੁਜ਼ਾਰੇ ਤੂੰ?

4. ਆ ਗਏ ਮਾਸੂਮ ਬੱਚੇ ਤੇਰੇ ਹੱਥ ਓਏ।
ਪਾਪੀਆ ਤੂੰ ਬਹੁਤੀ ਚੁੱਕ ਛੱਡੀ ਅੱਤ ਓਏ।
ਦਿੱਤੇ ਸੀ ਮਾਸੂਮਾਂ ਨੂੰ ਤਸੀਹੇ ਤੂੰ।
ਦੱਸ ਕਿਵੇਂ ਕਹਿਰ ਲਾਲਾਂ 'ਤੇ ਗੁਜ਼ਾਰੇ ਤੂੰ?

5. ਭੋਰਾ ਭਰ ਬਾਲ ਛੁਰੀ ਨਾਲ ਕੋਏ ਓਏ।
ਵੇਖ ਕੇ ਮਲੇਰੀਏ ਪਠਾਣ ਬੜਾ ਰੋਏ ਓਏ।
ਸੁਣੇ ਨਾ ਓਦੋਂ ਹਾਅ ਦੇ ਨਾਅਰੇ ਤੂੰ।
ਦੱਸ ਕਿਵੇਂ ਕਹਿਰ ਲਾਲਾਂ 'ਤੇ ਗੁਜ਼ਾਰੇ ਤੂੰ?

6. ਪੋਹ ਦਾ ਮਹੀਨਾ ਅੱਤ ਦੀ ਸੀ ਸਰਦੀ।
ਵੇਖ-ਵੇਖ ਦੁਨੀਆਂ ਸੀ ਹੌਕੇ ਭਰਦੀ।
ਭੁੱਖੇ ਤੇ ਤਿਹਾਏ ਨੀਹਾਂ 'ਚ ਖਲਾਰੇ ਤੂੰ।
ਦੱਸ ਕਿਵੇਂ ਕਹਿਰ ਲਾਲਾਂ 'ਤੇ ਗੁਜ਼ਾਰੇ ਤੂੰ?



7. ਜਿਸ ਤਰ੍ਹਾਂ ਕੀਤਾ ਪਾਪੀਆ ਤੂੰ ਪਾਪ ਓਏ।
ਉਸੇ ਤਰ੍ਹਾਂ ਭੁਗਤੇਂਗਾ ਸਜ਼ਾ ਆਪ ਓਏ।
ਨਰਕਾਂ ਦੇ ਵੱਲ ਕਰ ਲਏ ਤਿਆਰੇ ਤੂੰ।
ਦੱਸ ਕਿਵੇਂ ਕਹਿਰ ਲਾਲਾਂ 'ਤੇ ਗੁਜ਼ਾਰੇ ਤੂੰ?

8. ਬਲਦਾਂ ਦੇ ਪਿੱਛੇ ਪਾ ਕੇ ਧੂਹੋ ਖ਼ਾਨ ਨੂੰ।
ਫਿਰ ਜਿਉਂਦਾ ਅੱਗ ਵਿਚ ਲੂਹੋ ਖ਼ਾਨ ਨੂੰ।
'ਜਰਨੈਲ ਸਿੰਘਾ' ਛੰਦ ਲਿਖ ਦੇ ਨਿਆਰੇ ਤੂੰ।
ਦੱਸ ਕਿਵੇਂ ਕਹਿਰ ਲਾਲਾਂ 'ਤੇ ਗੁਜ਼ਾਰੇ ਤੂੰ?

❑

4.

ਰੀਝਾਂ ਕਰੀਂ ਵੀਰਾ ਮਾਂ ਬਾਪ ਦੀਆਂ ਪੂਰੀਆਂ।
ਚਾਵਾਂ ਨਾਲ ਪਾਲਿਆ ਖਵਾ ਕੇ ਜਿਨ੍ਹਾਂ ਚੂਰੀਆਂ।
ਸਾਡਾ ਤੇਰੇ ਨਾਲ ਵਸੇ ਸੰਸਾਰ, ਫ਼ੌਜੀ ਵੀਰਾ ਤੁਰ ਚੱਲਿਆ।
ਕੱਟ ਕੇ ਛੁੱਟੀ ਦੇ ਦਿਨ ਚਾਰ, ਫ਼ੌਜੀ ਵੀਰਾ ਤੁਰ ਚੱਲਿਆ।
ਛੁੱਟੀਏ ਨੀ ਛੁੱਟੀਏ, ਦਿਨਾਂ ਵਿਚ ਮੁੱਕੀ ਏਂ।

5.

ਲੰਮੀ ਛੁੱਟੀ ਲੈ ਕੇ ਵੀਰਾ ਸਾਹਿਬ ਕੋਲੋਂ ਆਵੀਂ ਤੂੰ।
ਬੰਨ੍ਹ ਕੇ ਤੇ ਸੇਹਰੇ ਸੋਹਣੀ ਭਾਬੀ ਨੂੰ ਵਿਆਵੀਂ ਤੂੰ।
ਘਰ ਬਾਬਲ ਦੇ ਆਵੇਗੀ ਬਹਾਰ, ਫ਼ੌਜੀ ਵੀਰਾ ਤੁਰ ਚੱਲਿਆ।
ਕੱਟ ਕੇ ਛੁੱਟੀ ਦੇ ਦਿਨ ਚਾਰ, ਫ਼ੌਜੀ ਵੀਰਾ ਤੁਰ ਚੱਲਿਆ।
ਛੁੱਟੀਏ ਨੀ ਛੁੱਟੀਏ, ਦਿਨਾਂ ਵਿਚ ਮੁੱਕੀ ਏਂ।

6.

ਤੋਰ ਦਿੱਤਾ ਫ਼ੌਜੀ ਹੱਥੀਂ, ਵੱਲ ਕਾਰਗਿਲ ਦੇ।
ਜ਼ਿਮੀਂ ਅਸਮਾਨ ਦਿੱਸੇ ਮਾਪਿਆਂ ਨੂੰ ਹਿੱਲਦੇ।
ਅੱਗੇ ਸੁਣੋ 'ਜਰਨੈਲ' ਦੇ ਵਿਚਾਰ, ਫ਼ੌਜੀ ਵੀਰਾ ਤੁਰ ਚੱਲਿਆ।
ਕੱਟ ਕੇ ਛੁੱਟੀ ਦੇ ਦਿਨ ਚਾਰ, ਫ਼ੌਜੀ ਵੀਰਾ ਤੁਰ ਚੱਲਿਆ।
ਛੁੱਟੀ ਨੀ ਛੁੱਟੀਏ, ਦਿਨਾਂ ਵਿਚ ਮੁੱਕੀ ਏਂ।

❑

# ਪ੍ਰਸੰਗ

## ਸ਼ਹੀਦ ਭਗਤ ਸਿੰਘ

ਚਾਰ ਸਾਲ ਦਾ ਭਗਤ ਸਿੰਘ ਖੂਹ-ਕਿਆਰੀਆਂ ਬਣਾ ਕੇ ਖੇਡ ਰਿਹਾ ਸੀ। ਮਾਂ ਵਿਦਿਆਵਤੀ ਨੇ ਪੁੱਛਿਆ—ਪੁੱਤਰ ! ਖੇਤਾਂ ਵਿਚ ਕੀ ਬੀਜ ਰਿਹਾ ਹੈਂ ? ਮਾਂ ਦੇ ਸਵਾਲ 'ਤੇ ਪੁੱਤਰ ਦੇ ਜਵਾਬ ਇਸ ਤਰ੍ਹਾਂ ਹਨ :—

### ਤਰਜ਼

1. ਖੇਡਾਂ ਖੇਡਦਾ ਭਗਤ ਸਿੰਘ ਨਿਆਰੀਆਂ।
ਹੱਥੀਂ ਆਪਣੇ ਬਣਾ ਕੇ ਖੂਹ ਕਿਆਰੀਆਂ।
ਅੱਖੀਂ ਮਾਤਾ ਜੀ ਨੇ ਵੇਖੀਆਂ ਜਾ ਸਾਰੀਆਂ।
ਤਾਂ ਦਿਲ ਭਰ ਆਇਆ ਰੀਝ ਦਾ।
ਮਾਤਾ ਪੁੱਛਦੀ ਭਗਤ ਸਿੰਘ ਪਿਆਰਿਆ
ਕੀ ਖੇਤਾਂ ਵਿਚ ਫਿਰੇਂ ਬੀਜਦਾ ?
ਅੱਗੋਂ ਲਾਡਲਾ ਭਗਤ ਸਿੰਘ ਬੋਲਦਾ,
ਭੇਤ ਤੇਰੇ ਅੱਗੇ ਅੰਮੀਏ ਮੈਂ ਖੋਲ੍ਹਦਾ।
ਜ਼ਹਿਰੀ ਨਾਗ ਵਾਂਗ ਵਿਸ਼ ਰਿਹਾ ਘੋਲਦਾ।
ਤਪੇ ਦਿਲ ਠਾਰਨ ਲਈ,
ਖੇਤ ਵਿਚ ਮੈਂ ਬੰਦੂਕਾਂ ਮਾਏ ਬੀਜਦਾ
ਗੋਰਿਆਂ ਦੇ ਮਾਰਨ ਲਈ।

2. ਨਿੱਕੀ ਜਿੰਦ ਤੇਰੀ ਫ਼ਿਕਰ ਵਡੇਰੇ ਵੇ।
ਹਾਣੀ ਜਾਣਦੇ ਨਾ ਬੇਟਾ ਕੁਝ ਤੇਰੇ ਵੇ।
ਦੇਸ਼ ਭਗਤੀ ਦੇ ਪੰਧ ਨੇ ਲੰਮੇਰੇ ਵੇ।
ਪਤਾ ਨਹੀਂ ਤੈਨੂੰ ਇਸ ਚੀਜ਼ ਦਾ।
ਮਾਤਾ ਪੁੱਛਦੀ ਭਗਤ ਸਿੰਘ ਸੋਹਣਿਆ
ਕੀ ਖੇਤਾਂ ਵਿਚ ਫਿਰੇਂ ਬੀਜਦਾ ?



ਅੱਜ ਬੀਜ 'ਤੀਆਂ ਛੇਤੀ ਹੋਣ ਵੱਡੀਆਂ।
ਮਣਾਂ ਮੂੰਹੀਂ ਜਦੋਂ ਖੇਤ ਵਿੱਚੋਂ ਕੱਢੀਆਂ।
ਜਦੋਂ ਭਰ ਕੇ ਬਰੂਦ ਨਾਲ ਛੱਡੀਆਂ।
ਵੈਰੀ ਨੂੰ ਵੰਗਾਰਨ ਲਈ,
ਖੇਤ ਵਿਚ ਮੈਂ ਬੰਦੂਕਾਂ ਮਾਏ ਬੀਜਦਾ,
ਵੈਰੀਆਂ ਨੂੰ ਮਾਰਨ ਲਈ।

3. ਖੇਡਾਂ ਤੇਰੀਆਂ ਵੇ ਪੁੱਤਰਾ ਨਿਆਰੀਆਂ।
ਨਾਲ ਚਾਚਿਆਂ ਦੇ ਰਲਦੀਆਂ ਸਾਰੀਆਂ।
ਦੁਖੀ ਚਾਚੀਆਂ ਨੇ ਤੇਰੀਆਂ ਵਿਚਾਰੀਆਂ।
ਵੇ ਖੁੱਸ ਗਿਆ ਚੰਦ ਈਦ ਦਾ।
ਮਾਤਾ ਪੁੱਛਦੀ ਭਗਤ ਸਿੰਘ ਲਾਡਲਿਆ,
ਕੀ ਖੇਤਾਂ ਵਿਚ ਫਿਰੇਂ ਬੀਜਦਾ ?
ਵਾਧਾ ਕਰਨਾ ਨਾ ਵਾਧਾ ਅਸੀਂ ਜਰਨਾ।
ਮਾਰੇ ਇੱਟ ਜੋ ਪੱਥਰ ਸਿਰ ਧਰਨਾ।
ਪਵੇ ਮੌਤ ਦੀ ਨਦੀ ਭਾਵੇਂ ਤਰਨਾ।
ਜਵਾਨੀ ਹੱਸ ਵਾਰਨ ਲਈ,
ਖੇਤ ਵਿਚ ਮੈਂ ਬੰਦੂਕਾਂ ਮਾਏ ਬੀਜਦਾ,
ਗੋਰਿਆਂ ਦੇ ਮਾਰਨ ਲਈ।

4. ਜਿਹੜੇ ਬੋਲ ਤੂੰ ਜ਼ਬਾਨੋਂ ਅੱਜ ਕੱਢੇ ਵੇ।
ਗੱਲ ਨਿੱਕੀ ਤੇ ਅਰਥ ਬੜੇ ਵੱਡੇ ਵੇ।
ਇੱਕੋ ਰਸਤਾ ਭਗਤ ਸਿੰਘਾ ਲੱਗੇ ਵੇ,
ਤੇਰਾ ਚਾਚੇ ਤੇ ਭਤੀਜ ਦਾ।
ਮਾਤਾ ਪੁੱਛਦੀ ਭਗਤ ਸਿੰਘ ਪਿਆਰਿਆ,
ਕੀ ਖੇਤਾਂ ਵਿਚ ਫਿਰੇਂ ਬੀਜਦਾ ?

ਧੰਨ ਧੰਨ ਉਹ ਪੁੱਤਰ ਮਾਵਾਂ ਦੇ,
ਪਾਂਧੀ ਬਣ ਗਏ ਜੋ ਮੌਤ ਵਾਲੇ ਰਾਹਾਂ ਦੇ।
ਸ਼ਾਇਰੀ ਲਿਖਦੇ ਨੇ ਸੱਚ ਸਭਰਾਵਾਂ ਦੇ।

ਸਿੱਖੀ ਨੂੰ ਪ੍ਰਚਾਰਨ ਲਈ,
ਖੇਤ ਵਿਚ ਮੈਂ ਬੰਦੂਕਾਂ ਮਾਏ ਬੀਜਦਾ,
ਗੋਰਿਆਂ ਦੇ ਮਾਰਨ ਲਈ।

ਸਰਦਾਰ ਭਗਤ ਸਿੰਘ ਹੁਰੀਂ ਪੰਜ ਭਰਾ ਸਨ। ਸਭ ਤੋਂ ਵੱਡਾ ਹੈ ਸਰਦਾਰ ਭਗਤ ਸਿੰਘ, ਉਸ ਤੋਂ ਛੋਟਾ ਹੈ ਰਾਜਿੰਦਰ ਸਿੰਘ, ਉਸ ਤੋਂ ਛੋਟਾ ਰਣਬੀਰ ਸਿੰਘ ਉਸ ਤੋਂ ਛੋਟਾ ਕੁਲਤਾਰ ਸਿੰਘ ਤੇ ਉਸ ਤੋਂ ਛੋਟਾ ਕੁਲਬੀਰ ਸਿੰਘ। ਭਗਤ ਸਿੰਘ ਦੀਆਂ ਤਿੰਨ ਭੈਣਾਂ ਸਨ—ਬੀਬੀ ਅਮਰ ਕੌਰ, ਬੀਬੀ ਪ੍ਰਕਾਸ਼ ਕੌਰ ਤੇ ਬੀਬੀ ਸੁਮਿੱਤਰਾ। ਇਤਿਹਾਸ ਵਿਚ ਬੀਬੀ ਅਮਰ ਕੌਰ ਦਾ ਜ਼ਿਆਦਾ ਨਾਂ ਤਾਂ ਆਉਂਦਾ ਹੈ ਕਿ ਸਮੇਂ ਦੀ ਸਰਕਾਰ ਨੇ ਬੀਬੀ ਅਮਰ ਕੌਰ ਉੱਤੇ ਵੀ ਮੁਕੱਦਮੇ ਫਿਟ ਕਰ ਦਿੱਤੇ ਸਨ। ਸਰਦਾਰ ਭਗਤ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਤੋਂ ਪ੍ਰਾਪਤ ਕੀਤੀ। ਬਾਅਦ ਵਿਚ ਉਸ ਨੂੰ ਲਾਹੌਰ ਵਿਚ ਪੜ੍ਹਨੇ ਪਾ ਦਿੱਤਾ ਗਿਆ। ਉਨ੍ਹਾਂ ਵੇਲਿਆਂ ਵਿਚ ਆਜ਼ਾਦੀ ਦੀਆਂ ਹਵਾਵਾਂ ਚੱਲ ਰਹੀਆਂ ਸਨ।

ਸਰਦਾਰ ਭਗਤ ਸਿੰਘ ਦੇ ਪਿਤਾ ਅਤੇ ਲਾਲਾ ਲਾਜਪਤ ਰਾਏ ਦੇ ਬਹੁਤ ਨੇੜੇ ਦੇ ਸੰਬੰਧ ਸਨ। ਇਹ ਦੋਵੇਂ ਗਰਮ-ਖ਼ਿਆਲੀਏ ਲੀਡਰ ਸਨ। ਇਹਨਾਂ ਵੇਲਿਆਂ ਵਿਚ 1919 ਈ. ਨੂੰ ਜਲ੍ਹਿਆਂਵਾਲੇ ਬਾਗ਼ ਦੀ ਘਟਨਾ ਵਾਪਰੀ। ਜਦੋਂ ਜ਼ੁਲਮ ਹਨੇਰੀਆਂ ਝੁਲਦੀਆਂ ਹਨ ਤਾਂ ਓਦੋਂ ਵਿੱਚੋਂ ਕੁਝ ਸ਼ਕਤੀਆਂ ਪੈਦਾ ਹੋ ਜਾਇਆ ਕਰਦੀਆਂ ਹਨ। ਜਿਵੇਂ ਜਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ ਤੱਕ ਕੇ ਊਧਮ ਸਿੰਘ ਨੇ ਪ੍ਰਣ ਕੀਤਾ ਸੀ, ਇਸੇ ਤਰ੍ਹਾਂ ਹਜ਼ਾਰਾਂ ਪੰਜਾਬ ਦੇ ਨੌਜਵਾਨ ਇਸ ਲਹੂ ਭਿੱਜੀ ਧਰਤੀ ਨੂੰ ਦੇਖਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਹਨ। ਇਸ ਕਤਲੇਆਮ ਤੋਂ ਤਿੰਨ ਦਿਨ ਬਾਅਦ ਸ. ਭਗਤ ਸਿੰਘ ਆਪਣੇ ਸਾਥੀਆਂ ਸਮੇਤ ਜਲ੍ਹਿਆਂਵਾਲੇ ਬਾਗ਼ ਵਿਚ ਪਹੁੰਚਿਆ ਅਤੇ ਸ਼ਹੀਦਾਂ ਦੇ ਲਹੂ ਵਿਚ ਭਿੱਜੀ ਹੋਈ ਮਿੱਟੀ ਨੂੰ ਸ਼ੀਸ਼ੀ ਵਿਚ ਪਾ ਕੇ ਜ਼ਿੰਦਗੀ ਭਰ ਆਪਣੀ ਜੇਬ ਵਿਚ ਰੱਖਿਆ ਅਤੇ ਦੋ ਟਾਈਮ ਦਰਸ਼ਨ ਕਰਿਆ ਕਰਦਾ ਸੀ ਤੇ ਅਰਦਾਸ ਕਰਿਆ ਕਰਦਾ ਸੀ—ਹੇ ਸ਼ਹੀਦ ਸਿੰਘੋ ! ਮੈਨੂੰ ਬਲ ਬਖ਼ਸ਼ੋ ਕਿ ਮੈਂ ਜ਼ਾਲਮ ਅੰਗਰੇਜ਼ਾਂ ਤੋਂ ਬਦਲਾ ਲੈ ਕੇ ਛੱਡਾਂ। ਇਨ੍ਹਾਂ ਦਿਨਾਂ ਵਿਚ ਆਜ਼ਾਦੀ ਦੀਆਂ ਲਹਿਰਾਂ ਵਗ ਰਹੀਆਂ ਸਨ। ਸਰਦਾਰ ਭਗਤ ਸਿੰਘ ਜਵਾਨੀ ਵਿਚ ਕਦਮ ਰੱਖ ਰਿਹਾ ਸੀ।

ਓਧਰ ਭਗਤ ਸਿੰਘ ਦੇ ਦਾਦੇ ਨੇ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਨੂੰ ਆਖਿਆ—ਕਿਸ਼ਨ ਸਿੰਹਾਂ ! ਵੱਡਾ ਪੁੱਤਰ ਭਗਤ ਸਿੰਘ ਹੁਣ ਜਵਾਨੀ ਵੱਲ ਵਧਣ ਲੱਗਾ ਹੈ। ਕਿਸੇ ਗ਼ਲਤ ਰਸਤੇ ਨਾ ਪੈ ਜਾਵੇ, ਮੇਰਾ ਵੀਚਾਰ ਹੈ ਕਿ ਭਗਤ ਸਿੰਘ ਦੀ ਮੰਗਣੀ ਕਰਕੇ ਸ਼ਾਦੀ ਕਰ ਦੇਣੀ ਚਾਹੀਦੀ ਹੈ। ਨੇੜੇ ਦੀ ਰਿਸ਼ਤੇਦਾਰੀ ਵਿੱਚੋਂ ਇਕ ਵਿਚੋਲੇ ਨੇ ਪੜ੍ਹੀ ਲਿਖੀ ਕੁੜੀ ਦਾ ਭਗਤ ਸਿੰਘ ਵਾਸਤੇ ਰਿਸ਼ਤਾ ਲਿਆਂਦਾ। ਸਾਰੇ ਪਰਿਵਾਰ ਨੇ ਬੈਠ ਕੇ ਭਗਤ ਸਿੰਘ ਨੂੰ ਲਾਹੌਰ ਵੱਲ ਚਿੱਠੀ ਲਿਖੀ—ਭਗਤ ਸਿੰਘਾ ! ਤੇਰੇ ਦਾਦਾ ਜੀ ਤੇਰੀ ਦਾਦੀ ਜੀ ਅਤੇ ਤੇਰੇ



ਮਾਤਾ-ਪਿਤਾ ਦੀਆਂ ਖ਼ੁਸ਼ੀਆਂ ਤੇ ਚਾਅ ਪੂਰੇ ਕਰਨ ਲਈ ਤੇਰੀ ਮੰਗਣੀ ਕਰਕੇ ਤੈਨੂੰ ਵਿਆਹੁਣਾ ਚਾਹੁੰਦੇ ਹਨ। ਇਸ ਲਈ ਲਾਹੌਰ ਵਿੱਚੋਂ ਇਕ ਵਾਰੀ ਪਿੰਡ ਆ। ਭਗਤ ਸਿੰਘ ਮਾਪਿਆਂ ਵੱਲੋਂ ਭੇਜੀ ਹੋਈ ਚਿੱਠੀ ਪੜ੍ਹ ਕੇ ਉੱਤਰ ਲਿਖਦਾ ਹੈ—ਅਜੇ ਆਪਣੇ ਘਰ ਵਿਚ ਕੁਝ ਦੁਖਿਆਰਨਾਂ ਹਨ, ਜਿਵੇਂ ਸਰਵਣ ਸਿੰਘ ਦੀ ਧਰਮ ਪਤਨੀ ਤੇ ਅਜੀਤ ਸਿੰਘ ਦੀ ਧਰਮ ਪਤਨੀ—ਇਹ ਦੋਵੇਂ ਬਹੁਤ ਦੁਖੀ ਹਨ। ਮੈਂ ਆਜ਼ਾਦੀ ਘੁਲਾਟੀਆਂ ਦਾ ਪੁੱਤਰ ਹਾਂ। ਮੇਰੇ ਆਜ਼ਾਦੀ ਘੁਲਾਟੀਆਂ ਨਾਲ ਬਹੁਤ ਤਕੜੇ ਸੰਬੰਧ ਹਨ। ਜਾਂ ਮੈਨੂੰ ਗੋਲੀ ਵੱਜੇਗੀ ਜਾਂ ਮੈਨੂੰ ਫਾਂਸੀ ਦੀ ਸਜ਼ਾ ਹੋਵੇਗੀ, ਇਸ ਲਈ ਮੈਂ ਸ਼ਾਦੀ ਕਰਾਂਗਾ ਤਾਂ ਮੌਤ ਨਾਲ ਕਰਾਂਗਾ, ਕਿਸੇ ਪੇਂਡੂ ਕੰਨਿਆ ਦੀ ਜ਼ਿੰਦਗੀ ਬਰਬਾਦ ਕਰਨ ਵਾਸਤੇ ਤਿਆਰ ਨਹੀਂ ਹਾਂ। ਜੋ ਉੱਤਰ ਸਰਦਾਰ ਭਗਤ ਸਿੰਘ ਨੇ ਲਿਖਿਆ—ਇਉਂ ਬਿਆਨ ਕੀਤਾ ਜਾ ਰਿਹਾ ਹੈ :—

## ਦੋਤਾਰਾ

1.

ਖ਼ਤ ਪੜ੍ਹ ਕੇ ਮਾਪਿਆਂ ਦਾ, ਲਿਖਿਆ ਭਗਤ ਸਿੰਘ ਨੇ ਉੱਤਰ।
ਗੱਲ ਸੁਣ ਲੈ ਬਾਪੂ ਜੀ, ਮੈਂ ਹਾਂ ਦੇਸ਼-ਭਗਤ ਦਾ ਪੁੱਤਰ।
ਨਾ ਵਰਨ ਲਾੜੀਆਂ ਨੂੰ ਜਿਨ੍ਹਾਂ ਲਾੜੀ ਮੌਤ ਵਿਆਹੁਣੀ।
ਮੈਂ ਵਤਨ-ਪੁਜਾਰੀ ਹਾਂ, ਸ਼ਾਦੀ ਬਿਲਕੁਲ ਨਹੀਂ ਕਰਵਾਉਣੀ।

2.

ਅੱਗੇ ਘਰ ਛੱਡ ਤੁਰੇ ਮੇਰੇ ਵਤਨ ਪੁਜਾਰੀ ਚਾਚੇ,
ਬਿਨ ਪਤੀ ਪਿਆਰੇ ਤੋਂ ਜਾਂਦੇ ਰੁਲ ਔਰਤ ਦੇ ਹਾਸੇ।
ਅੱਗੇ ਦੋ ਤਰਸ ਰਹੀਆਂ ਨੇ, ਹੋਰ ਕੋਈ ਚਾਹੁੰਦਾ ਨਹੀਂ ਤਰਸਾਉਣੀ।
ਮੈਂ ਵਤਨ ਪੁਜਾਰੀ ਹਾਂ........

3.

ਨੀਤੀ ਅੰਗਰੇਜ਼ਾਂ ਦੀ ਹੋ ਗਈ ਭਾਰਤੀਆਂ 'ਤੇ ਭਾਰੂ।
ਕੀ ਜਿਊਣਾ ਗ਼ੁਲਾਮੀ ਦਾ ਮਾਲਕ ਤਾਈਂ ਘੂਰਦੇ ਪਾਰੂ।
ਰਲ ਭਾਰਤਵਾਸੀ ਨੇ ਗਲੋਂ ਚਾਹੁੰਦੇ ਗ਼ੁਲਾਮੀ ਲਾਹੁਣੀ।
ਮੈਂ ਵਤਨ ਪੁਜਾਰੀ ਹਾਂ........

4.

ਰੰਗਸਰ ਤੇ ਬਾਗ਼ ਗੁਰੂ ਦਾ ਸਾਕਾ ਪੰਜਾ ਤੇ ਨਨਕਾਣਾ,
ਮਰਦਾਂ ਦੇ ਸਿਦਕ ਤਾਈਂ ਕਿਵੇਂ ਪਰਖ ਰਿਹਾ ਜਰਵਾਣਾ।

ਜਲ੍ਹਿਆਂਵਾਲੇ ਦੀ ਧਰਤੀ ਦੀ ਔਖੀ ਘਟਨਾ ਦਿਲੋਂ ਭਲਾਉਣੀ।
ਮੈਂ ਵਤਨ ਪੁਜਾਰੀ ਹਾਂ........

5.

ਜੇ ਵੇਲ ਵਧਾਉਣੀ ਏ ਮੈਥੋਂ ਛੋਟੇ ਚਾਰ ਵਿਆਹ ਲਓ।
ਅਮਰੋ, ਪ੍ਰਕਾਸ਼ੋ ਤੇ ਸੁਮਿੱਤਰਾ ਰਲ ਕੇ ਘੋੜੀਆਂ ਗਾ ਲਓ।
ਸ਼ਗਨਾਂ ਤੇ ਚਾਵਾਂ ਨਾਲ ਡੋਲੀ ਵਿਆਹ ਕੇ ਘਰੇ ਲਿਆਉਣੀ।
ਮੈਂ ਵਤਨ ਪੁਜਾਰੀ ਹਾਂ........

6.

ਪੈਂਦੇ ਯੁੱਗ-ਗਰਦਾਂ ਨੂੰ ਜੇਲ੍ਹੀਂ ਰੁਲਣਾ ਤੇ ਫਾਂਸੀ ਚੜ੍ਹਨਾ।
ਹੈ ਕੰਮ ਪਰਵਾਨੇ ਦਾ ਮੱਚਦੀ ਸ਼ਮ੍ਹਾਂ ਵੇਖ ਕੇ ਸੜਨਾ।
ਨਾ ਨੀਰ ਵਹਾਓ ਜੇ ਜਿਸ ਦਿਨ ਮੇਰੀ ਗਈ ਸੁਆਣੀ।
ਮੈਂ ਵਤਨ ਦਾ ਪੁਜਾਰੀ ਹਾਂ........

7.

ਮਾਤਾ ਤੇ ਚਾਚੀਓ ਨੀ ਦਾਦੀ ਅੰਮਾ ਤੇ ਬੁੱਢੜਿਆ ਬਾਬਾ,
ਮੈਂ ਉਹ ਕੁਝ ਕਰਨਾ ਹੈ ਜੋ ਕਰ ਗਿਆ ਕਰਤਾਰ ਸਰਾਭਾ।
ਲਿਖਦਾ 'ਜਰਨੈਲ' ਕਥਾ ਭਗਵਾਨ ਮੇਜਰ ਨੇ ਰਲ ਗਾਉਣੀ।
ਮੈਂ ਵਤਨ ਪੁਜਾਰੀ ਹਾਂ, ਸ਼ਾਦੀ ਬਿਲਕੁਲ ਨਹੀਂ ਕਰਵਾਉਣੀ।

ਕੌਮ ਦੀ ਅਜ਼ਾਦੀ ਲਈ ਸਾਰਿਆਂ ਤੋਂ ਛੋਟੀ ਉਮਰ ਵਿਚ ਗ਼ੱਦਰੀ ਬਾਬਿਆਂ ਵਿੱਚੋਂ ਕਰਤਾਰ ਸਿੰਘ ਸਰਾਭਾ ਇਹ ਲਿਖ ਕੇ ਲਫ਼ਜ਼ ਗਾਇਆ ਕਰਦਾ ਸੀ :—

ਸੇਵਾ ਦੇਸ਼ ਦੀ ਜਿੰਦੜੀਏ ਕਰਨੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਪ੍ਰੇਮ ਵਿਚ ਪੈਰ ਪਾਇਆ,
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਸਰਦਾਰ ਕਰਤਾਰ ਸਿੰਘ ਸਰਾਭਾ ਦੀ ਫੋਟੋ ਸਰਦਾਰ ਭਗਤ ਸਿੰਘ ਜੇਬ ਵਿਚ ਰੱਖਿਆ ਕਰਦਾ ਸੀ ਅਤੇ ਦੋ ਟਾਈਮ ਤੱਕਿਆ ਕਰਦਾ ਸੀ। ਭਗਤ ਸਿੰਘ ਨੇ ਉੱਤਰ ਲਿਖਿਆ— ਬਾਪੂ ਜੀ ! ਜੋ ਕੁਝ ਕਰਤਾਰ ਸਿੰਘ ਕਰ ਗਿਆ ਹੈ, ਮੈਂ ਵੀ ਉਹੀ ਕੁਝ ਕਰਨ ਵਾਲਾ ਹਾਂ। ਦੁਨੀਆਂ ਦੇ ਸੁੱਖਾਂ ਨੂੰ ਠੁਕਰਾ ਕੇ ਭਾਰਤ ਦੀ ਆਜ਼ਾਦੀ ਲਈ ਮੈਂ ਆਪਣੀ ਜ਼ਿੰਦਗੀ ਕੁਰਬਾਨ ਕਰ ਦੇਵਾਂਗਾ।



ਇਨ੍ਹਾਂ ਦਿਨਾਂ ਵਿਚ ਅੰਗਰੇਜ਼ ਨੇ ਆਜ਼ਾਦੀ ਦੀਆਂ ਲਹਿਰਾਂ ਨੂੰ ਦਬਾਉਣ ਵਾਸਤੇ ਨਵੇਂ ਤੋਂ ਨਵੇਂ ਕਾਨੂੰਨ ਲਾਗੂ ਕੀਤੇ ਸਨ। ਇਨ੍ਹਾਂ ਦਿਨਾਂ ਵਿਚ ਸਾਈਮਨ ਕਮਿਸ਼ਨ ਹਿੰਦੋਸਤਾਨ ਵਿਚ ਪਹੁੰਚਿਆ। ਅਨੇਕਾਂ ਸ਼ਹਿਰਾਂ ਤੋਂ ਹੁੰਦਾ ਹੋਇਆ ਪੰਜਾਬ ਅੰਦਰ ਆਇਆ।

ਏਧਰ ਕਾਂਗਰਸ ਦੀਆਂ ਦੋ ਲਹਿਰਾਂ ਸਨ— ਇਕ ਹਨ ਨਰਮ ਖ਼ਿਆਲੀਏ ਜਿਨ੍ਹਾਂ ਦਾ ਆਗੂ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਸਨ ਅਤੇ ਦੂਜੇ ਗਰਮ ਖ਼ਿਆਲੀਏ ਹਨ, ਜਿਨ੍ਹਾਂ ਵਿੱਚੋਂ ਲਾਲਾ ਲਾਜਪਤ ਰਾਏ ਢੁੱਡੀਕੇ ਵਾਲਾ ਜੋ ਬਹੁਤ ਹੀ ਇਕ ਮਹਾਨ ਲੀਡਰ ਹੈ। ਲਾਜਪਤ ਰਾਏ ਨੇ ਨੌਜਵਾਨਾਂ ਨੂੰ ਇਕੱਠਿਆਂ ਕੀਤਾ ਤੇ ਆਖਿਆ— ਜਦੋਂ ਲਾਹੌਰ ਆ ਕੇ ਸਾਈਮਨ ਕਮਿਸ਼ਨ ਗੱਡੀ ਤੋਂ ਉਤਰੇਗਾ ਤਾਂ ਕਾਲੀਆਂ ਝੰਡੀਆਂ ਲੈ ਕੇ 'ਗੋ ਬੈਕ' ਦੇ ਨਾਅਰੇ ਲਾਏ ਜਾਣਗੇ ਅਤੇ ਉਸ ਨੂੰ ਵਾਪਸ ਪਰਤਣ ਲਈ ਮਜਬੂਰ ਕੀਤਾ ਜਾਵੇਗਾ। ਲਾਲਾ ਲਾਜਪਤ ਰਾਏ ਦੀ ਕਮਾਨ ਥੱਲੇ ਬਹੁਤ ਸਾਰੇ ਗੱਭਰੂ ਕਾਲੀਆਂ ਝੰਡੀਆਂ ਲੈ ਕੇ ਮੈਦਾਨ ਵਿਚ ਉਤਰ ਆਏ ਸਨ। ਲਾਲਾ ਜੀ ਨੇ ਪ੍ਰਣ ਲਿਆ ਸੀ ਕਿ ਬਹਾਦਰੋ ! ਸ਼ਾਂਤਮਈ ਰਹਿਣਾ ਹੈ ਭਾਵੇਂ ਅੰਗਰੇਜ਼ ਸਾਡੇ ਉੱਤੇ ਗੋਲੀ ਕਿਉਂ ਨਾ ਦਾਗ ਦੇਵੇ। ਏਧਰ ਹੁਕਮ ਹੋਇਆ, ਭੜਕੇ ਹੋਏ ਲੋਕਾਂ ਉੱਤੇ ਅੰਧਾ-ਧੁੰਦ ਡਾਂਗਾਂ ਦੀ ਵਰਖਾ ਕੀਤੀ ਜਾਵੇ। ਨਤੀਜਾ ਇਹ ਨਿਕਲਿਆ ਕਿ ਇਸ ਲਹਿਰ ਦਾ ਬੁੱਢੜਾ ਆਗੂ ਲਾਲਾ ਲਾਜਪਤ ਰਾਏ, ਜਿਸ ਨੂੰ ਬਹੁਤ ਜ਼ਿਆਦਾ ਡਾਂਗਾਂ ਅੱਗੇ ਵਧ ਕੇ ਕਸਾਈਆਂ ਨੇ ਮਾਰੀਆਂ ਤੇ ਉਹ ਥਾਂ 'ਤੇ ਹੀ ਮਰ ਗਿਆ। ਜਦੋਂ ਇਨ੍ਹਾਂ ਨੌਜਵਾਨਾਂ ਦਾ ਆਗੂ ਮਾਰਿਆ ਗਿਆ ਤਾਂ ਸਰਦਾਰ ਭਗਤ ਸਿੰਘ ਨੇ ਕੁਝ ਨੌਜਵਾਨਾਂ ਨੂੰ ਰਾਵੀ ਦੇ ਕਿਨਰੇ 'ਤੇ ਇਕੱਠਿਆਂ ਕੀਤਾ ਤੇ ਆਖਿਆ— ਬਹਾਦਰੋ ! ਆਪਣਾ ਆਗੂ ਲਾਲਾ ਲਾਜਪਤ ਰਾਏ, ਉਹ ਹੋ ਗਿਆ ਹੋਵੇ ਸ਼ਹੀਦ ਤੇ ਉਹਦਾ ਬਦਲਾ ਨਾ ਲਈਏ, ਕੀ ਅਸੀਂ ਮਾਵਾਂ ਦੇ ਪੁੱਤ ਅਖਵਾਉਣ ਦੇ ਹੱਕਦਾਰ ਹਾਂ ? ਲਾਲਾ ਜੀ ਦੀ ਆਤਮਾ ਨੂੰ ਤਾਂ ਹੀ ਠੰਢ ਪਹੁੰਚੇਗੀ ਜੇ ਉਹਦੀ ਸ਼ਹੀਦੀ ਦਾ ਬਦਲਾ ਲਿਆ ਜਾਵੇ। ਇਹ ਸੁਣ ਕੇ ਬਹੁਤ ਸਾਰੇ ਨੌਜਵਾਨ ਮੈਦਾਨ ਵਿਚ ਉਤਰ ਪਏ।

ਸਰਦਾਰ ਭਗਤ ਸਿੰਘ ਅਤੇ ਇਸ ਦੇ ਨਾਲ ਹਨ ਰਾਜਗੁਰੂ, ਸੁਖਦੇਵ, ਜੈ ਗੋਪਾਲ ਅਤੇ ਇਕ ਉਹ ਮਹਾਨ ਦੇਸ਼-ਭਗਤ, ਜਿਸ ਨੂੰ ਚੰਦਰ ਸ਼ੇਖਰ ਆਜ਼ਾਦ ਆਖਿਆ ਜਾਂਦਾ ਹੈ। ਜੈ ਗੋਪਾਲ ਦੀ ਡਿਊਟੀ ਲਾਈ ਗਈ ਕਿ ਜਦੋਂ ਪੁਲਿਸ ਕਪਤਾਨ ਆਪਣੀ ਕੋਠੀ ਵਿੱਚੋਂ ਦਫ਼ਤਰ ਵੱਲ ਨੂੰ ਨਿਕਲੇਗਾ, ਤੂੰ ਰੁਮਾਲ ਦਾ ਇਸ਼ਾਰਾ ਕਰ ਦੇਵੀਂ। ਏਧਰ ਸਕਾਟ ਦੀ ਜਗ੍ਹਾ ਸਾਂਡਰਸ ਨਿਕਲ ਆਇਆ ਤੇ ਜੈ ਗੋਪਾਲ ਦੀ ਨਿਗ੍ਹਾ ਭੁਲੇਖਾ ਖਾ ਗਈ। ਮਾਰਨਾ ਤਾਂ ਵੱਡਾ ਕਪਤਾਨ ਸੀ ਤੇ ਕਾਬੂ ਆ ਗਿਆ ਛੋਟਾ ਕਪਤਾਨ। ਜੈ ਗੋਪਾਲ ਨੇ ਰੁਮਾਲ ਦਾ ਇਸ਼ਾਰਾ ਕਰ ਦਿੱਤਾ। ਸਰਦਾਰ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਸਾਂਡਰਸ ਨੂੰ ਇਉਂ ਮਾਰਿਆ :—

## ਦੋਹਰਾ ਛੰਦ

1. ਮੋਟਰ ਸਾਈਕਲ ਕਰ ਲਿਆ ਗੋਰੇ ਜਦੋਂ ਸਟਾਟ,
ਸਮਝਿਆ ਜੈ ਗੋਪਾਲ ਨੇ ਹੋਣਾ ਏ ਸਕਾਟ।
ਨਿਗ੍ਹਾ ਭੁਲੇਖਾ ਖਾ ਗਈ ਅਸਲ ਨਾ ਹੋਈ ਪਛਾਣ।
ਵਾਹ ਲਿਆ ਜਗ੍ਹਾ ਸਕਾਟ ਦੀ ਸਾਂਡਰਸ ਕਪਤਾਨ।

2. ਆਖਿਆ ਜੈ ਗੋਪਾਲ ਨੇ ਹੋ ਜੋ ਤੁਰੰਤ ਤਿਆਰ।
ਸ਼ੇਰਾ ਕਾਬੂ ਆ ਗਿਆ ਨਿਕਲ ਨਾ ਜਾਏ ਸ਼ਿਕਾਰ।
ਨਰਕਾਂ ਦੇ ਵਿਚ ਇਸ ਨੂੰ ਜਲਦੀ ਕਰੋ ਰਵਾਨ।
ਵਾਹ ਲਿਆ........

3. ਚਾਰੇ ਜਣੇ ਉਸ ਦਾ ਮੱਲ ਕੇ ਬੈਠੇ ਰਾਹ।
ਭਗਤ ਸਿੰਘ ਨੇ ਵੇਖਿਆ ਗਿਆ ਵਿਰੋਧੀ ਆ।
ਨੇਤਰ ਭੱਖ ਕੇ ਸ਼ੇਰ ਦੇ ਹੋ ਗਏ ਲਹੂ ਲੁਹਾਣ।
ਵਾਹ ਲਿਆ........

4. ਲਾਜਪਤ ਨੂੰ ਮਾਰ ਕੇ ਕੀਤਾ ਸੀ ਤੂੰ ਕਹਿਰ।
ਅੱਜ ਲਵਾਂਗੇ ਪਾਪੀਆ ਲਾਲਾ ਜੀ ਦਾ ਵੈਰ।
ਇੰਨੀ ਕਹਿ ਕੇ ਯੋਧਿਆਂ ਮਾਰੇ ਬੰਨ੍ਹ ਨਿਸ਼ਾਨ।
ਵਾਹ ਲਿਆ........

5. ਪਹਿਲੀ ਗੋਲੀ ਨਾਲ ਹੀ ਹੋ ਗਿਆ ਗੋਰਾ ਚਿੱਤ।
ਗੇੜਾ ਖਾ ਕੇ ਡਿੱਗ ਪਿਆ ਐਨ ਸੜਕ ਦੇ ਵਿਚ।
ਰਾਜਗੁਰੂ, ਸੁਖਦੇਵ ਵੀ ਲੱਗ ਪਏ ਅੱਗ ਵਰਸਾਣ।
ਵਾਹ ਲਿਆ........

6. ਸਾਂਡਰਸ ਨੂੰ ਮਾਰ ਕੇ ਲੱਗੇ ਹੋਣ ਫ਼ਰਾਰ।
ਮਗਰੋਂ ਵਾਜਾਂ ਮਾਰਦਾ ਚੰਨਣ ਸਿੰਘ ਗ਼ਦਾਰ।
ਚੰਦਰ ਸ਼ੇਖਰ ਆਖਿਆ, ਕਰ ਲੈ ਬੰਦ ਜ਼ਬਾਨ।
ਵਾਹ ਲਿਆ........



7. ਚੰਨਣ ਸਿੰਘ ਜਦ ਦੌੜਿਆ ਭਗਤ ਸਿੰਘ ਦੇ ਵੱਲ।
ਗੋਲੀ ਮਾਰ ਅਜ਼ਾਦ ਨੇ ਦਿੱਤਾ ਨਰਕੀਂ ਘੱਲ।
ਕੀ ਖੱਟਿਆ ਈ ਪਾਪੀਆ ਸਾਡਾ ਕਰ ਨੁਕਸਾਨ ?
ਵਾਹ ਲਿਆ........

8. ਕਾਲਜ ਦੇ ਵਿਚ ਪਹੁੰਚਿਆ ਜਦੋਂ ਭਗਤ ਸਿੰਘ ਆਣ।
ਪਿੱਛੋਂ ਚੜ੍ਹੀਆਂ ਗਾਰਦਾਂ ਨਿਕਲ ਨਾ ਬਾਗ਼ੀ ਜਾਣ।
'ਜਰਨੈਲ ਸਿੰਘਾ' ਫਿਰ ਭਗਤ ਸਿੰਘ ਲੱਗ ਪਿਆ ਅੱਗ ਵਰਸਾਣ।
ਵਾਹ ਲਿਆ ਜਗ੍ਹਾ ਸਕਾਟ ਦੀ ਸਾਂਡਰਸ ਕਪਤਾਨ।

ਸਭ ਤੋਂ ਪਹਿਲਾਂ ਸਾਂਡਰਸ ਨੂੰ ਗੋਲੀ ਸਰਦਾਰ ਭਗਤ ਸਿੰਘ ਨੇ ਮਾਰੀ। ਬਾਅਦ ਵਿਚ ਰਾਜਗੁਰੂ ਤੇ ਸੁਖਦੇਵ ਨੇ ਗੋਲੀਆਂ ਮਾਰੀਆਂ। ਰਾਜਗੁਰੂ ਜ਼ਿਲ੍ਹਾ ਪੂਨਾ ਖੁੱਡਾ ਨਗਰੀ ਦੇ ਰਹਿਣ ਵਾਲਾ ਸੀ। ਭੀਮ ਨਦੀ ਦੇ ਕਿਨਾਰੇ ਖੁੱਡਾ ਨਗਰੀ ਵੱਸਦੀ ਹੈ, ਜਿਸ ਨੂੰ ਅੱਜਕੱਲ੍ਹ ਰਾਜਗੁਰੂ ਨਗਰੀ ਆਖਿਆ ਜਾਂਦਾ ਹੈ। ਸੁਖਦੇਵ ਲਾਇਲਪੁਰ ਦੇ ਰਹਿਣ ਵਾਲੇ ਥਾਪਰਾਂ ਦਾ ਮੁੰਡਾ ਸੀ। ਭਗਤ ਸਿੰਘ ਜੱਟ ਜ਼ਿਮੀਂਦਾਰਾਂ ਦਾ ਮੁੰਡਾ ਸੀ। ਚੰਦਰ ਸ਼ੇਖਰ ਇਨਕਲਾਬੀਆਂ ਦੇ ਮੋਢੀਆਂ ਵਿੱਚੋਂ ਇਨ੍ਹਾਂ ਦਾ ਆਗੂ ਸੀ।

ਇਨ੍ਹਾਂ ਬਹਾਦਰਾਂ ਨੇ ਪ੍ਰੋਗਰਾਮ ਬਣਾਇਆ ਹੋਇਆ ਸੀ ਕਿ ਜਦੋਂ ਗੋਰੇ ਨੂੰ ਮਾਰਨ ਵਾਲਿਆਂ ਉੱਤੇ ਪੁਲਿਸ ਹਮਲਾ ਕਰੇਗੀ ਤਾਂ ਉਨ੍ਹਾਂ ਨੂੰ ਚੰਦਰ ਸ਼ੇਖਰ ਆਜ਼ਾਦ ਸਾਂਭ ਲਵੇਗਾ। ਮਾੜੀ ਕਿਸਮਤ ਨੂੰ ਦਿਆਲਪੁਰ ਦੇ ਰਹਿਣ ਵਾਲੇ ਸਿਪਾਹੀ ਚੰਨਣ ਸਿੰਘ ਨੇ ਜਦੋਂ ਸਾਂਡਰਸ ਮਰਿਆ ਵੇਖਿਆ ਤੇ ਰੌਲਾ ਪਾ ਕੇ ਭਗਤ ਸਿੰਘ ਦੇ ਪਿੱਛੇ ਦੌੜ ਉਠਿਆ। ਚੰਦਰ ਸ਼ੇਖਰ ਆਜ਼ਾਦ ਨੇ ਗੋਲੀ ਮਾਰ ਕੇ ਇਹਨੂੰ ਵੀ ਢੇਰੀ ਕਰ ਦਿੱਤਾ।

ਏਧਰ ਪ੍ਰੋਗਰਾਮ ਬਣਿਆ ਹੋਇਆ ਸੀ। ਸਾਰੇ ਦੌੜ ਗਏ ਹਨ। ਚੰਦਰ ਸ਼ੇਖਰ ਨੇ ਇਕ ਮਕਾਨ ਵਿਚ ਪਹੁੰਚ ਕੇ ਸਾਧੂ ਦਾ ਭੇਸ ਧਾਰ ਲਿਆ। ਸਰਦਾਰ ਭਗਤ ਸਿੰਘ ਡੀ.ਏ.ਵੀ. ਕਾਲਜ ਵਿਚ ਪਹੁੰਚ ਗਿਆ। ਅੱਗੇ ਪ੍ਰਬੰਧ ਬਣ ਚੁੱਕਾ ਸੀ। ਕੇਸ ਕੱਟ ਕੇ ਭਗਤ ਸਿੰਘ ਨੇ ਸਿਰ ਉੱਪਰ ਟੋਪ ਪਾ ਲਿਆ। ਭਗਤ ਸਿੰਘ ਤੇ ਰਾਜਗੁਰੂ ਇਹ ਦੁਰਗਾ ਦੇਵੀ ਦੇ ਘਰ ਪਹੁੰਚ ਗਏ। ਦੁਰਗਾ ਦੇਵੀ ਇਕ ਮਹਾਨ ਔਰਤ ਹੈ, ਜਿਸ ਨੇ ਹਮੇਸ਼ਾ ਹੀ ਇਨਕਲਾਬੀਆਂ ਦਾ ਸਾਥ ਦਿੱਤਾ ਹੈ। ਜਿੰਨੇ ਵੀ ਨੌਜਵਾਨ ਸਨ, ਇਸ ਨੂੰ ਭਰਜਾਈ ਜੀ ਕਿਹਾ ਕਰਦੇ ਸਨ। ਭਗਤ ਸਿੰਘ ਨੇ ਆਖਿਆ—ਭਰਜਾਈ ਜੀ ! ਸਾਂਡਰਸ ਮਾਰਿਆ ਗਿਆ ਹੈ, ਘੇਰੇ ਪੈ ਚੁੱਕੇ ਹਨ ਅਤੇ ਅਸਾਂ ਲਾਹੌਰ ਵਿੱਚੋਂ ਨਿਕਲਣਾ ਹੈ। ਦੁਰਗਾ ਦੇਵੀ ਦਾ ਮੁੰਡਾ ਭਗਤ ਸਿੰਘ ਨੇ ਚੁੱਕ ਲਿਆ। ਰਾਜਗੁਰੂ ਨੌਕਰ ਬਣ ਗਿਆ। ਕਿਵੇਂ ਭੇਸ ਬਦਲ ਕੇ ਇਹ ਬਹਾਦਰ ਨਿਕਲੇ ਹਨ, ਇਉਂ ਪੇਸ਼ ਕੀਤਾ ਜਾ ਰਿਹਾ ਹੈ :—

## ਦਵੀਆ

1. ਸਾਂਡਰਸ ਨੂੰ ਮਾਰ ਕੇ, ਲਾ'ਤੀ ਰੇਸ ਜਵਾਨਾਂ ਨੇ।
ਆਪੋ ਆਪਣੇ ਪਹੁੰਚ ਠਿਕਾਣੇ, ਬਦਲੇ ਭੇਸ ਜਵਾਨਾਂ ਨੇ।
ਕੇਸ ਕਟਾ ਕੇ ਟੋਪ ਪਾ ਲਿਆ, ਅੱਖ ਦੇ ਫੋਰੇ ਤੋਂ।
ਭੇਸ ਬਦਲ ਕੇ ਸ਼ੇਰ ਨਿਕਲ ਗਏ, ਨਾ ਪਕੜੇ ਗਏ ਗੋਰੇ ਤੋਂ।

2. ਦੁਰਗਾ ਦੇਵੀ ਦੇ ਘਰ ਜਾ ਕੇ, ਚੱਕ ਉਸ ਦਾ ਬਾਲ ਲਿਆ।
ਭਗਤ ਉਦਾਸੀ ਬਣ ਕੇ ਤੁਰ ਪਏ, ਪਲ ਵਿਚ ਵਕਤ ਸੰਭਾਲ ਲਿਆ।
ਚੰਦ ਚਕੋਰੀ ਵਾਂਗੂੰ ਫੱਬਦੇ, ਲੋਕ ਹੈਰਾਨ ਸਨ ਟੋਹਰੇ ਤੋਂ।
ਭੇਸ ਬਦਲ ਕੇ........

3. ਰਾਜਗੁਰੂ ਸੀ ਨੌਕਰ ਬਣਿਆ, ਸੂਟਕੇਸ ਸੀ ਚੁੱਕ ਲਿਆ।
ਅਸੀਂ ਸਟੇਸ਼ਨ ਜਲਦੀ ਜਾਣਾ, ਟਾਂਗੇ ਵਾਲੇ ਨੂੰ ਪੁੱਛ ਲਿਆ।
ਲਉ ਬਾਬੂ ਜੀ ਹੁਣੇ ਲੈ ਜਾਂਦੇ, ਨਾਂਹ ਕਾਹਦੀ ਕਮਜ਼ੋਰੇ ਤੋਂ।
ਭੇਸ ਬਦਲ ਕੇ........

4. ਚਾਰ ਚੁਫੇਰੇ ਫਿਰਨ ਪੁਲਸੀਏ, ਭਗਤ ਸਿੰਘ ਨੂੰ ਲੱਭ ਰਹੇ।
ਉਧਰ ਟਾਂਗੇ ਦੇ ਵਿਚ ਬੈਠੇ, ਭਗਤ ਸਿੰਘ ਜੀ ਫੱਬ ਰਹੇ।
ਸਾਹਬ ਸਮਝ ਕੇ ਸੀਸ ਨਿਵਾਏ, ਪੁਲਿਸ ਮਿਲੇ ਜੋ ਮੋਹਰੇ ਤੋਂ।
ਭੇਸ ਬਦਲ ਕੇ........

5. ਚੰਦਰ ਸ਼ੇਖਰ ਬਣ ਕੇ ਸਾਧੂ, ਸਣੇ ਸਾਥੀਆਂ ਪੁੱਜ ਗਿਆ।
ਭਗਤੀ ਕਰਕੇ ਜਨਮ ਸਵਾਰੇ, ਭਜਨ ਕਰਨ ਵਿਚ ਰੁੱਝ ਗਿਆ।
ਹਰੀਦੁਆਰ ਜਾ ਕੇ ਹਰੀ ਧਿਆਈਏ, ਕੀ ਲੈਣਾ ਮਨ ਕੋਰੇ ਤੋਂ।
ਭੇਸ ਬਦਲ ਕੇ........

6. ਰਾਜਗੁਰੂ ਤੇ ਭਗਤ ਸਿੰਘ, ਟਿਕਟ ਕਟਾ ਲਈ ਝਾਂਸੀ ਦੀ।
ਉਥੇ ਜਾ ਕੇ ਇਲਾਜ ਕਰਾਉਣਾ ਮਰਜ ਲੱਗੀ ਜੋ ਖਾਂਸੀ ਦੀ।
ਉਧਰ ਭਗਤਾਂ ਕਥਾ ਚਲਾ'ਤੀ ਭਗਤ ਕਬੀਰ ਦੇ ਦੋਹਰੇ ਦੀ।
ਭੇਸ ਬਦਲ ਕੇ........



7. ਦੇਸ਼ ਭਗਤ ਸਭ ਬੈਠੇ ਗੱਡੀ ਵਿਚ, ਗੱਲਾਂ ਕਰਦੇ ਰਮਜ਼ਾਂ ਨਾ।
ਐਸਾ ਮਾਰਨ ਜੱਟ ਫਾਰਸਾ, ਆਉਣ ਕਿਸੇ ਦੇ ਸਮਝਾਂ ਨਾ।

'ਜਰਨੈਲ ਸਿੰਘਾ' ਜੋ ਭਗਤ ਸਿੰਘ ਕਰ ਗਿਆ, ਹੋ ਨਹੀਂ ਸਕਦਾ ਹੋਰੇ ਤੋਂ।
ਭੇਸ ਬਦਲ ਕੇ ਸ਼ੇਰ ਨਿਕਲ ਗਏ ਨਾ ਪਕੜੇ ਗਏ ਗੋਰੇ ਤੋਂ।

ਸਰਦਾਰ ਭਗਤ ਸਿੰਘ ਤੇ ਉਸ ਦੇ ਸਾਥੀ ਨਿਕਲਣ ਵਿਚ ਕਾਮਯਾਬ ਹੋ ਰਹੇ ਹਨ। ਸਰਦਾਰ ਭਗਤ ਸਿੰਘ ਦੁਰਗਾ (ਮਹਾਨ ਦੇਸ਼-ਭਗਤ—ਭਗਵਤੀ ਚਰਨ ਦੀ ਪਤਨੀ) ਨੂੰ ਨਾਲ ਲੈ ਕੇ ਅਤੇ ਉਸ ਦਾ ਮਾਸੂਮ ਬੱਚਾ ਕੁੱਛੜ ਚੁੱਕ ਕੇ ਲਾਹੌਰ ਦੇ ਸਟੇਸ਼ਨ ਤੋਂ ਅੰਮ੍ਰਿਤਸਰ ਨੂੰ ਗੱਡੀ ਉੱਤੇ ਰਵਾਨਾ ਹੋ ਗਏ।

ਏਧਰ ਚੰਦਰ ਸ਼ੇਖਰ ਆਜ਼ਾਦ ਸਾਧਾਂ ਦਾ ਭੇਸ ਧਾਰ ਕੇ ਬਾਕੀ ਦੇ ਟੋਲੇ ਨੂੰ ਨਾਲ ਲੈ ਕੇ ਇਹ ਵੀ ਆਣ ਪਹੁੰਚਿਆ ਹੈ। ਇਸੇ ਹੀ ਰਾਤ ਲਾਲ ਅੱਖਰਾਂ ਵਿਚ ਇਸ਼ਤਿਹਾਰ ਲਾਹੌਰ ਦੀਆਂ ਕੰਧਾਂ ਉੱਤੇ ਮਿਲਿਆ, ਜਿਸ ਉੱਪਰ ਲਿਖਿਆ ਸੀ—ਜੇ ਤੁਸੀਂ ਸਾਡਾ ਇਕ ਪੰਜਾਬੀ ਮਾਰੋਗੇ ਤਾਂ ਅਸੀਂ ਤੁਹਾਡੇ ਦਸ ਅੰਗਰੇਜ਼ ਮਾਰ ਕੇ ਬਦਲਾ ਲਵਾਂਗੇ। ਉਧਰ ਮਿਥੇ ਹੋਏ ਸਮੇਂ ਅਨੁਸਾਰ ਸਰਦਾਰ ਭਗਤ ਸਿੰਘ ਤੇ ਚੰਦਰ ਸ਼ੇਖਰ ਅਜ਼ਾਦ ਅਤੇ ਇਨ੍ਹਾਂ ਦੇ ਹੋਰ ਸਾਥੀ ਆਪੋ ਆਪਣੇ ਟਿਕਾਣਿਆਂ 'ਤੇ ਮਿਲਣ ਦਾ ਵਾਅਦਾ ਕਰਕੇ ਇਕ ਦੂਜੇ ਨਾਲੋਂ ਨਿਖੜ ਗਏ।

ਝਾਂਸੀ ਸ਼ਹਿਰ ਤੋਂ ਬਾਹਰ ਇਕ ਲੁੱਕਵੀਂ ਜਗ੍ਹਾ 'ਤੇ ਇਨ੍ਹਾਂ ਮਹਾਨ ਦੇਸ਼-ਭਗਤਾਂ ਦੀ ਇਕ ਮੀਟਿੰਗ ਚੱਲ ਰਹੀ ਸੀ। ਉਸ ਮੀਟਿੰਗ ਨੂੰ ਸੰਬੋਧਨ ਕਰ ਕੇ ਚੰਦਰ ਸ਼ੇਖਰ ਆਜ਼ਾਦ ਨੇ ਆਖਿਆ—ਜਿਹੜਾ ਹੁਣ ਕਾਲਾ ਕਾਨੂੰਨ ਅੰਗਰੇਜ਼ ਅਸੈਂਬਲੀ ਵਿਚ ਪਾਸ ਕਰਨ ਲੱਗੇ ਨੇ, ਜੇ ਇਹ ਬਿੱਲ ਪਾਸ ਹੋ ਗਿਆ ਅਤੇ ਇਹਨੂੰ ਰੋਕਿਆ ਨਾ ਗਿਆ ਤਾਂ ਯਾਦ ਰੱਖੋ, ਕੋਈ ਵੀ ਦੇਸ਼ ਭਗਤ ਆਜ਼ਾਦੀ ਦਾ ਨਾਂ ਨਹੀਂ ਲੈ ਸਕੇਗਾ। ਸਰਕਾਰ ਜਿਹਨੂੰ ਚਾਹੇ ਪਕੜ ਕੇ ਜੇਲ੍ਹ ਵਿਚ ਸੁੱਟ ਦੇਵੇਗੀ। ਸਰਕਾਰ ਜਿਹਨੂੰ ਚਾਹੇ ਫਾਂਸੀ ਲਾ ਦੇਵੇਗੀ। ਸਰਕਾਰ ਜਿਹਨੂੰ ਚਾਹੇ ਗੋਲੀਆਂ ਮਾਰ ਕੇ ਉਡਾ ਦੇਵੇਗੀ। ਇਸ ਪਾਸ ਹੋਣ ਵਾਲੇ ਕਾਲੇ ਕਾਨੂੰਨ ਨੂੰ ਰੋਕ ਦੇਣਾ ਚਾਹੀਦਾ ਹੈ। ਜਦੋਂ ਚੰਦਰ ਸ਼ੇਖਰ ਨੇ ਤਕਰੀਰ ਕੀਤੀ ਤਾਂ ਸਰਦਾਰ ਭਗਤ ਸਿੰਘ ਨੇ ਹਿੱਕ 'ਤੇ ਹੱਥ ਮਾਰ ਕੇ ਆਖਿਆ—ਇਕ ਮੈਂ ਜਾਵਾਂਗਾ ਇਕ ਸਾਥੀ ਹੋਰ ਤਿਆਰ ਹੋ ਜਾਵੇ। ਇਹ ਕਾਲਾ ਕਾਨੂੰਨ ਰੋਕਣ ਦੀ ਜ਼ਿੰਮੇਵਾਰੀ ਮੇਰੀ ਹੈ। ਨਾਲ ਹੀ ਬੀ.ਕੇ. ਦੱਤ ਉਠਿਆ। ਇਨ੍ਹਾਂ ਦੋਵਾਂ ਨੂੰ ਪਾਰਟੀ ਨੇ ਤੋਰ ਦਿੱਤਾ। ਇਨ੍ਹਾਂ ਦੋਵਾਂ ਨੇ ਕੁਝ ਬੰਦਿਆਂ ਨਾਲ ਮਿਲ ਕੇ ਅਸੈਂਬਲੀ ਵਿਚ ਪਹੁੰਚਣ ਲਈ ਜਾਅਲੀ ਪਾਸ ਤਿਆਰ ਕੀਤੇ।

ਜਿਸ ਦਿਨ ਇਹ ਕਾਲਾ ਕਾਨੂੰਨ ਪਾਸ ਹੋਣਾ ਸੀ, ਉਸ ਦਿਨ ਸਰਦਾਰ ਭਗਤ ਸਿੰਘ ਅਤੇ ਬੀ.ਕੇ. ਦੱਤ ਭੇਸ ਬਦਲ ਕੇ ਅਸੈਂਬਲੀ ਹਾਲ ਵਿਚ ਪਹੁੰਚ ਗਏ। ਅਸੈਂਬਲੀ ਹਾਲ ਵਿਚ

ਬਹੁਤ ਸਾਰੇ ਸਰਕਾਰੀ ਬੰਦੇ ਇਕੱਠੇ ਹੋਏ ਸਨ। ਆਜ਼ਾਦੀ ਘੁਲਾਟੀਆਂ ਨੂੰ ਮਾੜੇ ਆਖਿਆ ਜਾ ਰਿਹਾ ਸੀ। ਬਿੱਲ ਪਾਸ ਕਰਨ ਵਾਲੇ ਸਪੀਕਰ ਨੇ ਕਿਹਾ, ਜਿਹੜੇ ਇਸ ਬਿੱਲ ਦੇ ਹੱਕ ਵਿਚ ਹਨ, ਉਹ ਬਾਂਹਵਾਂ ਖੜੀਆਂ ਕਰ ਕੇ ਪਿਆਰ ਦਾ ਸਬੂਤ ਦਿਉ, ਇਹ ਬਿੱਲ ਪਾਸ ਹੋਣਾ ਚਾਹੀਦਾ ਹੈ। ਜਦੋਂ ਲੱਗੇ ਬਾਂਹਵਾਂ ਖੜੀਆਂ ਕਰਨ ਤਾਂ ਸਰਦਾਰ ਭਗਤ ਸਿੰਘ ਤੇ ਬੀ.ਕੇ. ਦੱਤ ਨੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਨਾਲ ਹੀ ਫੋਕੇ ਬੰਬ ਧੂੰਏਂ ਵਾਲੇ ਅਸੈਂਬਲੀ ਵਿਚ ਸੁੱਟੇ।

## ਪਉੜੀ

1. ਪਾਸ ਕਰਨ ਅੰਗਰੇਜ਼ ਜਾਂ ਲੱਗੇ ਬਿੱਲ ਕਾਲੇ।
ਭੇਸ ਬਦਲ ਕੇ ਪਹੁੰਚ ਗਏ ਦੋ ਰੋਕਣ ਵਾਲੇ।
ਬੀ.ਕੇ. ਦੱਤ ਤੇ ਭਗਤ ਸਿੰਘ ਇਉਂ ਖੜਾ ਵੰਗਾਰੇ।
ਤੁਰ ਜਾ ਸਾਡੇ ਦੇਸ਼ 'ਚੋਂ, ਗੋਰੀ ਸਰਕਾਰੇ।

2. ਰੁਕ ਗਈਆਂ ਖੜੀਆਂ ਹੋਣ ਤੋਂ ਮਿੰਟਾਂ ਵਿਚ ਬਾਂਹਵਾਂ।
ਜਾਪੇ ਵੈਰੀ ਬਣ ਗਿਆ ਬੁੱਤ ਦਾ ਪਰਛਾਵਾਂ।
ਗੂੰਜੇ ਇਨਕਲਾਬ ਦੇ ਜਾ ਉੱਚੀ ਨਾਅਰੇ।
ਤੁਰ ਜਾ........

3. ਸੁੱਟਿਆ ਬੰਬ ਜਵਾਨ ਨੇ ਜਾਂ ਪਿਆ ਧਮਾਕਾ।
ਜਾਪੇ ਬਿਜਲੀ ਕੜਕ ਕੇ ਜਿਉਂ ਅੰਬਰ ਪਾਟਾ।
ਲਾ ਲਾ ਲਾਲਾਂ ਹੋ ਗਈ ਅੱਖ ਦੇ ਪਲਕਾਰੇ।
ਤੁਰ ਜਾ........

4. ਅਜੇ ਸੁਰਤ ਨਾ ਸੰਭਲੇ ਇਕ ਪਾਸਿਉਂ ਗੋਰੇ।
ਦੂਜਾ ਵੀ ਬੰਬ ਸੁੱਟ'ਤਾ ਫਿਰ ਅੱਖ ਦੇ ਫੋਰੇ।
ਦਿੱਸਦਾ ਨਹੀਂ ਵਿਚ ਧੂੰਏਂ ਦੇ ਕੁਝ ਹੱਥ ਪਸਾਰੇ।
ਤੁਰ ਜਾ........

5. ਜਾਗ ਪਏ ਹੁਣ ਭਾਰਤੀ ਨਹੀਂ ਸੁੱਤੇ ਰਹਿਣੇ।
ਗਿਣ-ਗਿਣ ਬਦਲੇ ਗੋਰਿਓ ਹੁਣ ਤੁਹਾਥੋਂ ਲੈਣੇ।
ਚੁੱਕ ਲਉ ਆਪਣੇ ਮਕਰ ਦੇ ਜੋ ਜਾਲ ਪਸਾਰੇ।
ਤੁਰ ਜਾ........



6. ਲਾਜਪਤ 'ਤੇ ਤੁਸਾਂ ਨੇ ਕਹਿਰੀ ਹੱਥ ਚੁੱਕਿਆ।
ਵੈਰ ਲਏ ਬਿਨ ਜੋਸ਼ ਨਾ ਸਾਡਾ ਵੀ ਰੁਕਿਆ।
ਖ਼ੂਨ ਦੇ ਬਦਲੇ ਖ਼ੂਨ ਨਾਲ ਝੱਟ ਅਸੀਂ ਉਤਾਰੇ।
ਤੁਰ ਜਾ........

7. ਪਾਸ ਹੋਣ ਤੋਂ ਬਿੱਲ ਸੀ ਮਿੰਟਾਂ ਵਿਚ ਰੁਕਿਆ।
ਡਰਦੇ ਮਾਰੇ ਕਈਆਂ ਦਾ ਲਹੂ ਅੱਧਾ ਸੁਕਿਆ।
ਚਿੱਟੇ ਦਿਨ ਅੰਗਰੇਜ਼ ਨੂੰ ਅੱਜ ਦਿੱਸ ਪਏ ਤਾਰੇ।
ਤੁਰ ਜਾ........

8. ਨੱਸ ਜਾ ਸਾਡੇ ਦੇਸ਼ 'ਚੋਂ ਅਸੀਂ ਦੱਸਣ ਆਏ।
ਸ਼ਮ੍ਹਾਂ ਮੱਚਦੀ ਵੇਖ ਕੇ ਅਸੀਂ ਮੱਚਣ ਆਏ।
'ਜਰਨੈਲ ਸਿੰਘ' ਕਦੀ ਮਰਦ ਨਹੀਂ ਬਚਨਾਂ ਤੋਂ ਹਾਰੇ।
ਤੁਰ ਜਾ ਸਾਡੇ ਦੇਸ਼ 'ਚੋਂ, ਗੋਰੀ ਸਰਕਾਰੇ।

ਦਿੱਲੀ ਦੀ ਅਸੈਂਬਲੀ ਵਿਚ ਸਭ ਤੋਂ ਪਹਿਲਾਂ ਸਰਦਾਰ ਭਗਤ ਸਿੰਘ ਨੇ ਬੰਬ ਮਾਰਿਆ। ਦੂਜਾ ਬੀ.ਕੇ. ਦੱਤ ਨੇ ਮਾਰਿਆ। ਇੰਨਾ ਧੂੰਆਂਧਾਰ ਤੇ ਜ਼ਬਰਦਸਤ ਧਮਾਕਾ ਹੋਇਆ ਕਿ ਬੈਂਚਾਂ ਦੀਆਂ ਫੱਟੀਆਂ ਉੱਡ ਗਈਆਂ। ਕੁਰਸੀਆਂ 'ਤੇ ਬੈਠੇ ਲੋਕ ਕੁਰਸੀਆਂ ਦੇ ਥੱਲੇ ਲੁਕਣਾ ਸ਼ੁਰੂ ਹੋ ਗਏ। ਸਾਰਾ ਹਾਊਸ ਧੂੰਏਂ ਨਾਲ ਭਰਿਆ ਹੋਇਆ ਸੀ, ਜਿਸ ਵਿਚ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਸ. ਭਗਤ ਸਿੰਘ ਤੇ ਬੀ.ਕੇ. ਦੱਤ ਜੋਸ਼ ਵਿਚ ਲਗਾ ਰਹੇ ਸਨ। ਜੇ ਇਨ੍ਹਾਂ ਨੇ ਦੌੜਨਾ ਹੁੰਦਾ ਤਾਂ ਇਸ ਧੂੰਏਂ ਤੋਂ ਲਾਭ ਉਠਾ ਕੇ ਦੌੜ ਸਕਦੇ ਸਨ, ਪਰ ਇਹ ਦੌੜਨ ਵਾਸਤੇ ਨਹੀਂ, ਖ਼ੁਦ ਗ੍ਰਿਫ਼ਤਾਰੀ ਦੇਣ ਵਾਸਤੇ ਗਏ ਸਨ। ਭਗਤ ਸਿੰਘ ਤੇ ਬੀ.ਕੇ. ਦੱਤ ਨੂੰ ਹੱਥਕੜੀਆਂ ਲਾਈਆਂ ਗਈਆਂ।

ਏਧਰ ਅਖ਼ਬਾਰਾਂ ਵਿਚ ਖ਼ਬਰ ਛਪ ਗਈ ਕਿ ਸ. ਕਿਸ਼ਨ ਸਿੰਘ ਦੇ ਪੁੱਤਰ ਅਜੀਤ ਦਾ ਭਤੀਜਾ ਦਿੱਲੀ ਅਸੈਂਬਲੀ ਵਿਚ ਬੰਬ ਮਾਰਨ ਵਾਲਾ ਪਕੜਿਆ ਗਿਆ ਹੈ ਤੇ ਉਹਦੇ ਨਾਲ ਬੀ.ਕੇ. ਦੱਤ ਹੈ। ਭਗਤ ਸਿੰਘ ਦੇ ਪਿਤਾ ਜੀ ਨੂੰ ਪਤਾ ਲੱਗਾ ਤਾਂ ਇਹ ਮੁਲਾਕਾਤ ਕਰਨ ਵਾਸਤੇ ਦਿੱਲੀ ਆਇਆ, ਪਰ ਸਮੇਂ ਦੀ ਸਰਕਾਰ ਨੇ ਮੁਲਾਕਾਤ ਨਾ ਹੋਣ ਦਿੱਤੀ। ਭਗਤ ਸਿੰਘ ਤੇ ਉਸ ਦੇ ਸਾਥੀ ਉੱਤੇ ਪਤਾ ਨਹੀਂ ਕਿੰਨੀ ਸਖ਼ਤੀ ਕੀਤੀ ਗਈ ਹੋਵੇਗੀ, ਪਰ ਉਹਨਾਂ ਨੇ ਆਪਣਾ ਹੋਰ ਕੋਈ ਸਾਥੀ ਨਹੀਂ ਦੱਸਿਆ। ਇਹਨਾਂ ਦੇ ਕੁਝ ਬੰਦੇ ਲਾਹੌਰ ਵਿੱਚੋਂ ਪਕੜੇ ਗਏ। ਉਹਨਾਂ ਵਿੱਚੋਂ ਸਾਂਡਰਸ ਨੂੰ ਮਾਰਨ ਸਮੇਂ ਜਿਸ ਜੈ ਗੋਪਾਲ ਨੇ ਰੁਮਾਲ ਦਾ ਇਸ਼ਾਰਾ ਕੀਤਾ ਸੀ, ਉਹ ਅੰਗਰੇਜ਼ ਦੀ ਕੁੱਟ ਨਾ ਸਹਾਰਦਾ ਹੋਇਆ, ਵਾਅਦਾ ਮਾਫ ਗਵਾਹ ਬਣ ਗਿਆ। ਉਹਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਉੱਤੇ ਸਾਂਡਰਸ ਦੇ ਕਤਲ ਦੀ ਗਵਾਹੀ ਦੇ ਦਿੱਤੀ। ਇਸੇ ਦੋਸ਼ ਵਿਚ ਸ. ਭਗਤ ਸਿੰਘ ਨੂੰ ਦਿੱਲੀ ਦੀ ਜੇਲ੍ਹ ਤੋਂ ਲਾਹੌਰ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ

ਅਤੇ ਮੁਕੱਦਮਾ ਚਲਾ ਦਿੱਤਾ ਗਿਆ। ਯਾਰਾਂ ਮਿੱਤਰਾਂ ਨੇ ਸਲਾਹ ਦਿੱਤੀ— ਭਗਤ ਸਿੰਹਾਂ, ਰਹਿਮ ਦੀ ਅਪੀਲ ਕਰਨੀ ਚਾਹੀਦੀ ਹੈ। ਸ. ਭਗਤ ਸਿੰਘ ਜਾਣਦਾ ਸੀ ਕਿ ਨਾ ਸਾਡੇ ਉੱਤੇ ਅੰਗਰੇਜ਼ ਨੇ ਰਹਿਮ ਕਰਨੀ ਹੈ ਅਤੇ ਨਾ ਸਾਨੂੰ ਰਹਿਮ ਦੀ ਅਪੀਲ ਕਰਨੀ ਚਾਹੀਦੀ ਹੈ। ਸਰਦਾਰ ਭਗਤ ਸਿੰਘ ਨੇ ਜੱਜ ਦੇ ਸਾਹਮਣੇ ਬਿਆਨ ਦੇ ਕੇ ਆਖਿਆ— ਜੱਜ ਸਾਹਿਬ, ਮੈਂ ਸਾਂਡਰਸ ਨੂੰ ਮਾਰਨ ਵਾਲਾ ਮੰਗ ਕਰਦਾ ਹਾਂ ਕਿ ਜੇ ਸਰਕਾਰ ਸਾਨੂੰ ਫਾਹੇ ਲਾਉਣ ਨਾਲੋਂ ਗੋਲੀ ਨਾਲ ਉਡਾ ਦੇਵੇ ਤਾਂ ਕਿੰਨਾ ਚੰਗਾ ਹੋਵੇਗਾ, ਪਰ ਜੱਜ ਨੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਲਾਹੌਰ ਦੀ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਇਸੇ ਜੇਲ੍ਹ ਵਿਚ ਭਗਤ ਸਿੰਘ ਨੇ ਬਹੁਤ ਕੁਝ ਪੜ੍ਹਿਆ। ਕੁਝ ਦੇਸ਼-ਭਗਤ ਬਾਬਿਆਂ ਦੇ ਭਗਤ ਸਿੰਘ ਨੂੰ ਦਰਸ਼ਨ ਹੋਏ, ਜਿਨ੍ਹਾਂ ਵਿੱਚੋਂ ਰੈਣ ਸਬਾਈ ਵਾਲੇ ਸੰਤ ਰਣਧੀਰ ਸਿੰਘ ਨੇ ਭਗਤ ਸਿੰਘ ਨੂੰ ਉਪਦੇਸ਼ ਦਿੱਤਾ— ਭਗਤ ਸਿੰਘਾ ! ਜੋ ਦੁਨੀਆਂ 'ਤੇ ਆਇਆ ਹੈ, ਉਸਨੇ ਕੂਚ ਕਰ ਜਾਣਾ ਹੈ। ਤੂੰ ਸਿੱਖ ਦਾ ਪੁੱਤਰ ਹੈਂ। ਅੱਗੇ ਤੋਂ ਕੇਸ ਨਾ ਕਟਾਈਂ। ਜਿਹੜੀ ਜੂੜੇ ਵਾਲੀ ਫੋਟੋ ਭਗਤ ਸਿੰਘ ਦੀ ਆਮ ਦੇਖਣ ਵਿਚ ਮਿਲਦੀ ਹੈ, ਉਹ ਸੰਤ ਰਣਧੀਰ ਸਿੰਘ ਦੀ ਨਿਸ਼ਾਨੀ ਹੈ।

ਅੰਗਰੇਜ਼ ਸਰਕਾਰ ਵੱਲੋਂ ਸਜ਼ਾ-ਏ-ਮੌਤ ਦਾ ਹੁਕਮ ਸ. ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਹੋ ਗਿਆ। ਮੁਲਾਕਾਤ ਉੱਤੇ ਸ. ਭਗਤ ਸਿੰਘ ਦਾ ਦਾਦਾ ਅਰਜਨ ਸਿੰਘ ਅਤੇ ਮਾਤਾ ਪਿਤਾ ਤੇ ਭੈਣਾਂ ਆਈਆਂ ਸਨ। ਏਧਰ ਭਗਤ ਸਿੰਘ ਨੂੰ ਹੁਕਮ ਹੋਇਆ ਕਿ ਭਗਤ ਸਿੰਘਾ, ਤੇਰੀਆਂ ਅੰਮਾ ਜਾਈਆਂ ਭੈਣਾਂ ਤੇ ਤੇਰੇ ਮਾਪੇ ਤੈਨੂੰ ਮਿਲਣ ਵਾਸਤੇ ਆਏ ਹਨ। ਭਗਤ ਸਿੰਘ ਸੀਖਾਂ ਵਾਲੀ ਬਾਰੀ ਦੇ ਸਾਹਮਣੇ ਆ ਗਿਆ। ਸਭ ਤੋਂ ਪਹਿਲਾਂ ਬੜੀ ਬੇਸਬਰੀ ਨਾਲ ਭਗਤ ਸਿੰਘ ਦੀ ਭੈਣ ਅਮਰ ਕੌਰ ਉੱਠੀ ਅਤੇ ਉਹਨੇ ਸਤਿ ਸ੍ਰੀ ਅਕਾਲ ਬੁਲਾ ਕੇ ਆਖਿਆ— ਵੀਰ ਜੀ ! ਮਾਪਿਆਂ ਦਾ ਪਹਿਲਾ ਪੁੱਤਰ ਜਵਾਨ ਹੋਵੇ ਤਾਂ ਮਾਪਿਆਂ ਦੀਆਂ ਸਧਰਾਂ ਜਵਾਨ ਹੋ ਜਾਂਦੀਆਂ ਹਨ। ਮਾਪਿਆਂ ਦਾ ਵਿਚਾਰ ਸੀ ਕਿ ਤੇਰੀ ਸ਼ਾਦੀ ਕੀਤੀ ਜਾਵੇ। ਮੈਂ ਵਾਗ ਗੁੰਦਾਂਗੀ, ਘੋੜੀਆਂ ਗਾਵਾਂਗੀ। ਸ. ਭਗਤ ਸਿੰਘ ਗੱਲ ਸੁਣ ਕੇ ਹੱਸ ਪਿਆ ਤੇ ਕਹਿੰਦਾ ਹੈ— ਭੈਣੇ ! ਦੇਸ਼ ਤੋਂ ਮਰਨ ਵਾਲੇ ਕਦੇ ਮਰਿਆ ਨਹੀਂ ਕਰਦੇ। ਮਰਦੇ ਉਹ ਹਨ ਜੋ ਮੌਤ ਤੋਂ ਡਰਿਆ ਕਰਦੇ ਹਨ। 23 ਮਾਰਚ ਦਾ 1931 ਦਾ ਦਿਨ ਭਗਤ ਸਿੰਘ ਦੀ ਮੌਤ ਦਾ ਦਿਨ ਨਹੀਂ, ਸਗੋਂ ਵਿਆਹ ਦਾ ਦਿਨ ਹੋਵੇਗਾ। ਤੇਰੇ ਭਰਾ ਦੀ ਮੌਤ ਨਾਲ ਸ਼ਾਦੀ ਹੋਵੇਗੀ। ਜਿਵੇਂ ਹੌਸਲਾ ਬਣਾਉਣ ਲੱਗੇ, ਸਰਦਾਰ ਭਗਤ ਸਿੰਘ ਨੇ ਆਪਣੀ ਭੈਣ ਨੂੰ ਆਖਿਆ, ਇਉਂ ਪੇਸ਼ ਹੈ :—

## ਗੀਤ ਗੱਡੀ

1.

ਕਿਹਾ ਹੱਸ ਕੇ ਭਗਤ ਸਿੰਘ ਸੂਰਮੇ ਗੱਲ ਸੁਣ ਭੈਣੇ ਮੇਰੀਏ।
ਤੇਰੇ ਵੀਰ ਨੇ ਅਮਰ ਹੋ ਜਾਣਾ ਦੇਸ਼ ਦੀ ਅਜ਼ਾਦੀ ਵਾਸਤੇ।



ਅੱਜ ਆਪਣੇ ਅੰਤ ਦੇ ਮੇਲੇ ਤੂੰ ਲਾਉਂਦੀ ਕਾਹਨੂੰ ਝੜੀ ਨੀਰ ਦੀ।
23 ਮਾਰਚ 1931 ਭੈਣੇਂ ਜੰਞ ਚੜ੍ਹੂ ਤੇਰੇ ਵੀਰ ਦੀ।

2.

ਚਾਰੇ ਲਾਡਲੇ ਧਰਮ ਉੱਤੇ ਵਾਰੇ ਧੰਨ ਗੁਰੂ ਬਾਜ਼ਾਂ ਵਾਲੇ ਨੇ।
ਸੁੱਖਾਂ ਵੱਸਦਾ ਅਨੰਦਪੁਰ ਛੱਡ ਕੇ ਸੁੱਤਾ ਕੰਡਿਆਂ ਦੀ ਸੇਜ 'ਤੇ।
ਕਦੇ ਦੁਨੀਆਂ ਭੁੱਲੂ ਨਾ ਕਰਨੀ ਉਸ ਹਿੰਦ ਵਾਲੇ ਪੀਰ ਦੀ।
23 ਮਾਰਚ 1931........

3.

ਸ਼ਮ੍ਹਾ ਮੱਚਦੀ ਵੇਖ ਕੇ ਭੈਣੇ ਸੜਨਾ ਪਤੰਗੇ ਹੱਸ ਕੇ।
ਤੋਪਾਂ ਸਾਹਮਣੇ ਸੂਰਮੇ ਕੂਕੇ ਫੀਤਾ-ਫੀਤਾ ਹੋ ਕੇ ਉੱਡ ਗਏ।
ਜੋਤ ਅਜ਼ਾਦੀ ਦੀ ਜਗਾ ਕੇ ਦੂਲੇ ਬਲੀ ਦੇ ਕੇ ਸਰੀਰ ਦੀ।
23 ਮਾਰਚ 1931........

4.

ਮੇਰੇ ਦੇਸ਼ ਦੇ ਗ਼ੱਦਰੀ ਸੂਰਮੇਂ ਜੋ ਕਾਲੇ ਪਾਣੀ ਜੇਲ੍ਹਾਂ ਕੱਟਦੇ।
ਹੱਸ ਚੜ੍ਹਿਆ ਮੌਤ ਦੀ ਘੋੜੀ ਸਰਾਭਾ ਕਰਤਾਰ ਸਿੰਘ ਵੀ।
ਸੇਵਾ ਦੇਸ਼ ਦੀ ਜਿੰਦੜੀਏ ਔਖੀ ਇਹ ਕਹਿਣੀ ਸੀ ਸਰਾਭੇ ਵੀਰ ਦੀ।
23 ਮਾਰਚ 1931........

5.

22 ਸਾਲ ਦਾ ਸਰਵਣ ਸਿੰਘ ਚਾਚਾ ਜੋ ਇਸੇ ਜੇਲ੍ਹ ਵਿਚ ਮੁੱਕਿਆ।
ਚੂਜਾ ਫਿਰਦਾ ਪ੍ਰਦੇਸਾਂ ਵਿਚ ਰੁਲਦਾ ਤਾਣੇ ਤਣਦਾ ਅਜ਼ਾਦੀ ਦੇ।
ਯਾਦ ਉਹਦੇ ਪਿਆਰ ਵਾਲੀ ਰਹਿੰਦੀ ਹੈ ਸਾਡਿਆਂ ਦਿਲਾਂ ਨੂੰ ਚੀਰਦੀ।
23 ਮਾਰਚ 1931........

6.

ਅਸੀਂ ਬੰਨ੍ਹ ਕੇ ਮੌਤ ਦੇ ਗਾਨੇ ਵਰ ਜਾਣੈ ਲਾੜੀ ਮੌਤ ਨੂੰ।
ਰਾਜਗੁਰੂ, ਸੁਖਦੇਵ ਪਿਆਰੇ ਨਾਲ ਹੋਣੇ ਵੀਰ ਤੇਰੇ ਦੇ।
14 ਨੰਬਰ ਕੋਠੜੀ ਮੈਨੂੰ ਸੇਜ ਜਾਪੇ ਜੱਟੀ ਹੀਰ ਦੀ।
23 ਮਾਰਚ 1931........

7.

ਅਸੀਂ ਬਲੀਆਂ ਸਿਰਾਂ ਦੀਆਂ ਦੇ ਕੇ ਕੱਢ ਦੇਣੀ ਚਿੱਟੀ ਚਮੜੀ।
ਟੁੱਟ ਜਾਣਗੀਆਂ ਜ਼ੁਲਮੀ ਜ਼ੰਜੀਰਾਂ ਖ਼ੂਨ ਪੈ ਕੇ ਵੀਰ ਤੇਰੇ ਦਾ।
ਅਸਾਂ ਲਾਜ 'ਜਰਨੈਲ ਸਿੰਘਾ' ਰੱਖਣੀ ਮਾਤਾ ਜੀ ਦੇ ਚੁੰਘੇ ਸ਼ੀਰ ਦੀ।
23 ਮਾਰਚ 1931 ਭੈਣੇਂ ਜੰਞ ਚੜ੍ਹੂ ਤੇਰੇ ਵੀਰ ਦੀ।

ਭਗਤ ਸਿੰਘ ਦੀ ਭੈਣ ਤੋਂ ਪਿੱਛੋਂ ਦੂਜੀਆਂ ਭੈਣਾਂ ਦੀ ਵਾਰੀ ਆਈ। ਬਾਅਦ ਵਿਚ ਭਗਤ ਸਿੰਘ ਦੀ ਮਾਤਾ ਆਈ ਤੇ ਉਹਨੇ ਸਿਰ 'ਤੇ ਪਿਆਰ ਦੇ ਕੇ ਆਖਿਆ—ਭਗਤ ਸਿੰਘ! ਜੋ ਜੰਮਿਆ ਹੈ, ਉਹਨੇ ਮਰ ਜਾਣਾ ਹੈ। ਜਿਹੜਾ ਰਸਤਾ ਤੂੰ ਚੁਣ ਲਿਆ ਹੈ, ਮੇਰੀ ਆਤਮਾ ਤਾਂ ਖ਼ੁਸ਼ ਹੋਵੇਗੀ, ਜੇ ਫਾਂਸੀ 'ਤੇ ਚੜ੍ਹਨ ਲੱਗਿਆਂ ਤੇਰਾ ਏਦੋਂ ਵਜ਼ਨ ਵਧਣਾ ਚਾਹੀਦਾ ਹੈ, ਘਟਣਾ ਨਹੀਂ ਚਾਹੀਦਾ। ਭਗਤ ਸਿੰਘ ਨੇ ਪੈਰੀਂ ਹੱਥ ਲਾ ਕੇ ਆਖਿਆ—ਮਾਂ! ਮੈਨੂੰ ਮੌਤ ਤੋਂ ਡਰ ਨਹੀਂ ਆਉਂਦਾ। ਮੈਂ ਤਾਂ ਚਾਹੁੰਦਾ ਹਾਂ ਦੇਸ਼ ਦੀ ਆਜ਼ਾਦੀ ਵਾਸਤੇ ਪ੍ਰਮਾਤਮਾ ਮੈਨੂੰ ਹਜ਼ਾਰਾਂ ਹੀ ਜਨਮ ਦੇਵੇ ਤਾਂ ਮੈਂ ਅੰਗਰੇਜ਼ ਦੇ ਖ਼ਿਲਾਫ਼ ਡਟਿਆ ਰਹਾਂ। ਆਖ਼ਰ ਸਾਰੇ ਪਰਿਵਾਰ ਨੇ ਮੁਲਾਕਾਤ ਕੀਤੀ। ਅੱਜ ਤੋਂ ਬਾਅਦ ਸਰਕਾਰ ਨੇ ਮੁਲਾਕਾਤਾਂ ਰੋਕ ਦਿੱਤੀਆਂ ਸਨ। ਭਗਤ ਸਿੰਘ 14 ਨੰਬਰ ਕੋਠੜੀ ਵਿਚ ਬੈਠਾ ਹੱਥਕੜੀਆਂ ਛਣਕਾ ਕੇ, ਮਹਾਨ ਦੇਸ਼-ਭਗਤ ਰਾਮਦਾਸ ਬਿਸਮਲ ਕਕੋਰੀ ਦੀ ਗ਼ਜ਼ਲ ਗਾ ਰਿਹਾ ਸੀ :

ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ ਕਾਤਿਲ ਮੇਂ ਹੈ।

ਇਕ ਦੇਸ਼-ਭਗਤ ਗ਼ਦਰੀ ਬਾਬਾ ਚੂੜ ਸਿੰਘ, ਪਿੰਡ ਲੀਲ, ਜ਼ਿਲ੍ਹਾ ਲੁਧਿਆਣੇ ਦੇ ਰਹਿਣ ਵਾਲਾ, ਭਗਤ ਸਿੰਘ ਨੂੰ ਦੁੱਧ ਪਿਲਾਉਣ ਵਾਸਤੇ ਆਇਆ ਕਰਦਾ ਸੀ। ਇੰਨੇ ਦੇਖਿਆ ਕਿ ਜੇਲ੍ਹ ਦੇ ਕਰਮਚਾਰੀ ਹੱਸ ਰਹੇ ਨੇ। ਜੱਲਾਦ ਫਾਂਸੀ ਦੀਆਂ ਤੰਦੀਆਂ ਪਰੋ ਰਹੇ ਸੀ। ਏਹਦਾ ਮਨ ਭਰ ਆਇਆ। ਇਹਨੂੰ ਪਤਾ ਲੱਗਾ ਕਿ ਅੱਜ ਸ਼ਾਮ ਨੂੰ ਭਗਤ ਸਿੰਘ ਫਾਂਸੀ ਉੱਤੇ ਟੰਗਿਆ ਜਾਵੇਗਾ। ਭਗਤ ਸਿੰਘ ਦੇ ਕੋਲ ਗਿਆ, ਭਗਤ ਸਿੰਘ ਨੂੰ ਦੁੱਧ ਪਿਲਾਇਆ ਅਤੇ ਆਖਿਆ—ਭਗਤ ਸਿੰਹਾਂ! ਅੱਜ ਸ਼ਾਮ ਨੂੰ ਠੀਕ ਸੱਤ ਵਜੇ ਅੰਗਰੇਜ਼ ਲੋਕਾਂ ਨੇ ਤੈਨੂੰ ਫਾਂਸੀ ਉੱਤੇ ਟੰਗ ਦੇਣਾ ਹੈ।

## ਜੁਗਨੀ

1.

ਚੂੜ ਸਿੰਘ ਹੈ ਬਾਬਾ ਆ ਕੇ ਤੇ।
ਭਗਤ ਸਿੰਘ ਨੂੰ ਫ਼ਤਹਿ ਬੁਲਾ ਕੇ ਤੇ।



ਕਹੇ ਨੈਣੋਂ ਨੀਰ ਵਹਾ ਕੇ ਤੇ।
ਅੱਜ ਗੋਰੇ ਕਹਿਰ ਕਮਾ ਦੇਣਾ।
ਸੱਤ ਵਜੇ ਸ਼ਾਮ ਦੇ ਭਗਤ ਸਿੰਘਾ,
ਅੱਜ ਤੈਨੂੰ ਫਾਂਸੀ ਲਾ ਦੇਣਾ।

1.

ਅੱਜ ਆਪਣਾ ਮੇਲ ਅਖ਼ੀਰੀ ਹੈ।
ਮੇਰੇ ਦਿਲ 'ਚ ਤਾਂ ਦਲਗੀਰੀ ਹੈ।
ਜਾਂਦੇ ਦਿਲ ਮੇਰੇ ਨੂੰ ਚੀਰੀ ਹੈ।
ਬਿਰਹੋਂ ਦੇ ਵੱਜ-ਵੱਜ ਸਹੇਲੇ ਨੇ।
ਅੱਜ ਤੇਰੇ ਮੇਰੇ ਭਗਤ ਸਿੰਘਾ,
ਆਖ਼ਰ ਦੇ ਜਾਪਣ ਮੇਲੇ ਨੇ।

2.

ਅੱਜ ਜੇਲ੍ਹ ਦੇ ਅਫ਼ਸਰ ਹੱਸਦੇ ਨੇ।
ਇਕ ਦੂਜੇ ਨੂੰ ਕੁਝ ਦੱਸਦੇ ਨੇ।
ਫਾਂਸੀ ਦੀਆਂ ਤੰਦੀਆਂ ਕੱਸਦੇ ਨੇ।
ਜਿਸ ਨਾਲ ਤੈਨੂੰ ਲਮਕਾ ਦੇਣਾ।
ਸੱਤ ਵੱਜੇ........

2.

ਅੱਗੇ ਦੇਸ਼ ਭਗਤ ਕਰਤਾਰ ਕਈ।
ਬੱਬਰ ਸ਼ੇਰ ਸਰਦਾਰ ਕਈ।
ਹੋਏ ਏਸੇ ਦੇ ਅਸਵਾਰ ਕਈ।
ਕਰ ਤੁਰ ਗਏ ਜਨਮ ਸੁਹੇਲੇ ਨੇ।
ਅੱਜ ਤੇਰੇ..........

3.

ਤੇਰੇ ਰਾਜਗੁਰੂ ਜਿਹੇ ਵੀਰਿਆਂ ਨੂੰ।
ਸੁਖਦੇਵ ਸ਼ੇਰ ਜਿਹੇ ਹੀਰਿਆਂ ਨੂੰ।
ਖੜੀ ਮੌਤ ਜੋ ਬੰਨ੍ਹ ਕਲੀਰਿਆਂ ਨੂੰ।
ਉਸ ਲਾੜੀ ਨਾਲ ਵਿਆਹ ਦੇਣਾ।
ਸੱਤ ਵਜੇ........

3.

ਲਾਲੇ ਦਾ ਵੈਰ ਉਤਾਰਿਆ ਤੂੰ।
ਜੋ ਸਾਂਡਰਸ ਨੂੰ ਮਾਰਿਆ ਤੂੰ।

ਖੜ ਸੈਂਟਰ ਵਿਚ ਲਲਕਾਰਿਆ ਤੂੰ।
ਏਸੇ ਗੱਲ ਤੋਂ ਵਧੇ ਝਮੇਲੇ ਨੇ।
ਅੱਜ ਤੇਰੇ........

4.

ਨਹੀਂ ਆਉਣਾ ਫਿਰ ਜਹਾਨ ਉੱਤੇ।
ਦੁੱਖ ਪੈਣਗੇ ਤੇਰੀ ਜਾਨ ਉੱਤੇ।
ਦੇਸ਼ ਧਰਮ ਦੀ ਸ਼ਾਨ ਉੱਤੇ।
ਇਕ ਵੱਖਰਾ ਚੰਨ ਚਮਕਾ ਦੇਣਾ।
ਸੱਤ ਵਜੇ........

4.

ਸਿਰ ਭੇਟ ਕਰਨ ਸ਼ਹਿਜ਼ਾਦੀ ਦੇ।
ਰਾਹ ਤੁਰ ਪੈਂਦੇ ਬਰਬਾਦੀ ਦੇ।
ਆਸ਼ਿਕ ਜੋ ਅਸਲ ਆਜ਼ਾਦੀ ਦੇ।
ਦਿਨ ਰਾਤ ਨਾ ਬਹਿੰਦੇ ਵਿਹਲੇ ਨੇ।
ਅੱਜ ਤੇਰੇ ਮੇਰੇ ਭਗਤ ਸਿੰਘਾ,
ਆਖ਼ਰ ਦੇ ਜਾਪਣ ਮੇਲੇ ਨੇ।

ਸਰਦਾਰ ਭਗਤ ਸਿੰਘ ਨੇ ਆਖਿਆ—ਬਾਬਾ ! ਇਹ ਕੋਈ ਨਵਾਂ ਕੰਮ ਹੈ ? ਪਤਾ ਨਹੀਂ ਕਿੰਨੀਆਂ ਪੀੜ੍ਹੀਆਂ ਤੋਂ ਪੰਜਾਬੀ ਅਜ਼ਾਦੀ ਲਈ ਜੂਝਦੇ ਆਏ ਹਨ। ਮੇਰੇ ਧੰਨ ਭਾਗ ਨੇ ਜੇ ਅੰਗਰੇਜ਼ ਲੋਕ ਮੈਨੂੰ ਫ਼ਾਂਸੀ 'ਤੇ ਟੰਗ ਦੇਣ। ਪੰਜਾਬੀ ਲੋਕਾਂ ਦਾ ਬਹੁਤ ਵੱਡਾ ਇਕੱਠ ਭਗਤ ਸਿੰਘ ਦੇ ਬਾਪ ਦੀ ਕਮਾਨ ਦੇ ਥੱਲੇ, ਸ਼ਹੀਦ ਭਗਤ ਸਿੰਘ ਦੀ ਲਾਸ਼ ਲੈਣ ਵਾਸਤੇ ਜੇਲ੍ਹ ਤੋਂ ਬਾਹਰ ਇਕੱਠਾ ਹੋਇਆ ਹੈ। ਇਨਕਲਾਬ ਤੇ ਜ਼ਿੰਦਾਬਾਦ ਦੇ ਨਾਅਰੇ ਲਾ ਰਹੇ ਸਨ। ਘਾਬਰੇ ਹੋਏ ਗੋਰਿਆਂ ਨੇ ਸ. ਭਗਤ ਸਿੰਘ ਨੂੰ ਕਾਲ ਕੋਠੜੀ ਵਿੱਚੋਂ ਕੱਢਿਆ। ਨਾਲ ਰਾਜਗੁਰੂ, ਸੁਖਦੇਵ ਤਿਆਰ ਹੋਏ ਹਨ। ਕਾਲੇ ਕੱਪੜੇ ਪਹਿਨਾਏ ਗਏ। ਜੱਲਾਦ ਨੇ ਇਸ਼ਾਰਾ ਕੀਤਾ, ਭਗਤ ਸਿੰਘਾ, ਫਾਂਸੀ ਦੇ ਤਖ਼ਤੇ 'ਤੇ ਚੜ੍ਹ ਜਾਹ। ਭਗਤ ਸਿੰਘ ਫਾਂਸੀ ਦੇ ਤਖ਼ਤੇ ਉੱਤੇ ਖਲੋ ਕੇ ਫ਼ਾਂਸੀ ਦਾ ਰੱਸਾ ਫੜ ਕੇ ਜੋ ਫ਼ਾਂਸੀ ਨਾਲ ਗੱਲਾਂ ਕਰਦਾ ਹੈ, ਇਉਂ ਪੇਸ਼ ਹੈ :—

## ਤਰਜ਼—ਲੱਧੀ ਨੇ ਜਦੋਂ ਦੁੱਲਾ ਜੰਮਿਆ

ਵਾਜ਼ਾਂ ਸੂਰਮਾ ਭਗਤ ਸਿੰਘ ਮਾਰੇ, ਨੀ ਆਜਾ ਅੰਗਰੇਜ਼ ਫ਼ਾਂਸੀਏ।
ਚੜ੍ਹ ਤੇਰੇ ਉੱਤੇ ਲਵਾਂ ਮੈਂ ਹੁਲਾਰੇ, ਨੀ ਆਜਾ ਅੰਗਰੇਜ਼ ਫ਼ਾਂਸੀਏ।



1. ਲੱਗੇ ਫ਼ਾਂਸੀ ਚੜ੍ਹਨ ਜਾਂ ਕੌਮੀ ਪਰਵਾਨੇ।
ਮੌਤ ਵਰਨ ਲਈ ਬੰਨ੍ਹ ਲਏ ਗੁੱਟਾਂ 'ਤੇ ਗਾਨੇ।
ਲਾ ਲੈ ਸਾਨੂੰ ਕਾਲਜੇ ਹੁਣ ਮੌਤ ਰਕਾਨੇ।
ਮਾਰ ਮੰਜ਼ਿਲਾਂ ਪਹੁੰਚ ਗਏ ਸਿੱਖ ਅਸਲ ਨਿਸ਼ਾਨੇ।
ਯੋਧਾ ਮੌਤ ਨੂੰ ਖੜਾ ਲਲਕਾਰੇ।
ਨੀ ਆ ਜਾ........

2. ਤੇਰੇ 'ਤੇ ਹੱਸ ਚੜ੍ਹ ਗਿਆ ਕਰਤਾਰ ਸਰਾਭਾ।
ਝੱਲਿਆ ਨਾ ਉਸ ਸ਼ੇਰ ਨੇ ਗ਼ੈਰਾਂ ਦਾ ਦਾਬਾ।
ਮਰਨਾ ਖ਼ਾਤਰ ਦੇਸ਼ ਦੀ ਉਸ ਦਾ ਇਰਾਦਾ।
ਸੂਲੀ ਹੁੰਦੀ ਆਸ਼ਕਾਂ ਮੱਕਾ ਤੇ ਕਾਬਾ।
ਚੜ੍ਹ ਤੇਰੇ 'ਤੇ ਲਾ ਗਿਆ ਜੋ ਨਾਅਰੇ।
ਨੀ ਆ ਜਾ........

3. ਤੇਰੇ ਉੱਤੇ ਕੂਕਿਆਂ ਜਿੰਦ ਘੋਲ ਘੁਮਾਈ।
ਹੈ ਸੀ ਮੇਰੇ ਵਤਨ ਦੇ ਜੋ ਅਸਲ ਸਿਪਾਹੀ।
ਗ਼ਜ਼ਲ ਕਕੋਰੀ ਸ਼ਾਇਰ ਨੇ ਤੇਰੇ 'ਤੇ ਗਾਈ।
ਰਹਿ ਗਏ ਸੀ ਦੰਗ ਵੇਖ ਕੇ ਅੰਗਰੇਜ਼ ਕਸਾਈ।
ਰਾਹ ਆਸ਼ਿਕਾਂ ਦੇ ਹੁੰਦੇ ਨੇ ਨਿਆਰੇ।
ਨੀ ਆ ਜਾ........

4. ਮੌਤ ਹੀਰ ਦਾ ਵੰਝਿਆ ਜਿਸ ਦਾ ਚਮਕਾਰਾ।
ਲਾਇਆ ਤੇਰੇ ਆਸ਼ਿਕਾਂ ਅਜ਼ਾਦੀ ਦਾ ਨਾਅਰਾ।
ਤੁਰ ਪਏ ਰਾਂਝੇ ਦੇਸ਼ ਦੇ ਛੱਡ ਤਖ਼ਤ ਹਜ਼ਾਰਾ।
ਪੈ ਗਿਆ ਮੰਗੂ ਚਾਰਨਾ ਮੰਨ ਤੇਰਾ ਲਾਰਾ।
ਰਹੇ ਤੇਈ ਸਾਲ ਰੁਲਦੇ ਕੁੰਵਾਰੇ।
ਨੀ ਆ ਜਾ........

5. ਵਰਨਾ ਲਾੜੀ ਮੌਤ ਨੂੰ ਦਿਲ ਪੈਂਦੇ ਕਾਹਲੇ।
ਰਾਜਗੁਰੂ, ਸੁਖਦੇਵ ਨੇ ਮੇਰੇ ਸਰਬਾਲੇ।
ਚੰਦ ਤੋਂ ਸੋਹਣੇ ਮੁੱਖੜੇ ਫੱਬ ਰਹੇ ਨਿਰਾਲੇ।
ਦੇ ਕੇ ਅਣਖੀ ਲੋਰੀਆਂ ਮਾਵਾਂ ਨੇ ਪਾਲੇ।

ਅਜੇ ਤੀਕ ਨਾ ਸਿਰਾਂ ਤੋਂ ਪਾਣੀ ਵਾਰੇ।
ਨੀ ਆ ਜਾ........

6. ਲਾਉਂਦੇ ਇਨਕਲਾਬ ਦੇ ਮੁੱਖ ਵਿੱਚੋਂ ਨਾਅਰੇ।
ਤੁਰ ਜਾ ਸਾਡੇ ਦੇਸ਼ ਚੋਂ ਜ਼ਾਲਿਮ ਸਰਕਾਰੇ।
ਹੁਣ ਨਹੀਂ ਤੇਰੇ ਚੱਲਣੇ ਸਾਡੇ 'ਤੇ ਚਾਰੇ।
ਜੇ ਸਾਡੀ ਅਣਖ ਨੂੰ ਕੋਈ ਆਣ ਵੰਗਾਰੇ।
ਚਿੱਟੇ ਦਿਨ ਹੀ ਵਿਖਾਈਏ ਉਹਨੂੰ ਤਾਰੇ।
ਨੀ ਆਜਾ ਅੰਗਰੇਜ਼ ਫ਼ਾਂਸੀਏ।

23 ਸਾਲ 5 ਮਹੀਨੇ 27 ਦਿਨ ਦਾ ਗੱਭਰੂ ਸਰਦਾਰ ਭਗਤ ਸਿੰਘ ਆਪਣੇ ਸਾਥੀਆਂ ਸਮੇਤ ਹੱਸਦਾ ਹੋਇਆ, ਫ਼ਾਂਸੀ ਉੱਤੇ ਚੜ੍ਹ ਗਿਆ।

❑



## ਕਿਸ਼ਨ ਸਿੰਘ ਬੱਬਰ ਦੇਸ਼ ਦੇ ਗ਼ੱਦਾਰਾਂ ਨੂੰ ਸੋਧਣ ਲਈ ਆਪਣੇ ਸਾਥੀਆਂ ਨੂੰ ਇਉਂ ਕਹਿਣ ਲੱਗਾ :—

### ਦਵੀਆ

1.

ਕਿਸ਼ਨ ਸਿੰਘ ਵਿਨਗਾ ਵਾਲੇ ਆਖਿਆ ਇਉਂ ਸੁਣਾ ਕੇ ਤੇ।
ਗੋਰੇ ਪਾਪੀ ਵਾਧਾ ਕਰਦੇ, ਸਾਡਾ ਖ਼ੌਫ਼ ਭੁਲਾ ਕੇ ਤੇ।
ਹੁਣ ਫੁੱਲਾਂ 'ਤੇ ਬਹਿਣ ਨਹੀਂ ਦੇਣਾ, ਕਹਿ ਤੂੰਡਾਂ ਦੀਆਂ ਡਾਰਾਂ ਨੂੰ।
ਕਲਗੀਧਰ ਦੇ ਸਿਦਕੀ ਸਿੰਘੋ! ਸੋਧੋ ਦੇਸ਼-ਗ਼ੱਦਾਰਾਂ ਨੂੰ।

2.

ਜੋ ਅਜ਼ਾਦੀ ਲਈ ਮੌਤ ਵਿਆਹ ਗਏ, ਉਹ ਵੀ ਸਾਡੇ ਭਾਈ ਸੀ।
ਗੁਰੂ ਧਾਮਾਂ ਤੋਂ ਜਿੰਦ ਘੁਮਾ ਗਏ, ਉਹ ਵੀ ਸਾਡੇ ਭਾਈ ਸੀ।
ਡੰਨ ਮੌਤ ਦਾ ਦੇਣਾ ਪੈਣਾ, ਹੁਣ ਗੋਰੇ ਦੇ ਯਾਰਾਂ ਨੂੰ।
ਕਲਗੀਧਰ ਦੇ ਸਿਦਕੀ ਸਿੰਘੋ! ਸੋਧੋ ਦੇਸ਼-ਗ਼ੱਦਾਰਾਂ ਨੂੰ।

3.

ਸਿੰਘ ਮਰੇ ਜੋ ਵਿਚ ਨਨਕਾਣੇ, ਹੁਣ ਉਨ੍ਹਾਂ ਵੱਲ ਤੱਕ ਲਉ।
ਦੀਪ ਸਿੰਘ ਦੇ ਵੀਰੇ ਬਣ ਕੇ, ਸੀਸ ਤਲੀ 'ਤੇ ਰੱਖ ਲਉ।
ਮੌਤ ਵਰੋ ਹੁਣ ਬਣ ਕੇ ਰਾਂਝੇ, ਛੱਡ ਘਰਾਂ ਦੀਆਂ ਨਾਰਾਂ ਨੂੰ।
ਕਲਗੀਧਰ ਦੇ ਸਿਦਕੀ ਸਿੰਘੋ! ਸੋਧੋ ਦੇਸ਼-ਗ਼ੱਦਾਰਾਂ ਨੂੰ।

4.

ਰਾਣੀ ਪੁਰੀਆ ਬਿਸ਼ਨ ਸਿੰਘ, ਜੋ ਕਰਦਾ ਦੇਸ਼ ਗ਼ੱਦਾਰੀ ਨੂੰ।
ਚੱਲ ਕੇ ਦਈਏ ਮੌਤ ਮੁਰੱਬੇ, ਭੋਗ ਲਵੇ ਸਰਦਾਰੀ ਨੂੰ।
ਸਾਨੂੰ ਉਹ ਫੜਾਉਣ ਦੀ ਖ਼ਾਤਿਰ, ਕਰਦਾ ਯਤਨ ਹਜ਼ਾਰਾਂ ਨੂੰ।
ਕਲਗੀਧਰ ਦੇ ਸਿਦਕੀ ਸਿੰਘੋ! ਸੋਧੋ ਦੇਸ਼-ਗ਼ੱਦਾਰਾਂ ਨੂੰ।

5.

ਇਹ ਸਰਕਾਰ ਦਾ ਵੱਡਾ ਪਿੱਠੂ, ਹਾਮੀ ਭਰਦਾ ਗੋਰੇ ਦੀ।
ਜੋ ਲਹੂ ਪੀ ਕੇ ਮੋਟਾ ਹੋਇਆ, ਵੱਢ ਦਿਉ ਧੌਣ ਪਠੋਰੇ ਦੀ।

ਡਰਦੇ ਸਦਾ ਸ਼ੇਰ ਤੋਂ ਛੇਲੇ, ਸ਼ੇਰ ਮਾਰਦੇ ਮਾਰਾਂ ਨੂੰ।
ਕਲਗੀਧਰ ਦੇ ਸਿਦਕੀ ਸਿੰਘੋ! ਸੋਧੋ ਦੇਸ਼-ਗ਼ੱਦਾਰਾਂ ਨੂੰ।

6.

ਦੇਸ਼ ਭਗਤ ਇਸ ਕਈ ਫੜਾਏ, ਨਿੱਤ ਗ਼ੱਦਾਰੀ ਕਰਦਾ ਜੋ।
ਰੋਕ ਦਿਉ ਹੁਣ ਅਣਖੀ ਮਰਦੋ, ਸਾਹਨ ਅੰਗੂਰੀ ਚਰਦਾ ਜੋ।
ਦੇਸ਼ ਵਿੱਚੋਂ ਹੁਣ ਬਦਲੀ ਕਰਨਾ, ਸਮੇਂ ਦੀਆਂ ਸਰਕਾਰਾਂ ਨੂੰ।
ਕਲਗੀਧਰ ਦੇ ਸਿਦਕੀ ਸਿੰਘੋ! ਸੋਧੋ ਦੇਸ਼-ਗ਼ੱਦਾਰਾਂ ਨੂੰ।

7.

ਰਾਣੀਪੁਰ ਨੂੰ ਤੁਰ ਪਉ ਮਰਦੋ, ਹੱਥ ਪਿਸਤੌਲ ਉਠਾ ਕੇ ਤੇ।
ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੇ ਵਾਂਗਰ ਭੇਸ ਵਟਾ ਕੇ ਤੇ।
ਜਰਨੈਲ ਮੇਜਰ ਭਗਵੰਤ ਰਲ ਕੇ, ਤਿੰਨੇ ਲਾਉਂਦੇ ਟਾਹਰਾਂ ਨੂੰ।
ਕਲਗੀਧਰ ਦੇ ਸਿਦਕੀ ਸਿੰਘੋ! ਸੋਧੋ ਦੇਸ਼-ਗ਼ੱਦਾਰਾਂ ਨੂੰ।

❑



# ਮਹਾਰਾਜਾ ਰਣਜੀਤ ਸਿੰਘ ਦਾ ਅੰਤਿਮ ਦਰਬਾਰ

## ਸ਼ੇਅਰ

ਮਹਾਂਬਲੀ ਰਾਜਾ ਸੀ ਉਹ ਬਾਦਸ਼ਾਹ ਪੰਜਾਬੀਆਂ ਦਾ,
ਕੰਬਦੇ ਪਠਾਣ ਜੀਹਦੇ ਸੁਣ ਕੇ ਜੈਕਾਰੇ ਸੀ।
ਅਟਕ ਜਿਹੇ ਅਟਕ ਗਏ ਵੇਖ ਕੇ ਚੜ੍ਹਤ ਉਹਦੀ,
ਜੰਗ ਵੱਲ ਚੜ੍ਹਿਆ ਜਾ ਮਾਰ ਕੇ ਨਗਾਰੇ ਸੀ।
ਉੱਤਰ ਪੱਛਮ ਅਤੇ ਦੱਖਣ ਪਹਾੜ ਜਾਣੋਂ,
ਹਰ ਵੇਲੇ ਝੁਕੇ ਰਹਿੰਦੇ ਜੀਹਨੂੰ ਪਾਸੇ ਚਾਰੇ ਸੀ।
ਅੰਤ ਦਰਬਾਰ ਕੀਤਾ ਉਸ ਨੇ ਜਰਨੈਲ ਸਿੰਘਾ,
ਕੰਬਦਾ ਸਰੀਰ ਖੜਾ ਤੱਕੀਆ ਸਹਾਰੇ ਸੀ।

1. ਮੁੱਖੋਂ ਸ਼ੇਰ ਪੰਜਾਬ ਦਾ ਸਿੰਘਾਂ ਨੂੰ ਕਹਿੰਦਾ,
ਜੀਵਨ ਮੇਰਾ ਯੋਧਿਉ! ਥੋੜੇ ਦਿਨ ਰਹਿੰਦਾ।
ਨਾਮ ਸਿੱਖੀ ਦਾ ਸੂਰਮਿਓ! ਉੱਚਾ ਚਮਕਾਇਉ।
ਸਿੱਖਿਆ ਮੇਰੀ ਯੋਧਿਉ! ਨਾ ਦਿਲੋਂ ਭੁਲਾਇਉ।

2. ਇਸ ਰਾਜ ਦੇ ਵਾਸਤੇ ਦੁੱਖ ਆਪਾਂ ਝੱਲੇ।
ਹੁਣ ਨਾ ਇਸ ਨੂੰ ਰੋਲਿਉ ਪੈਰਾਂ ਦੇ ਥੱਲੇ।
ਦੁਖੀਆਂ ਬਦਲੇ ਯੋਧਿਉ! ਤੇਗਾਂ ਖੜਕਾਇਉ।
ਸਿੱਖਿਆ ਮੇਰੀ ਯੋਧਿਉ! ਨਾ ਦਿਲੋਂ ਭੁਲਾਇਉ।

3. ਕਲਗੀਧਰ ਦੇ ਪੁੱਤਰੋ! ਨਲੂਏ ਦੇ ਵੀਰੋ।
ਇਕ ਮੁੱਠ ਹੋ ਕੇ ਚੱਲਣਾ ਅਣਖੀਲੇ ਤੀਰੋ।
ਵੇਖਿਉ ਘਰ ਦੇ ਨਾ ਰਾਖਿਉ! ਨਾ ਘਰ ਲੁਟਾਇਉ।
ਸਿੱਖਿਆ ਮੇਰੀ ਯੋਧਿਉ! ਨਾ ਦਿਲੋਂ ਭੁਲਾਇਉ।

4. ਕੰਬਦੇ ਲੋਕ ਕੰਧਾਰ ਦੇ ਸਾਡੇ ਤੋਂ ਡਰਦੇ।
ਜਿਹੜੇ ਮੇਰੇ ਦੇਸ਼ ਨੂੰ ਤੰਗ ਰਹੇ ਸੀ ਕਰਦੇ।
ਹੁਣ ਨਾ ਪੈਰ ਪੰਜਾਬ ਵਿਚ ਉਨ੍ਹਾਂ ਦਾ ਪਾਇਉ।
ਸਿੱਖਿਆ ਮੇਰੀ ਯੋਧਿਉ! ਨਾ ਦਿਲੋਂ ਭੁਲਾਇਉ।

5. ਜਿਹੜਾ ਮੇਰਾ ਫ਼ਰਜ਼ ਸੀ ਮੈਂ ਤੋੜ ਨਿਭਾਹਿਆ।
ਹੁਣ ਤਾਂ ਵੇਲਾ ਅੰਤ ਦਾ ਮੇਰੇ ਸਿਰ ਆਇਆ।
ਜ਼ਿੰਮੇਵਾਰੀ ਆਪਣੀ ਹੁਣ ਆਪ ਨਿਭਾਹਿਉ।
ਸਿੱਖਿਆ ਮੇਰੀ ਯੋਧਿਉ! ਨਾ ਦਿਲੋਂ ਭੁਲਾਇਉ।

6. ਜ਼ੋਰ ਬਿਮਾਰੀ ਪਾ ਲਿਆ ਬੜਾ ਇਲਾਜ ਕਰਾਇਆ।
ਹੁਣ ਤਾਂ ਸੱਦਾ ਜਾਪਦਾ ਦਰਗਾਹੋਂ ਆਇਆ।
ਵੇਖਿਉ ਗ਼ੈਰਾਂ ਸਾਹਮਣੇ ਨਾ ਸੀਸ ਝੁਕਾਇਉ।
ਸਿੱਖਿਆ ਮੇਰੀ ਯੋਧਿਉ! ਨਾ ਦਿਲੋਂ ਭੁਲਾਇਉ।

7. ਗੁਰਬਾਣੀ ਵਿਚ ਜਿਸ ਤਰ੍ਹਾਂ ਸਤਿਗੁਰੂ ਫ਼ਰਮਾਵੇ,
ਘਲੇ ਆਵੈ ਨਾਨਕਾ ਸਦੇ ਉਠੀ ਜਾਵੇ।
ਖ਼ਾਤਿਰ ਇਸ ਸਿੱਖ ਰਾਜ ਦੀ ਨਿੱਤ ਖ਼ੂਨ ਵਹਾਇਉ।
ਸਿੱਖਿਆ ਮੇਰੀ ਯੋਧਿਉ! ਨਾ ਦਿਲੋਂ ਭੁਲਾਇਉ।

8. ਖੜਕ ਸਿੰਘ ਨੂੰ ਰਾਜ ਦਾ ਮੈਂ ਤਿਲਕ ਲਗਾਵਾਂ।
ਰੂਪ ਹਮਾਰਾ ਸਮਝਣਾ ਤੁਹਾਨੂੰ ਸਮਝਾਵਾਂ।
ਜਰਨੈਲ ਮੇਜਰ ਲਖਵਿੰਦਰ ਰਲ ਮਿਲ ਕੇ ਗਾਇਉ।
ਸਿੱਖਿਆ ਮੇਰੀ ਯੋਧਿਉ! ਨਾ ਦਿਲੋਂ ਭੁਲਾਇਉ।

❑



## ਪ੍ਰਸੰਗ :

# ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਅਵਤਾਰ

### ਬੈਂਤ

1. ਸੰਗਤ ਪੰਦਰਾਂ ਸੈ ਤਰ੍ਹੇਠ ਹੈ ਸੀ,
ਬਾਲਕ ਬੂੜੇ ਨੇ ਲਿਆ ਅਵਤਾਰ ਹੈ ਜੀ।
ਘਰ ਸੁੱਗੇ ਰੰਧਾਵੇ ਦੇ ਭਾਗ ਲੱਗੇ,
ਮਾਤਾ ਗੌਰਾਂ ਵੀ ਜਾਵੇ ਬਲਿਹਾਰ ਹੈ ਜੀ।
ਅੰਮ੍ਰਿਤ ਵੇਲਾ ਸੀ ਅੰਬਰੋਂ ਫੁੱਲ ਵਰਸੇ,
ਕਰਦੇ ਦੇਵਤੇ ਜੈ ਜੈਕਾਰ ਹੈ ਜੀ।
ਕੱਥੂ ਨੰਗਲ ਪਿੰਡ ਖ਼ੁਸ਼ੀ ਵਿਚ ਝੂਮ ਉਠਿਆ,
ਐਸੀ ਖੜੀ ਬਸੰਤ ਬਹਾਰ ਹੈ ਜੀ।

2. ਵਧੀ ਆਣ ਕੇ ਵੇਲ ਰੰਧਾਵਿਆਂ ਦੀ,
ਹੋਏ ਫੁੱਲ ਕੇ ਦੋ ਤੋਂ ਚਾਰ ਹੈ ਜੀ।
ਸੁੱਗਾ ਬਾਪ ਦਿਲ ਖੋਲ੍ਹ ਕੇ ਦਾਨ ਕਰਦਾ,
ਆਏ ਮੰਗਤੇ ਬੇਸ਼ੁਮਾਰ ਹੈ ਜੀ।
ਮਾਤਾ ਗੌਰਾਂ ਖਿਡਾਉਂਦੀ ਚੁੱਕ ਕੁੱਛੜ,
ਨਾਲੇ ਸਿਮਰੇ ਕਰਤਾਰ-ਕਰਤਾਰ ਹੈ ਜੀ।
ਬੂੜਾ ਬਾਲ ਸੀ ਰੂਪ ਪ੍ਰਮਾਤਮਾ ਦਾ,
ਸਾਰੇ ਹੱਸ ਕੇ ਪਹਿਨਣ ਹਾਰ ਹੈ ਜੀ।

3. ਚੌੜਾ ਮੱਥਾ ਤੇ ਨੈਣਾਂ ਵਿਚ ਨਾਮ ਮਸਤੀ,
ਤਿੱਖਾ ਨੱਕ ਜਿਉਂ ਖੰਡੇ ਦੀ ਧਾਰ ਹੈ ਜੀ।

ਸੱਤਾਂ ਸਾਲਾਂ ਦਾ ਹੋ ਗਿਆ ਜਦੋਂ ਬੂੜਾ,
ਮਿੱਠਾ ਬੋਲ ਤੇ ਤੇਜ਼ ਰਫ਼ਤਾਰ ਹੈ ਜੀ।
ਪਿੱਛੇ ਮੱਝਾਂ ਦੇ ਮਾਪਿਆਂ ਲਾ ਦਿੱਤਾ,
ਜੱਟਾਂ ਬੂਟਾਂ ਦੀ ਹੁੰਦੀ ਜੋ ਕਾਰ ਹੈ ਜੀ।
ਜੂਹ ਵਿਚ ਰਮਦਾਸ ਦੀ ਮਾਲ ਚਾਰੇ,
ਪੈ ਗਿਆ ਡੰਗਰਾਂ ਨਾਲ ਪਿਆਰ ਹੈ ਜੀ।

4. ਉਧਰ ਵਾਲੀ ਜਹਾਨ ਦਾ ਗੁਰੂ ਨਾਨਕ,
ਨੇੜੇ ਵੱਸਦਾ ਰਾਵੀਉਂ ਪਾਰ ਹੈ ਜੀ।
ਇਕ ਦਿਨ ਬਾਲੇ ਮਰਦਾਨੇ ਨੂੰ ਨਾਲ ਲੈ ਕੇ,
ਦਿੰਦੇ ਬੂੜੇ ਨੂੰ ਆਣ ਦੀਦਾਰ ਹੈ ਜੀ।
ਮਨ ਮੋਹ ਲਿਆ ਰੱਬੀ ਰਬਾਬ ਉਹਦੀ,
ਖੜਕੀ ਦਿਲੋਂ ਪ੍ਰੇਮ ਦੀ ਤਾਰ ਹੈ ਜੀ।
ਗੁਰਾਂ ਘੁੱਟ ਕੇ ਛਾਤੀ ਦੇ ਨਾਲ ਲਾਇਆ,
ਕੀਤਾ ਪੁੱਤਰਾਂ ਵਾਂਗ ਪਿਆਰ ਹੈ ਜੀ।

ਉਹਨਾਂ ਵੇਲਿਆਂ ਵਿਚ ਮਾਲ ਦੇ ਵਾਗੀ ਖ਼ਾਸ ਕਰਕੇ ਜ਼ਿਆਦਾਤਰ ਦਰਿਆ ਦੇ ਕਿਨਾਰੇ ਵੀਸਿਆ ਕਰਦੇ ਸਨ। ਬਾਲਕ ਬੂੜਾ ਵੀ ਰਮਦਾਸ ਦੀ ਜੂਹ ਵਿਚ ਮਾਲ ਚਾਰਿਆ ਕਰਦਾ ਸੀ। ਬੇਅੰਤ ਮੱਝਾਂ ਗਾਵਾਂ ਸਨ, ਪਰ ਬਾਕੀ ਦੇ ਵਾਗੀਆਂ ਵਿਚ ਤੇ ਇਸ ਬਾਲਕ ਬੂੜੇ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਦੁਨਿਆਵੀ ਖੇਡਾਂ ਬੂੜੇ ਦੇ ਸਾਥੀ ਬਥੇਰੀਆਂ ਖੇਡਿਆ ਕਰਦੇ ਸਨ, ਪਰ ਬਾਲਕ ਬੂੜਾ ਸਮਾਧੀ ਲਾ ਕੇ ਹਮੇਸ਼ਾ ਪ੍ਰਭੂ ਦੇ ਸਿਮਰਨ ਵਿਚ ਜੁੜਿਆ ਰਹਿੰਦਾ ਸੀ। ਸੱਤਾਂ ਸਾਲਾਂ ਤੋਂ ਇਹ ਬੂੜਾ ਬਾਰ੍ਹਾਂ ਸਾਲਾਂ ਦਾ ਹੋ ਗਿਆ ਸੀ।

ਏਧਰ ਦਰਿਆਉਂ ਪਾਰ ਸੰਗਤਾਂ ਗੁਰੂ ਨਾਨਕ ਦੇਵ ਦੇ ਦਰਸ਼ਨ ਨੂੰ ਜਾਇਆ ਕਰਦੀਆਂ ਸਨ। ਬੂੜੇ ਨੇ ਅਰਦਾਸ ਕੀਤੀ— ਦੁਨੀਆਂ ਨੂੰ ਤਾਰਨ ਵਾਲਿਆ ! ਕਿਤੇ ਮੈਨੂੰ ਨਿਮਾਣੇ ਡੰਗਰ ਚਾਰਨ ਵਾਲੇ ਨੂੰ ਦਰਸ਼ਨ ਦੇ ਜਾ। ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਗੁਰੂ ਨਾਨਕ ਦੇਵ ਮਹਾਰਾਜ ਨੇ ਬਾਲਕ ਬੂੜੇ ਨੂੰ ਦਰਸ਼ਨ ਦਿੱਤੇ। ਗੁਰੂ ਨਾਨਕ ਦੇਵ ਮਹਾਰਾਜ ਨੂੰ ਬਹੁਤ ਸਾਰੇ ਲੋਕਾਂ ਨੇ ਮੱਥਾ ਟੇਕਿਆ। ਇਸ ਬਾਲਕ ਬੂੜੇ ਨੇ ਵੀ ਮੱਥਾ ਟੇਕਿਆ। ਮੱਥਾ ਟੇਕਣ ਵਾਲੇ ਲੋਕ ਕੀਰਤਨ ਸੁਣ ਕੇ ਘਰਾਂ ਨੂੰ ਚੱਲੇ ਗਏ, ਪਰ ਭਾਈ ਬੂੜਾ, ਗੁਰੂ ਮਹਾਰਾਜ ਦੇ ਚਰਨਾਂ ਵਿਚ ਬੈਠਾ ਰਿਹਾ। ਗੁਰੂ ਜੀ ਨੇ ਲਾਗੇ ਸੱਦ ਕੇ ਪੁੱਛਿਆ, ਕਾਕਾ ! ਤੇਰਾ ਨਾਮ ਕੀ ਹੈ ? ਇਸ ਬਾਲਕ ਨੇ ਚਰਨਾਂ 'ਤੇ ਸਿਰ ਝੁਕਾ ਕੇ ਆਖਿਆ— ਮਹਾਰਾਜ ! ਮੇਰਾ ਨਾਂ ਬੂੜਾ ਹੈ। ਸਤਿਗੁਰਾਂ ਨੇ



ਪੁੱਛਿਆ— ਕਾਕਾ ! ਤੂੰ ਸਮਾਧੀ ਬੜੀ ਧਰਮਾਤਮਾ ਦੀ ਤਰ੍ਹਾਂ ਲਾ ਕੇ ਬਹਿੰਦਾ ਹੈਂ, ਇਹਦਾ ਕੀ ਕਾਰਨ ਹੈ ? ਸੀਸ ਝੁਕਾ ਕੇ ਬਾਲਕ ਬੂੜੇ ਨੇ ਆਖਿਆ— ਮਹਾਰਾਜ ! ਦਰਅਸਲ ਮੈਨੂੰ ਮੌਤ ਤੋਂ ਬੜਾ ਡਰ ਲੱਗਦਾ ਹੈ। ਗੁਰੂ ਨਾਨਕ ਦੇਵ ਮਹਾਰਾਜ ਕਹਿਣ ਲੱਗੇ, ਮੌਤ ਦਾ ਡਰ ਤੈਨੂੰ ਪਿਆ ਕਿਸ ਗੱਲ ਤੋਂ ਹੈ ? ਬਾਲਕ ਬੂੜਾ ਕਹਿੰਦਾ ਹੈ, ਮਹਾਰਾਜ ! ਇਕ ਦਿਨ ਮੇਰੀ ਮਾਂ ਰੋਟੀਆਂ ਪਕਾ ਰਹੀ ਸੀ। ਮੈਂ ਅੱਗ ਡਾਹ ਰਿਹਾ ਸੀ ਤਾਂ ਕੀ ਵੇਖਿਆ ਕਿ ਵੱਡੀਆਂ ਲੱਕੜਾਂ ਨੂੰ ਅੱਗ ਨਹੀਂ ਲੱਗੀ ਤੇ ਛੋਟੀਆਂ ਲੱਕੜਾਂ ਸੜ ਕੇ ਸੁਆਹ ਹੋ ਗਈਆਂ ਸਨ। ਮੇਰਾ ਛੋਟਾ ਜਿਹਾ ਸਰੀਰ ਹੈ, ਇਸ ਕਰਕੇ ਵਿਚਾਰ ਕੀਤੀ ਕਿ ਸ਼ਾਇਦ ਮੌਤ ਮੇਰੀਆਂ ਹੱਡੀਆਂ ਨਾ ਚੱਬ ਜਾਂਦੀ ਹੋਵੇ। ਗੁਰੂ ਨਾਨਕ ਦੇਵ ਮਹਾਰਾਜ ਨੇ ਗਲ ਨਾਲ ਲਾ ਕੇ ਆਖਿਆ— ਕਾਕਾ ! ਦਰਅਸਲ ਤੇਰਾ ਨਾ ਬੂੜਾ ਨਹੀਂ, ਤੇਰਾ ਨਾਂ ਬੁੱਢਾ ਹੈ, ਕਿਉਂਕਿ ਤੇਰੇ ਵਿਚਾਰ ਸੱਤਰਾਂ ਸਾਲਾਂ ਦੇ ਬਜ਼ੁਰਗਾਂ ਵਰਗੇ ਹਨ।

1.

ਹੱਸ ਕੇ ਗੁਰੂ ਨਾਨਕ ਜੀ ਨੇ, ਬੂੜੇ ਨੂੰ ਗਲ ਨਾਲ ਲਾ ਲਿਆ।
ਉਮਰੋਂ ਤਾਂ ਬੱਚਾ ਜਾਪਦਾ, ਸੁਣ ਬਾਲਕ ਭੋਲੇ ਭਾਲਿਆ।
ਸੋਚਾਂ ਬਹੁਤ ਲੰਮੇਰੀਆਂ, ਹਿਰਦੇ ਵਿਚ ਬੈਠੋਂ ਧਾਰ ਨੇ।
ਗੁਰੂ ਕਹਿੰਦੇ ਬਾਲਕ ਬੂੜਿਆ, ਤੇਰੇ ਬੁੱਢਿਆਂ ਜਿਹੇ ਵਿਚਾਰ ਨੇ।

2.

ਤੇਰੇ ਤਾਂ ਹਾਣੀ ਪੁੱਤਰਾ, ਖੇਡਾਂ ਵਿਚ ਵਕਤ ਗੁਜ਼ਾਰਦੇ।
ਨਾ ਰੱਖਣ ਸੋਝੀ ਮੌਤ ਦੀ, ਬੇਲੀ ਜੋ ਡੰਗਰ ਚਾਰਦੇ।
ਜੋ ਚੇਤੇ ਰੱਖਣ ਮੌਤ ਨੂੰ, ਹੁੰਦੇ ਨਾ ਕਦੇ ਖ਼ਵਾਰ ਨੇ।
ਗੁਰੂ ਕਹਿੰਦੇ ਬਾਲਕ ਬੂੜਿਆ, ਤੇਰੇ ਬੁੱਢਿਆਂ ਜਿਹੇ ਵਿਚਾਰ ਨੇ।

3.

ਦੱਸ ਖਾਂ ਤੂੰ ਕਿਹੜੇ ਪਿੰਡ ਦਾ, ਕਿਹੜੇ ਥਾਂ ਕੀਤਾ ਵਾਸ ਹੈ ?
ਕਿਸ ਜੰਮਿਆ ਧਰਮਣ ਮਾਂ ਨੇ, ਕੀ ਨਾਂ ਜੋ ਤੇਰਾ ਬਾਪ ਹੈ ?
ਘਰ-ਘਰ ਨਹੀਂ ਮਾਵਾਂ ਜੰਮਦੀਆਂ, ਤੇਰੇ ਜਿਹੇ ਬਰਖ਼ੁਰਦਾਰ ਨੇ।
ਗੁਰੂ ਕਹਿੰਦੇ ਬਾਲਕ ਬੂੜਿਆ, ਤੇਰੇ ਬੁੱਢਿਆਂ ਜਿਹੇ ਵਿਚਾਰ ਨੇ।

4.

ਮੈਂ ਕੱਥੂਨੰਗਲ ਵਿਚ ਜੰਮਿਆ, ਸੁੱਗਾ ਹੈ ਮੇਰਾ ਬਾਪ ਜੀ।
ਨਾਂ ਗੌਰਾਂ ਧਰਮਣ ਮਾਂ ਦਾ, ਰਹਿੰਦੇ ਹਾਂ ਵਿਚ ਰਮਦਾਸ ਜੀ।

ਸਾਡਾ ਖੇਤੀ-ਬਾੜੀ ਦਾ ਕੰਮ ਹੈ, ਕਰਦੇ ਜੋ ਜ਼ਿਮੀਂਦਾਰ ਨੇ।
ਗੁਰੂ ਕਹਿੰਦੇ ਬਾਲਕ ਬੂੜਿਆ, ਤੇਰੇ ਬੁੱਢਿਆਂ ਜਿਹੇ ਵਿਚਾਰ ਨੇ।

5.

ਤੈਨੂੰ ਸੋਝੀ ਹੈ ਜੰਮਣ ਮਰਨ ਦੀ, ਤੂੰ ਬਾਲਕ ਹੈਂ ਕਮਾਲ ਦਾ।
ਤੇਰੇ ਜਿਹੀਆਂ ਗੱਲਾਂ ਕਰੇ ਨਾ, ਬੁੱਢਾ ਕੋਈ ਸੱਤਰ ਸਾਲ ਦਾ।
ਤੈਨੂੰ ਸੋਝੀ ਬਖ਼ਸ਼ੀ ਬਹੁਤ ਹੈ, ਉਸ ਸੱਚੇ ਪਰਵਰਦਗਾਰ ਨੇ।
ਗੁਰੂ ਕਹਿੰਦੇ ਬਾਲਕ ਬੂੜਿਆ, ਤੇਰੇ ਬੁੱਢਿਆਂ ਜਿਹੇ ਵਿਚਾਰ ਨੇ।

6.

ਨਾ ਡਰਿਆ ਕਰ ਮੌਤ ਤੋਂ, ਤੈਨੂੰ ਤਾਂ ਬ੍ਰਹਮ ਗਿਆਨ ਹੈ।
ਦੁਨੀਆਂ ਤਾਂ ਜਗਤ ਸਰਾਂ ਹੈ, ਇਕ ਬਣਿਆ ਆਵਣ ਜਾਣ ਹੈ।
ਨਾ ਮਰਦੇ ਮਾਰਿਆਂ ਮੌਤ ਤੋਂ, ਮਨ ਨੂੰ ਲੈਂਦੇ ਜੋ ਮਾਰ ਨੇ।
ਗੁਰੂ ਕਹਿੰਦੇ ਬਾਲਕ ਬੂੜਿਆ, ਤੇਰੇ ਬੁੱਢਿਆਂ ਜਿਹੇ ਵਿਚਾਰ ਨੇ।

7.

ਬੂੜਾ ਨਹੀਂ ਬੁੱਢਾ ਅੱਜ ਤੋਂ, ਤੈਨੂੰ ਲੋਕੀਂ ਕਹਿ ਬੁਲਾਉਣਗੇ।
'ਜਰਨੈਲ' ਕਵੀਸ਼ਰ ਜਿਹੇ ਵੀ, ਤੇਰੇ ਦਰ 'ਤੇ ਸੀਸ ਝੁਕਾਉਣਗੇ।
ਭਗਵੰਤ ਤੇ ਮੇਜਰ ਗਾਉਣਗੇ, ਕਰੀ ਬਖ਼ਸ਼ਿਸ਼ ਜੋ ਕਰਤਾਰ ਨੇ।
ਗੁਰੂ ਕਹਿੰਦੇ ਬਾਲਕ ਬੂੜਿਆ, ਤੇਰੇ ਬੁੱਢਿਆਂ ਜਿਹੇ ਵਿਚਾਰ ਨੇ।

ਮਹਾਰਾਜ ਨੇ ਗਲ ਨਾਲ ਲਾ ਕੇ ਆਖਿਆ—ਬੂੜਿਆ ! ਦਰਅਸਲ ਤੇਰਾ ਨਾਂ ਬੂੜਾ ਨਹੀਂ, ਬੁੱਢਾ ਹੈ, ਕਿਉਂਕਿ ਤੇਰੇ ਵਿਚ ਸੋਚ ਵਿਚਾਰ ਹੈ। ਜਿਹੜਾ ਇਨਸਾਨ ਮੌਤ ਨੂੰ ਤੇ ਪ੍ਰਮਾਤਮਾ ਨੂੰ ਹਰਦਮ ਯਾਦ ਰੱਖਦਾ ਹੈ, ਉਹ ਨਾ ਇਸ ਦੁਨੀਆਂ ਵਿਚ ਹਾਰਦਾ ਹੈ, ਨਾ ਅਗਲੀ ਦੁਨੀਆਂ ਵਿਚ ਹਾਰਦਾ ਹੈ। ਮਹਾਰਾਜ ਨੂੰ ਮੱਥਾ ਟੇਕ ਕੇ ਕਹਿੰਦਾ ਹੈ, ਸਤਿਗੁਰੂ ! ਪਹਿਲੀ ਵਾਰ ਆਪ ਨੇ ਦਾਸ ਨੂੰ ਦੀਦਾਰ ਦਿੱਤੇ ਨੇ, ਤੁਹਾਡੇ ਚਰਨਾਂ ਦੇ ਨਾਲ ਲੱਗਦਿਆਂ ਮੈਨੂੰ ਚਾਨਣ ਹੋ ਗਿਆ ਹੈ। ਹੁਣ ਮੈਨੂੰ ਮੌਤ ਤੋਂ ਡਰ ਨਹੀਂ ਆਉਂਦਾ।

ਬਾਲਕ ਬੂੜਾ ਘਰ ਨੂੰ ਦੌੜਿਆ ਤੇ ਦੁੱਧ ਦੀ ਬਾਲਟੀ ਭਰ ਕੇ ਲੈ ਆਇਆ। ਬਾਲੇ ਤੇ ਮਰਦਾਨੇ ਨੇ ਦੁੱਧ ਛਕਿਆ ਅਤੇ ਧੰਨ ਗੁਰੂ ਨਾਨਕ ਦੇਵ ਜੀ ਨੇ ਵੀ ਦੁੱਧ ਛਕਿਆ। ਬਾਬਾ ਬੁੱਢਾ ਸਾਹਿਬ ਦਾ ਗੁਰੂ ਮਹਾਰਾਜ ਦੇ ਚਰਨਾਂ ਵਿੱਚੋਂ ਹਿਲਣ ਨੂੰ ਜੀਅ ਨਹੀਂ ਕਰਦਾ। ਬਾਬਾ ਬੁੱਢਾ ਸਾਹਿਬ ਨੇ ਗੁਰੂ ਨਾਨਕ ਦੇਵ ਪਾਤਸ਼ਾਹ ਦੇ ਦੋਵੇਂ ਚਰਨ ਘੁੱਟ ਕੇ ਫੜ ਲਏ ਹਨ। ਮਹਾਰਾਜ ਨੇ ਗਲ ਨਾਲ ਲਾ ਕੇ ਆਖਿਆ—ਦੱਸੋ ਬੁੱਢਾ ਜੀ ਕੀ ਚਾਹੁੰਦੇ ਹੋ ? ਬਾਬਾ ਬੁੱਢਾ ਸਾਹਿਬ ਜੀ



ਗਲ ਵਿਚ ਪੱਲਾ ਪਾ ਕੇ ਬੇਨਤੀ ਕਰਦਾ ਹੈ, ਮਹਾਰਾਜ ! ਜਿਵੇਂ ਤੁਸਾਂ ਦੁਨੀਆਂ ਦੇ ਹਜ਼ਾਰਾਂ ਲੋਕਾਂ ਨੂੰ ਸਿੱਖ ਬਣਾਇਆ ਹੈ, ਮੇਰੇ ਨਿਮਾਣੇ ਉੱਤੇ ਵੀ ਕਿਰਪਾ ਕਰ ਦਿਉ ਅਤੇ ਮੈਨੂੰ ਵੀ ਸਿੱਖੀ ਦੀ ਦਾਤ ਬਖ਼ਸ਼ੋ।

## ਪਉੜੀ

1. ਹੱਥ ਜੋੜ ਕੇ ਬੋਲਿਆ, ਇਉਂ ਬਾਲਕ ਬੂੜਾ।
ਸਿੱਖੀ ਸਿਦਕ ਪ੍ਰੇਮ ਦਾ ਰੰਗ ਚਾੜ੍ਹੋ ਗੂੜ੍ਹਾ।
ਅੱਗੇ ਲੱਖਾਂ ਤਾਰ 'ਤੇ ਮਿਹਰਾਂ ਵਿਚ ਆ ਕੇ।
ਸਿੱਖੀ ਬਖ਼ਸ਼ੋ ਪਾਤਸ਼ਾਹ! ਚਰਨਾਂ ਨਾਲ ਲਾ ਕੇ।

2. ਗੇੜਾ ਜੰਮਣ ਮਰਨ ਦਾ ਕੱਟ ਦਿਉ ਸਾਰਾ।
ਭਵਸਾਗਰ 'ਚੋਂ ਕਰ ਦਿਉ ਪਾਰ ਉਤਾਰਾ।
ਤਰਲੇ ਕਰਾਂ ਮੈਂ ਦਾਤਿਆ ਗਲ ਪੱਲਾ ਪਾ ਕੇ।
ਸਿੱਖੀ ਬਖ਼ਸ਼ੋ ਪਾਤਸ਼ਾਹ! ਚਰਨਾਂ ਨਾਲ ਲਾ ਕੇ।

3. ਤਰਿਆ ਨਿਗ੍ਹਾ ਮਿਹਰ ਨਾਲ ਜਿਵੇਂ ਮਰਦਾਨਾ।
ਗਾਵੇ ਗੀਤ ਗੋਬਿੰਦ ਦੇ ਦਿਨ ਰਾਤ ਦੀਵਾਨਾ।
ਲੈਂਦਾ ਖ਼ੁਸ਼ੀ ਹਜ਼ੂਰ ਦੀ ਰਬਾਬ ਵਜਾ ਕੇ।
ਸਿੱਖੀ ਬਖ਼ਸ਼ੋ ਪਾਤਸ਼ਾਹ! ਚਰਨਾਂ ਨਾਲ ਲਾ ਕੇ।

4. ਚੋਰਾਂ ਚੋਰੀ ਛੱਡਾਤੀ ਕਰ ਦਰਸ਼ਨ ਤੇਰਾ।
ਦੂਰ ਦੂਹੀ ਦਾ ਹੋ ਗਿਆ ਜਾਂ ਦਿਲ 'ਚ ਹਨੇਰਾ।
ਸੱਚ ਬੋਲਿਆ ਉਸ ਨੇ ਰਾਜੇ ਕੋਲ ਜਾ ਕੇ।
ਸਿੱਖੀ ਬਖ਼ਸ਼ੋ ਪਾਤਸ਼ਾਹ! ਚਰਨਾਂ ਨਾਲ ਲਾ ਕੇ।

5. ਬੰਦੇ ਖਾਣੇ ਆਦਮੀ ਰਾਹ ਸਿੱਧੇ ਪੈ ਗਏ।
ਤਪੇ ਕੜਾਹੇ ਤੇਲ ਦੇ ਉਥੇ ਹੀ ਰਹਿ ਗਏ।
ਕੌਡੇ ਕੁੰਦਨ ਕਰ ਦਿੱਤੇ ਗੁਰ-ਚਰਨ ਛੁਹਾ ਕੇ।
ਸਿੱਖੀ ਬਖ਼ਸ਼ੋ ਪਾਤਸ਼ਾਹ! ਚਰਨਾਂ ਨਾਲ ਲਾ ਕੇ।

6. ਸੱਜਣ ਮਿਲਿਆ ਤੁਸਾਂ ਨੂੰ ਕਰ ਭੇਸ ਅਨੋਖੇ।
ਉਹ ਵੀ ਕਰਨੋਂ ਹੱਟ ਗਿਆ ਦੁਨੀਆਂ ਨਾਲ ਧੋਖੇ।
ਅਸਲੀ ਸੱਜਣ ਬਣ ਗਿਆ ਭੁੱਲਾਂ ਬਖਸ਼ਾ ਕੇ।
ਸਿੱਖੀ ਬਖਸ਼ੋ ਪਾਤਸ਼ਾਹ! ਚਰਨਾਂ ਨਾਲ ਲਾ ਕੇ।

ਬਾਬਾ ਬੁੱਢਾ ਸਾਹਿਬ ਨੇ ਸਤਿਗੁਰੂ ਤੋਂ ਸਿੱਖੀ ਦੀ ਦਾਤ ਮੰਗੀ। ਸਤਿਗੁਰੂ ਨੇ ਚਰਨਾਂ ਨਾਲ
ਲਾ ਕੇ ਸਿੱਖੀ ਦੀ ਦਾਤ ਬਖ਼ਸ਼ੀ। ਬਾਬਾ ਬੁੱਢਾ ਸਾਹਿਬ ਨੇ ਗੁਰੂ ਜੀ ਦੀ ਮਹਾਨ ਸੇਵਾ ਕੀਤੀ।
ਦੂਸਰੇ ਪਾਤਸ਼ਾਹ ਸਤਿਗੁਰੂ ਅੰਗਦ ਦੇਵ ਮਹਾਰਾਜ ਤੋਂ ਲੈ ਕੇ ਮੀਰੀ-ਪੀਰੀ ਦੇ ਮਾਲਿਕ
ਪਤਿਗੁਰੂ ਹਰਿਗੋਬਿੰਦ ਸਾਹਿਬ ਤੱਕ ਨੂੰ ਬਾਬਾ ਬੁੱਢਾ ਸਾਹਿਬ ਨੇ ਗੁਰਿਆਈ ਦਾ ਤਿਲਕ
ਲਗਾਇਆ। ਗੁਰੂ ਹਰਿਗੋਬਿੰਦ ਸਾਹਿਬ ਦੇ ਵਰ ਦਾਨ ਦੀ ਅਰਦਾਸ ਬਾਬਾ ਬੁੱਢਾ ਸਾਹਿਬ ਜੀ
ਨੇ ਕੀਤੀ। ਜਿੰਨੇ ਵੀ ਗੁਰੂ ਅਮਰਦਾਸ ਮਹਾਰਾਜ ਤੋਂ ਲੈ ਕੇ ਛੇਵੇਂ ਪਾਤਸ਼ਾਹ ਹਰਿਗੋਬਿੰਦ
ਸਾਹਿਬ ਤੱਕ ਅਸਥਾਨ ਬਣਾਏ ਗਏ ਸਨ, ਉਨ੍ਹਾਂ ਸਾਰਿਆਂ ਦੇ ਸਰੋਵਰਾਂ ਦਾ ਟੱਪ ਬਾਬਾ ਬੁੱਢਾ
ਸਾਹਿਬ ਤੋਂ ਲਵਾਇਆ ਜਾਂਦਾ ਰਿਹਾ। ਬਾਉਲੀ ਸਾਹਿਬ ਦਾ ਟੱਕ ਬਾਬਾ ਬੁੱਢਾ ਸਾਹਿਬ ਨੇ
ਲਾਇਆ। ਸੰਤੋਖਸਰ, ਅੰਮ੍ਰਿਤਸਰ ਸਾਹਿਬ, ਕੌਲਸਰ, ਬਿਬੇਕਸਰ, ਰਾਮਸਰ, ਤਰਨ
ਤਾਰਨ ਸਾਹਿਬ ਇਨ੍ਹਾਂ ਸਾਰਿਆਂ ਪਵਿੱਤਰ ਸਰੋਵਰਾਂ ਦਾ ਟੱਕ ਬਾਬਾ ਬੁੱਢਾ ਸਾਹਿਬ ਨੇ ਲਾਇਆ
ਹੈ। ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਗਈ, ਓਦੋਂ ਹਰਿਮੰਦਰ ਸਾਹਿਬ
ਵਿਚ ਪਹਿਲਾ ਪ੍ਰਕਾਸ਼ ਕਰਵਾਉਣ ਸਮੇਂ ਹਰਿਮੰਦਰ ਸਾਹਿਬ ਦਾ ਹੈੱਡ ਗ੍ਰੰਥੀ ਬਾਬਾ ਬੁੱਢਾ
ਸਾਹਿਬ ਨੂੰ ਥਾਪਿਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਭਾਈ ਗੁਰਦਾਸ ਤੇ ਬਾਬਾ
ਬੁੱਢਾ ਸਾਹਿਬ ਦੇ ਹੱਥੋਂ ਕਰਵਾਈ ਗਈ। ਸਮੇਂ ਦੇ ਲਿਖਾਰੀ ਲਿਖਦੇ ਹਨ :—

ਰਾਜ ਮਜ਼ਦੂਰ ਨਹੀਂ ਹਾਥ ਲਗਾਇਓ।
ਬੁੱਢੇ ਔਰ ਗੁਰਦਾਸ ਬਣਾਇਓ।

ਇੰਨੀ ਮਹਾਨਤਾ ਬਾਬਾ ਬੁੱਢਾ ਸਾਹਿਬ ਜੀ ਦੀ ਸਿੱਖ ਜਗਤ ਵਿਚ ਹੈ। ਮੀਰੀ-ਪੀਰੀ ਦੇ
ਮਾਲਕ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਹਰਿਗੋਬਿੰਦਪੁਰ ਸਾਹਿਬ ਦੀ ਪਾਵਨ ਧਰਤੀ ਉੱਤੇ
ਬੈਠੇ ਹਨ। ਇਥੇ ਛੇਵੇਂ ਪਾਤਸ਼ਾਹ ਨੇ ਆਪਣੇ ਜੀਵਨ ਦੀ ਦੂਸਰੀ ਜੰਗ ਲੜੀ ਹੈ। ਇਸ ਨਗਰ
ਦਾ ਪਹਿਲਾ ਨਾਂ ਰੁਹੇਲਾ ਪਿੰਡ ਸੀ। ਬਾਬਾ ਬੁੱਢਾ ਸਾਹਿਬ ਨੇ ਆਪਣੀ ਮੁਬਾਰਕ ਰਸਨਾ ਤੋਂ ਇਸ
ਨਗਰ ਦਾ ਨਾਂ ਛੇਵੇਂ ਪਾਤਸ਼ਾਹ ਦੇ ਨਾਂ ਉੱਤੇ ਸ੍ਰੀ ਹਰਿਗੋਬਿੰਦਪੁਰ ਸਾਹਿਬ ਰੱਖਿਆ ਸੀ। ਹਜ਼ਾਰਾਂ
ਸੰਗਤਾਂ ਮਹਾਰਾਜ ਦੇ ਦਰਸ਼ਨਾਂ ਨੂੰ ਪਹੁੰਚੀਆਂ ਹੋਈਆਂ ਸਨ। ਬਾਬਾ ਬੁੱਢਾ ਸਾਹਿਬ ਜੀ ਵੀ ਇੱਥੇ
ਪਹੁੰਚੇ ਹਨ। ਛੇਵੇਂ ਪਾਤਸ਼ਾਹ ਮਹਾਰਾਜ ਨੇ ਬੇਨਤੀ ਕੀਤੀ— ਬਾਬਾ ਬੁੱਢਾ ਸਾਹਿਬ ਜੀ ! ਤੁਸਾਂ
ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੀ ਸੰਗਤ ਕੀਤੀ ਹੈ, ਇਸ ਲਈ ਗੁਰੂ ਨਾਨਕ ਦੇਵ ਮਹਾਰਾਜ
ਦਾ ਇਤਿਹਾਸ ਸੰਗਤਾਂ ਨੂੰ ਸੁਣਾਇਆ ਜਾਵੇ। ਕੁਝ ਦਿਨ ਬਾਬਾ ਬੁੱਢਾ ਸਾਹਿਬ ਜੀ ਗੁਰੂ ਨਾਨਕ
ਦੇਵ ਮਹਾਰਾਜ ਦੀ ਜੀਵਨੀ ਦੀ ਕਥਾ ਕਰਦੇ ਰਹੇ। ਆਖ਼ਰਕਾਰ ਉਮਰ ਬਹੁਤ ਲੰਮੇਰੀ ਹੋ ਗਈ



ਸੀ (ਇਕ ਸੌ ਪੱਚੀ ਸਾਲ ਇਕ ਮਹੀਨਾ ਸੱਤ ਦਿਨ ਦੀ ਉਮਰ ਬਾਬਾ ਜੀ ਨੇ ਭੋਗੀ ਹੈ), ਸਰੀਰ
ਬਿਰਧ ਹੋ ਗਿਆ ਹੈ। ਮਨ ਬਣਾਇਆ ਕਿ ਹੁਣ ਆਪਣੇ ਪਿੰਡ ਰਮਦਾਸ ਚੱਲਿਆ ਜਾਵਾਂ। ਬਾਬਾ
ਬੁੱਢਾ ਸਾਹਿਬ ਜੀ ਗਲ ਵਿਚ ਪੱਲਾ ਪਾ ਕੇ ਮੀਰੀ-ਪੀਰੀ ਦੇ ਮਾਲਕ ਸਤਿਗੁਰੂ ਹਰਿਗੋਬਿੰਦ
ਸਾਹਿਬ ਅੱਗੇ ਪਿੰਡ ਜਾਣ ਲਈ ਅਰਜ਼ ਕਰਦੇ ਹਨ :—

## ਸਾਕਾ

ਬਾਬਾ ਬੁੱਢਾ ਸਾਹਿਬ ਨੇ ਇਉਂ ਅਰਜ਼ ਗੁਜ਼ਾਰੀ।
ਉਮਰ ਬੀਤ ਗਈ ਦਾਸ ਦੀ ਸੇਵਾ ਵਿਚ ਸਾਰੀ।
ਸੇਵਾ ਲੇਖੇ ਲਾ ਦਿਉ ਕਰ ਪਰਉਪਕਾਰੀ।
ਮਾਫ਼ ਕਰ ਦਿਉ ਪਾਤਸ਼ਾਹ ਭੁੱਲ ਚੁੱਕ ਹਮਾਰੀ।
ਦੇਹੀ ਉੱਠਣ ਬਹਿਣ ਤੋਂ ਹੋ ਗਈ ਨਕਾਰੀ।
ਜਾਣਾ ਹੈ ਰਮਦਾਸ ਨੂੰ ਇਹ ਦਿਲ ਵਿਚ ਧਾਰੀ।
ਹੁਕਮ ਹੋਵੇ ਜੇ ਆਪਦਾ ਕਰ ਲਵਾਂ ਤਿਆਰੀ।
ਪਿੱਛੋਂ ਲੈਂਦੇ ਰਹੋ ਜੇ ਸੁੱਖ ਖ਼ਬਰ ਹਮਾਰੀ।
ਫਿਰ ਦੇਣੇ ਦਰਸ਼ਨ ਸਤਿਗੁਰੂ ਆਖ਼ਰ ਦੀ ਵਾਰੀ।
ਤੋੜ ਨਿਭੇ 'ਜਰਨੈਲ' ਕਹੇ ਯਾਰਾਂ ਦੀ ਯਾਰੀ।

ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨਾਂ ਵਿਚ ਬਾਬਾ ਬੁੱਢਾ ਸਾਹਿਬ ਜੀ ਨੇ ਪਿੰਡ ਨੂੰ ਜਾਣ
ਦੀ ਬੇਨਤੀ ਕੀਤੀ ਅਤੇ ਆਖ਼ਰੀ ਖ਼ਾਹਿਸ਼ ਬਾਬਾ ਬੁੱਢਾ ਸਾਹਿਬ ਦੇ ਦਿਲ ਵਿਚ ਸੀ ਕਿ ਸਤਿਗੁਰੂ
! ਮੇਰੇ ਨਿਮਾਣੇ ਉੱਤੇ ਕਿਰਪਾ ਕਰਨੀ, ਕਿਉਂਕਿ ਮੈਂ ਤੁਹਾਡੇ ਚਰਨਾਂ ਦਾ ਸੇਵਕ ਹਾਂ। ਜਦੋਂ
ਜ਼ਿੰਦਗੀ ਦਾ ਆਖ਼ਰੀ ਸਮਾਂ ਆਵੇ, ਮੈਂ ਆਪ ਜੀ ਦੇ ਪਵਿੱਤਰ ਚਰਨਾਂ ਵਿਚ ਇਸ ਸੰਸਾਰ ਦੀ
ਯਾਤਰਾ ਪੂਰੀ ਕਰਨੀ ਚਾਹੁੰਦਾ ਹਾਂ। ਗੁਰੂ ਹਰਿਗੋਬਿੰਦ ਸਾਹਿਬ ਨੇ ਆਖਿਆ— ਬਾਬਾ ਜੀ !
ਠੀਕ ਹੈ, ਤੁਹਾਡਾ ਸਰੀਰ ਬਿਰਧ ਹੈ, ਤੁਸੀਂ ਰਮਦਾਸ ਚੱਲੇ ਜਾਉ। ਜਦੋਂ ਤੁਹਾਡਾ ਸਮਾਂ ਨੇੜੇ
ਆਵੇਗਾ, ਅਸੀਂ ਜ਼ਰੂਰ ਆਪ ਜੀ ਨੂੰ ਆਣ ਕੇ ਮਿਲਾਂਗੇ। ਗੁਰੂ ਮਹਾਰਾਜ ਨੇ ਹੁਕਮ ਕੀਤਾ,
ਬਾਬਾ ਜੀ ! ਤੁਸਾਂ ਨੇ ਅੱਗੇ ਬਹੁਤ ਸਿੱਖੀ ਨੂੰ ਦਾਤਾਂ ਬਖ਼ਸ਼ੀਆਂ ਹਨ। ਇਕ ਬੇਨਤੀ ਪਰਵਾਨ
ਕਰਨੀ, ਜਿੰਨਾ ਵੀ ਸਮਾਂ ਤੁਹਾਡਾ ਰਮਦਾਸ ਵਿਚ ਬੀਤੇ, ਰੋਜ਼ਾਨਾ ਮੰਜੇ 'ਤੇ ਬੈਠ ਕੇ ਗੁਰੂ ਕੀ
ਸਿੱਖ ਸੰਗਤ ਨੂੰ ਗੁਰੂ ਨਾਨਕ ਦੇਵ ਮਹਾਰਾਜ ਤੋਂ ਲੈ ਕੇ ਸਤਿਗੁਰੂ ਪੰਜਵੇਂ ਪਾਤਸ਼ਾਹ ਤੱਕ ਸਿੱਖ
ਇਤਿਹਾਸ ਵਿਚ ਬੀਤੀਆਂ ਘਟਨਾਵਾਂ ਅਤੇ ਗੁਰੂ ਸਹਿਬਾਨਾਂ ਦੇ ਚੋਜ ਦੱਸਿਆ ਕਰਨੇ। ਬਾਬਾ
ਬੁੱਢਾ ਸਾਹਿਬ ਨੇ ਨਮਸਕਾਰ ਕੀਤੀ ਅਤੇ ਕਿਹਾ, ਸੱਚੇ ਪਾਤਸ਼ਾਹ ! ਤੁਹਾਡਾ ਮਿਹਰ ਭਰਿਆ
ਹੱਥ ਮੇਰੇ ਨਿਮਾਣੇ ਦੇ ਸਿਰ ਉੱਤੇ ਹੋਵੇ ਤਾਂ ਇਸ ਤਰੀਕੇ ਨਾਲ ਵੀ ਮੈਂ ਸਿੱਖ ਸੰਗਤਾਂ ਦੀ ਸੇਵਾ

ਕਰਾਂਗਾ। ਬਾਬਾ ਬੁੱਢਾ ਸਾਹਿਬ ਜੀ ਆਪਣੇ ਸੇਵਾਦਾਰ ਭਾਈ ਜੋਧ ਜੀ, ਭਾਈ ਅਜੀਤਾ ਜੀ, ਭਾਈ ਜੀਵਾ ਜੀ ਅਤੇ ਕੁਝ ਹੋਰ ਆਪਣੇ ਸੇਵਾਦਾਰਾਂ ਨੂੰ ਨਾਲ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਪਾਵਨ ਚਰਨਾਂ ਵਿੱਚੋਂ ਸ੍ਰੀ ਹਰਿਗੋਬਿੰਦਪੁਰ ਤੋਂ ਰਮਦਾਸ ਨੂੰ ਚੱਲੇ ਗਏ। (ਰਮਦਾਸ ਨੂੰ ਅੱਜ ਕੱਲ ਝੰਡੇ ਰਮਦਾਸ ਆਖਿਆ ਜਾਂਦਾ ਹੈ। ਬਾਬਾ ਬੁੱਢਾ ਸਾਹਿਬ ਨੇ ਇਹ ਨਾਮ ਆਪਣੇ ਪੋਤਰੇ ਭਾਈ ਝੰਡੇ ਜੀ ਦੇ ਨਾਂ ਉੱਤੇ ਰੱਖਿਆ ਸੀ)।

ਬਾਬਾ ਬੁੱਢਾ ਜੀ ਦੇ ਚਾਰ ਪੁੱਤਰ ਸਨ—ਭਾਈ ਸਿਧਾਰੀ ਜੀ, ਭਾਈ ਭਿਖਾਰੀ ਜੀ, ਭਾਈ ਮਹਿਮੂ ਜੀ ਅਤੇ ਭਾਈ ਭਾਨਾ ਜੀ। ਰਮਦਾਸ ਵਿਚ ਜਾ ਕੇ ਬਾਬਾ ਜੀ ਰੋਜ਼ਾਨਾ ਸਿੱਖ ਸੰਗਤਾਂ ਨੂੰ ਸਿੱਖ ਇਤਿਹਾਸ ਸੁਣਾਇਆ ਕਰਦੇ ਸਨ। ਹਜ਼ਾਰਾਂ ਸੰਗਤਾਂ ਆਣ ਕੇ ਬਾਬਾ ਜੀ ਤੋਂ ਵੱਡਿਆਂ ਗੁਰੂਆਂ ਦਾ ਇਤਿਹਾਸ ਸਰਵਣ ਕਰਿਆ ਕਰਦੀਆਂ ਸਨ। ਆਖ਼ਰਕਾਰ ਇਕ ਦਿਨ ਅੰਮ੍ਰਿਤ ਵੇਲਾ ਹੋਇਆ। ਧੁਰੋਂ ਸੱਦਾ ਆਇਆ ਅਤੇ ਬਾਬਾ ਜੀ ਨੇ ਆਪਣੇ ਪੁੱਤਰ ਭਾਨੇ ਨੂੰ ਕੋਲ ਬੁਲਾ ਕੇ ਆਖਿਆ—ਪੁੱਤਰ ਭਾਨਿਆ ! ਸਾਡੀ ਜਾਣ ਦੀ ਤਿਆਰੀ ਹੋ ਗਈ ਹੈ। ਮੀਰੀ-ਪੀਰੀ ਦੇ ਮਾਲਕ ਹਰਿਗੋਬਿੰਦਪੁਰ ਸਾਹਿਬ ਬੈਠੇ ਹਨ। ਜਾ ਅਤੇ ਉਨ੍ਹਾਂ ਨੂੰ ਸੱਦ ਕੇ ਲਿਆ।

## ਪਉੜੀ

1. ਬਾਬਾ ਬੁੱਢਾ ਜੀ ਆਖਦੇ, ਪੁੱਤ ਭਾਨੇ ਤਾਈਂ,
ਤੁਰ ਜਾ ਛੇਤੀ ਹੀਰਿਆ, ਹੁਣ ਦੇਰ ਨਾ ਲਾਈਂ।
ਤੁਰ ਜਾ ਬੇਟਾ ਜਲਦੀ, ਆਖਾਂ ਸਮਝਾ ਕੇ,
ਲੈ ਆ ਬੇਟਾ ਭਾਨਿਆ, ਸਤਿਗੁਰ ਨੂੰ ਜਾ ਕੇ।

2. ਸਾਡੀ ਜੱਗ ਤੋਂ ਜਾਣ ਦੀ, ਹੋ ਗਈ ਤਿਆਰੀ।
ਕਰਨੇ ਦਰਸ਼ਨ ਹਜ਼ੂਰ ਦੇ, ਆਖ਼ਰ ਦੀ ਵਾਰੀ।
ਸਾਡੀ ਤਰਫ਼ੋਂ ਆਖ ਦਈਂ, ਤੂੰ ਸੀਸ ਝੁਕਾ ਕੇ।
ਲੈ ਆ ਬੇਟਾ ਭਾਨਿਆ, ਸਤਿਗੁਰ ਨੂੰ ਜਾ ਕੇ।

3. ਬਣਿਆ ਆਵਣ-ਜਾਣ ਦਾ, ਦੁਨੀਆਂ ਦਾ ਮੇਲਾ।
ਖ਼ਤਮ ਹੋਣ 'ਤੇ ਆ ਗਿਆ, ਜ਼ਿੰਦਗੀ ਦਾ ਖੇਲਾ।
ਰੱਜਦੀ ਮਲਕੁਲ ਮੌਤ ਨਾ, ਦੁਨੀਆਂ ਨੂੰ ਖਾ ਕੇ।
ਲੈ ਆ ਬੇਟਾ ਭਾਨਿਆ, ਸਤਿਗੁਰ ਨੂੰ ਜਾ ਕੇ।



4. ਤੂੰ ਕਹਿ ਦਈਂ ਸੱਚੇ ਸਾਹਿਬ ਨੂੰ, ਹੁਣ ਆਣ ਜਲਦੀ।
ਦਿਲ ਪ੍ਰੇਮ ਵਿਚ ਤੜਫਦਾ, ਠੰਡ ਪਾਵਣ ਜਲਦੀ।
ਜੰਮਣ ਮਰਨ ਕੱਟ ਦਿਉ, ਸੀਨੇ ਨਾਲ ਲਾ ਕੇ।
ਲੈ ਆ ਬੇਟਾ ਭਾਨਿਆ, ਸਤਿਗੁਰ ਨੂੰ ਜਾ ਕੇ।

5. ਮੁੱਢੋਂ ਸੇਵਾਦਾਰ, ਨਾਨਕ ਦੇ ਘਰ ਦਾ।
ਜਿਹੜਾ ਲੱਖਾਂ ਜੀਵਾਂ ਦੀ, ਮੁਕਤੀ ਹੈ ਕਰਦਾ।
ਸੋਧੇ ਵਿਚ ਮੈਦਾਨ, ਜਿੰਨੇ ਦੁਸ਼ਮਣ ਢਾਹ ਕੇ।
ਲੈ ਆ ਬੇਟਾ ਭਾਨਿਆ, ਸਤਿਗੁਰ ਨੂੰ ਜਾ ਕੇ।

6. ਮੀਰੀ-ਪੀਰੀ ਵਾਲੀਆਂ, ਸੱਚੀਆਂ ਸਰਕਾਰਾਂ।
ਪਾਈਆਂ ਜ਼ੁਲਮ ਮਿਟਾਣ ਲਈ, ਜਿੰਨ ਦੋ ਤਲਵਾਰਾਂ।
ਗਲ ਨਾਲ ਲਾਵਣ ਦਾਸ ਨੂੰ, ਕੇਰਾਂ ਮੁਸਕਰਾ ਕੇ।
ਲੈ ਆ ਬੇਟਾ ਭਾਨਿਆ, ਸਤਿਗੁਰ ਨੂੰ ਜਾ ਕੇ।

7. ਬਣ ਕੇ ਸੇਵਾਦਾਰ, ਮੈਂ ਜੋ ਸੇਵਾ ਕੀਤੀ।
ਓੜਕ ਨਿਭ ਜਾਏ ਦਾਸ ਦੀ, ਸਿਰ ਨਾਲ ਪ੍ਰੀਤੀ।
ਮੁੜ ਜਾਣ ਬੇਸ਼ੱਕ ਕਹੀ ਗੱਲ, ਤੋੜ ਨਿਭਾ ਕੇ।
ਲੈ ਆ ਬੇਟਾ ਭਾਨਿਆ, ਸਤਿਗੁਰ ਨੂੰ ਜਾ ਕੇ।

ਬਾਬਾ ਬੁੱਢਾ ਸਾਹਿਬ ਜੀ ਨੇ ਆਪਣੇ ਛੋਟੇ ਪੁੱਤਰ ਨੂੰ ਤੋਰ ਦਿੱਤਾ। ਕੁਝ ਸਾਥੀਆਂ ਨੂੰ ਨਾਲ ਲੈ ਕੇ ਬਾਬਾ ਭਾਨਾ ਜੀ, ਮੀਰੀ-ਪੀਰੀ ਦੇ ਮਾਲਕ ਸਤਿਗੁਰ ਹਰਿਗੋਬਿੰਦ ਸਾਹਿਬ ਦੇ ਚਰਨਾਂ ਵਿਚ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੀ ਪਾਵਣ ਧਰਤੀ 'ਤੇ ਪਹੁੰਚਿਆ। ਸਤਿਗੁਰ ਨੂੰ ਮੱਥਾ ਟੇਕਿਆ ਅਤੇ ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ—ਸੱਚੇ ਪਾਤਸ਼ਾਹ ਜੀ ! ਬਾਬਾ ਬੁੱਢਾ ਸਾਹਿਬ ਜੀ ਆਖ਼ਰੀ ਸਮੇਂ ਉੱਤੇ ਆਪ ਜੀ ਦੇ ਦਰਸ਼ਨ ਨੂੰ ਉਡੀਕ ਰਹੇ ਹਨ। ਇਸ ਲਈ ਜਲਦੀ ਤਿਆਰੀ ਕਰੋ ਅਤੇ ਰਮਦਾਸ ਵਿਚ ਪਹੁੰਚ ਜਾਓ। ਸਤਿਗੁਰਾਂ ਨੇ ਸਜੇ ਹੋਏ ਦੀਵਾਨ ਦੀ ਸਮਾਪਤੀ ਦਾ ਹੁਕਮ ਦਿੱਤਾ ਤੇ ਅਰਦਾਸਾ ਸੋਧਿਆ ਗਿਆ। ਸਤਿਗੁਰਾਂ ਨੇ ਬਾਬਾ ਬਿਧੀ ਚੰਦ ਜੀ ਨੂੰ ਵੀ ਜਾਣ ਵਾਸਤੇ ਆਖਿਆ (ਛੇਵੇਂ ਪਾਤਸ਼ਾਹ ਦੇ ਸਮੇਂ ਤਿੰਨ ਮੁਖੀ ਸਿੱਖ ਸਨ। ਜੇ ਕੋਈ ਬੀਮਾਰ ਆ ਗਿਆ ਤਾਂ ਉਸ ਨੂੰ ਠੀਕ ਕਰਨ ਦੀ ਡਿਊਟੀ ਬਾਬਾ ਬੁੱਢਾ ਸਾਹਿਬ ਜੀ ਦੀ ਲੱਗਦੀ ਸੀ। ਜੇ ਕੋਈ ਗਿਆਨ-ਚਰਚਾ ਕਰਨ ਵਾਲਾ ਆ ਗਿਆ ਤਾਂ ਉਸ ਦੇ ਨਾਲ ਗਿਆਨ-ਚਰਚਾ ਕਰਨ ਦੀ ਡਿਊਟੀ ਭਾਈ ਗੁਰਦਾਸ ਜੀ ਦੀ ਲੱਗਿਆ ਕਰਦੀ ਸੀ ਅਤੇ ਜੇ ਕੋਈ

ਹੰਕਾਰੀ ਆ ਕੇ ਅੱਖਾਂ ਵਿਖਾਉਣ ਲੱਗੇ ਤਾਂ ਉਸ ਦੀ ਧੌਣ ਉੱਤੇ ਗੋਡਾ ਰੱਖਣ ਲਈ ਬਾਬਾ ਬਿਧੀ ਚੰਦ ਦੀ ਡਿਊਟੀ ਲੱਗਿਆ ਕਰਦੀ ਸੀ)। ਛੇਵੇਂ ਪਾਤਸ਼ਾਹ ਮਹਾਰਾਜ ਚੋਣਵੇਂ ਸਿੱਖਾਂ ਨੂੰ ਨਾਲ ਲੈ ਕੇ ਚੱਲੇ ਹਨ।

## ਗੱਡੀ

ਭਾਈ ਭਾਨੇ ਨੇ ਬੇਨਤੀ ਕੀਤੀ, ਗੁਰਾਂ ਅੱਗੇ ਹੱਥ ਜੋੜ ਕੇ।
ਬਾਬਾ ਬੁੱਢਾ ਜੀ ਤੁਸਾਂ ਨੂੰ ਯਾਦ ਕਰਦੇ, ਦਿਉ ਤਾਂ ਦੀਦਾਰ ਚੱਲ ਕੇ।
ਛੇਵੇਂ ਗੁਰਾਂ ਨੇ ਤਿਆਰੀ ਕੀਤੀ, ਹਰਿਗੋਬਿੰਦਪੁਰ ਸਾਹਿਬ ਤੋਂ,
ਬਿਧੀ ਚੰਦ ਤੇ ਸੂਰਮਾ ਜੇਠਾ ਬਾਬਕ ਰਬਾਬੀ ਲੈ ਲਿਆ।
ਨਾਲ ਹੋਰ ਕਈ ਸਿਆਣੇ ਸਿੱਖ ਲੈ ਲਏ ਭਾਈ ਵਰਗੇ,
ਮਾਰ ਮੰਜ਼ਿਲਾਂ ਗੁਰੂ ਜੀ ਪਹੁੰਚੇ ਵਿਚ ਰਮਦਾਸ ਆਣ ਕੇ।
ਜਿੱਥੇ ਉਡੀਕਦੇ ਆਖ਼ਰੀ ਵੇਲੇ ਧੰਨ ਬਾਬਾ ਬੁੱਢਾ ਸਾਹਿਬ ਜੀ।
ਆਵਾਜ਼ ਮਾਰ ਕੇ ਗੁਰੂ ਜੀ ਕਹਿੰਦੇ, ਆ ਗਏ ਅਸੀਂ ਬਾਬਾ ਸਾਹਿਬ ਜੀ।
ਏਦਾਂ ਆਖ ਲਾ ਲਿਆ ਨਾਲ ਛਾਤੀ, ਮੀਰੀ-ਪੀਰੀ ਵਾਲੇ ਸ਼ਹਿਨਸ਼ਾਹ ਜੀ।
ਧੰਨ ਭਾਗ ਨੇ ਗੁਰੂ ਜੀ ਮੇਰੇ ਬਾਬੇ ਬੁੱਢੇ ਅੱਗੋਂ ਆਖਿਆ,
ਦੇ ਕੇ ਦਰਸ ਆਖ਼ਰੀ ਵੇਲੇ ਕੀਤੀਆਂ ਮੁਰਾਦਾਂ ਪੂਰੀਆਂ।
ਢਲੀ ਰਾਤ ਦਾ ਧੁਰੋਂ ਸੱਦਾ ਆਇਆ ਬਾਬੇ ਕੀਤੀਆਂ ਤਿਆਰੀ ਆ।
ਬੂਹੇ ਅੰਬਰੋਂ ਸਵਰਗਾਂ ਦੇ ਖੁੱਲ੍ਹ ਗਏ ਜੈ ਜੈਕਾਰ ਹੋਣ ਲੱਗ ਪਈ।
ਝੱਟ ਦੇਵਤੇ ਬਿਬਾਣ ਲੈ ਕੇ ਆ ਗਏ ਕਰਦੇ ਫੁੱਲਾਂ ਦੀ ਵਰਖਾ।
ਸੀਸ ਬਾਬੇ ਦਾ ਟਿਕਾਇਆ ਸੱਜੇ ਪੱਟ 'ਤੇ ਬੰਦੀਛੋੜ ਪਾਤਸ਼ਾਹ ਨੇ।
ਸਾਰੀ ਸੰਗਤ ਪੜ੍ਹੇ ਪਈ ਬਾਣੀ ਧੁਨ ਆਵੇ ਸਤਿਨਾਮ ਦੀ।
ਬਾਂਹ ਭਾਨੇ ਦੀ ਆਖ਼ਰੀ ਵੇਲੇ ਗੁਰਾਂ ਨੂੰ ਫੜਾਈ ਬਾਬੇ ਨੇ।
ਸਰੀ ਪੁੱਜੀ ਜੋ ਕਰੀ ਮੈਂ ਸੇਵਾ ਮੈਥੋਂ ਪਿੱਛੋਂ ਭਾਨਾ ਕਰੇਗਾ।
ਏਨੀ ਆਖਦੇ ਜੁੜੇ ਹੱਥ ਰਹਿ ਗਏ ਸਤਿਨਾਮ ਕਿਹਾ ਮੁੱਖ 'ਚੋਂ।
ਭੌਰ ਲਾ ਗਿਆ ਸਰੀਰ ਵਿੱਚੋਂ ਉਡਾਰੀ ਸੱਚਖੰਡ ਜਾ ਵੱਸਿਆ।
ਦਿਲ ਕਈ ਸੀ ਵੈਰਾਗ ਵਿਚ ਉਛਲੇ ਨੈਣਾਂ ਵਿੱਚੋਂ ਨੀਰ ਵਹਿ ਗਿਆ।
ਬਹੁਤ ਬੁਰੀਆਂ ਵਿਛੋੜੇ ਦੀਆਂ ਘੜੀਆਂ ਮੰਨਣਾ ਪੈ ਜਾਂਦਾ।



ਭਾਣਾ ਭਾਣਾ
ਇਕ ਦਿਨ ਦੁਨੀਆਂ ਤੋਂ ਤੁਰ ਜਾਣਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਾ ਕੇ ਆਖਿਆ— ਬਾਬਾ ਜੀ ! ਅਸੀਂ ਆ ਗਏ ਹਾਂ। ਬਾਬਾ ਬੁੱਢਾ ਸਾਹਿਬ ਜੀ ਨੇ ਹੱਥ ਜੋੜ ਕੇ ਨਮਸਕਾਰ ਕੀਤੀ। ਸਤਿਗੁਰਾਂ ਨੇ ਬਾਬਾ ਜੀ ਦਾ ਸੀਸ ਆਪਣੇ ਸੱਜੇ ਪੱਟ 'ਤੇ ਰੱਖ ਲਿਆ। ਬਾਬਾ ਜੀ ਦੇ ਆਖ਼ਰੀ ਦਰਸ਼ਨਾਂ ਨੂੰ ਗੁਰੂ ਨਾਨਕ ਦੇਵ ਮਹਾਰਾਜ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਬਾਰਸ ਨਗਰ ਤੋਂ ਆਪਣੇ ਚੇਲਿਆਂ ਨੂੰ ਨਾਲ ਲੈ ਕੇ ਪਹੁੰਚੇ ਹੋਏ ਸਨ। ਇਕ ਪਾਸੇ ਕੀਰਤਨ ਹੋ ਰਿਹਾ ਹੈ, ਦੂਜੇ ਪਾਸੇ ਬਾਬਾ ਜੀ ਆਪਣੇ ਆਖ਼ਰੀ ਬਚਨ ਗੁਰੂ ਸਾਹਿਬ ਨਾਲ ਕਰ ਰਹੇ ਹਨ। ਬਾਬਾ ਜੀ ਨੇ ਆਪਣੇ ਪੁੱਤਰ ਭਾਈ ਭਾਨੇ ਨੂੰ ਕੋਲ ਬੁਲਾਇਆ। ਭਾਈ ਭਾਨੇ ਦੀ ਬਾਂਹ ਮੀਰੀ-ਪੀਰੀ ਦੇ ਮਾਲਕ ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਹੱਥ ਵਿਚ ਫੜਾ ਕੇ ਆਖਿਆ— ਸੱਚੇ ਪਾਤਸ਼ਾਹ ! ਮੇਰੇ ਤੋਂ ਪਿੱਛੋਂ ਗੁਰੂ-ਘਰ ਦੀ ਸੇਵਾ ਮੇਰਾ ਪੁੱਤਰ ਭਾਨਾ ਕਰੇਗਾ। (ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਨੂੰ ਬਾਬੇ ਭਾਨੇ ਨੇ ਗੁਰਿਆਈ ਦਾ ਤਿਲਕ ਲਾਇਆ ਸੀ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਭਾਈ ਭਾਨੇ ਦੇ ਪੁੱਤਰ ਬਾਬਾ ਗੁਰਦਿੱਤਾ ਜੀ ਨੇ ਗੁਰਿਆਈ ਦਾ ਤਿਲਕ ਲਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਾਬਾ ਗੁਰਦਿੱਤੇ ਦੇ ਪੁੱਤਰ ਨੇ ਗੁਰਿਆਈ ਦਾ ਤਿਲਕ ਲਾਇਆ ਸੀ)।

ਅੰਮ੍ਰਿਤ ਵੇਲਾ ਹੋਇਆ। ਬਾਬਾ ਜੀ ਨੇ ਆਖ਼ਰੀ ਨਮਸਕਾਰ ਕੀਤੀ ਅਤੇ ਪੰਜ ਭੂਤਕ ਸਰੀਰ ਨੂੰ ਤਿਆਗ ਦਿੱਤਾ। ਵੈਰਾਗ ਵਿਚ ਆਈਆਂ ਸੰਗਤਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਡਿੱਗ ਰਹੇ ਹਨ। ਅੰਬਰਾਂ ਵਿੱਚੋਂ ਫੁੱਲਾਂ ਦੀ ਬਰਸਾਤ ਹੋ ਰਹੀ ਸੀ। ਘੋੜ-ਸਵਾਰਾਂ ਦੇ ਰਾਹੀਂ ਪਿੰਡਾਂ ਵਿਚ ਪੱਲਾ ਫੇਰਿਆ ਗਿਆ। ਹਜ਼ਾਰਾਂ ਸੰਗਤਾਂ ਬਾਬਾ ਜੀ ਦੇ ਆਖ਼ਰੀ ਦਰਸ਼ਨ ਨੂੰ ਪਹੁੰਚੀਆਂ ਹਨ। ਬਾਬਾ ਬੁੱਢਾ ਸਾਹਿਬ ਵਰਗਾ ਹੋਰ ਕੋਈ ਸਿੱਖ ਨਹੀਂ ਹੋਵੇਗਾ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਬਾਬਾ ਬੁੱਢਾ ਸਾਹਿਬ ਜੀ ਦੇ ਬਿਬਾਣ ਨੂੰ ਮੋਢਾ ਦਿੱਤਾ ਸੀ। ਚੰਦਨ ਦੀਆਂ ਲੱਕੜਾਂ ਲਿਆਂਦੀਆਂ ਗਈਆਂ। ਬਾਬਾ ਬਿਧੀ ਚੰਦ ਜੀ ਲੱਕੜਾਂ ਵੜਾ ਰਹੇ ਹਨ। ਛੇਵੇਂ ਪਾਤਸ਼ਾਹ ਆਪ ਅੰਗੀਠਾ ਚਿਣ ਰਹੇ ਹਨ। ਬਾਬਾ ਜੇਠਾ ਜੀ ਸਿੱਧਵਾਂ ਵਾਲੇ ਅਲਾਣੀਆਂ ਦਾ ਪਾਠ ਕਰ ਰਹੇ ਹਨ। ਆਖ਼ਰੀ ਰਸਮ ਅਦਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ। ਕੀਰਤਨ ਸੋਹਿਲਾ ਦਾ ਪਾਠ ਕੀਤਾ ਗਿਆ। ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਗਈ। ਬਾਬਾ ਜੀ ਦੀ ਯਾਦ ਵਿਚ ਭਾਈ ਗੁਰਦਾਸ ਜੀ ਕੋਲੋਂ ਖੁੱਲ੍ਹਾ ਪਾਠ ਰਖਾਇਆ ਗਿਆ। ਪਾਠ ਦਾ ਭੋਗ ਪਿਆ ਤਾਂ ਬੜੇ ਵੈਰਾਗਮਈ ਸ਼ਬਦ ਗੁਰੂ ਦੇ ਕੀਰਤਨੀਆਂ ਨੇ ਪੜ੍ਹੇ।

## ਕਲੀ

1. ਬਾਬਾ ਬੁੱਢਾ ਜੀ ਜਿਸ ਦਮ ਸਵਰਗ ਸੁਧਾਰ ਗਏ,
ਸੰਗਤਾਂ ਦੂਰ-ਦੂਰ ਤੋਂ ਦਰਸ਼ਨ ਖ਼ਾਤਰ ਆਈਆਂ।

2. ਪੱਲਾ ਪਿੰਡਾਂ ਦੇ ਵਿਚ ਫੇਰਿਆ ਘੋੜ-ਸਵਾਰਾਂ ਨੇ,
ਖ਼ਬਰਾਂ ਦੂਰ-ਦੂਰ ਤੱਕ ਮਿੰਟਾਂ ਵਿਚ ਪੁਚਾਈਆਂ ਨੇ।
3. ਲੋਕੀਂ ਦਰਸ਼ਨ ਖ਼ਾਤਰ ਤੁਰ ਪਏ ਘੱਤ ਵਹੀਰਾਂ ਨੂੰ,
ਆਈਆਂ ਇਕੱਠੀਆਂ ਹੋ ਕੇ ਭੈਣਾਂ ਅਤੇ ਮਾਈਆਂ।
4. ਬਾਬਕ ਸ਼ਬਦ ਪੜ੍ਹੇ ਸੀ ਬਹੁਤੇ ਵਿਚ ਵੈਰਾਗ ਦੇ,
ਵਹਿ ਗਈਆਂ ਨਦੀਆਂ ਵਾਂਗੂੰ ਅੱਖੀਆਂ ਦਰਸ-ਤਿਹਾਈਆਂ।
5. ਕਰਾ ਕੇ ਇਸ਼ਨਾਨ ਰੱਖ ਲਈ ਦੇਹੀ ਵਿਚ ਬਿਬਾਣ ਦੇ,
ਵੱਲ ਸ਼ਮਸ਼ਾਨ ਘਾਟ ਦੇ ਤੁਰ ਪਏ ਕਰਕੇ ਧਾਈਆਂ।
6. ਮੋਢਾ ਦਿੱਤਾ ਆਪ ਗੁਰੂ ਜੀ ਲੱਗੇ ਅਗਲੀ ਬਾਹੀ 'ਤੇ,
ਬਾਕੀ ਸੇਵਾਦਾਰਾਂ ਚੁੱਕੀਆਂ ਤਿੰਨੇ ਬਾਹੀਆਂ।
7. ਹੱਥੀਂ ਚਿਖਾ ਬਣਾਈ ਮਾਲਕ ਮੀਰੀ-ਪੀਰੀ ਨੇ,
ਲੱਕੜਾਂ ਬਿਧੀ ਚੰਦ ਨੇ ਚੰਦਨ ਦੀਆਂ ਫੜਾਈਆਂ।
8. ਬਾਬੇ ਜੇਠੇ ਜੀ ਨੇ ਕੀਤਾ ਪਾਠ ਅਲਾਣੀਆਂ ਦਾ।
ਗੁਰੂ ਦੇ ਕੀਰਤਨੀਆਂ ਨੇ ਸ਼ਬਦ ਦੀਆਂ ਧੁਨਾਂ ਲਗਾਈਆਂ।
9. ਕਰ ਅਰਦਾਸ ਗੁਰਾਂ ਨੇ ਅੱਗ ਵਿਖਾਈ ਚਿਖਾ ਨੂੰ,
ਲਾਟਾਂ ਉੱਚੀਆਂ ਹੋ ਹੋ ਮੱਚੀਆਂ ਦੂਣ ਸਵਾਈਆਂ।
10. ਫਿਰ ਪਾਠ ਸਤਿਗੁਰ ਜੀ ਨੇ ਕੀਤਾ ਕੀਰਤਨ ਸੋਹਿਲੇ ਦਾ,
ਦੇਗਾਂ ਕੜਾਹ ਪ੍ਰਸ਼ਾਦਿ ਦੀਆਂ ਫਿਰ ਗਈਆਂ ਵਰਤਾਈਆਂ।
11. ਉਧਰ ਦੇਵਤਿਆਂ ਨੇ ਵਰਖਾ ਕੀਤੀ ਫੁੱਲਾਂ ਦੀ,
ਕਣੀਆਂ ਅੰਬਰਾਂ ਵਿੱਚੋਂ ਬੱਦਲਾਂ ਨੇ ਵਰਸਾਈਆਂ।
12. ਜੱਗ 'ਤੇ ਮੋਇਆਂ ਪਿੱਛੋਂ ਜਿਊਣ ਸਦਾ 'ਜਰਨੈਲ ਸਿੰਘਾਂ',
ਜਿਨ੍ਹਾਂ ਦੁਨੀਆਂ ਦੇ ਵਿਚ ਕਰੀਆਂ ਨੇਕ ਕਮਾਈਆਂ।

❑



# ਪ੍ਰਸੰਗ
# ਅਵਤਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ ਮਾਤਾ ਗੰਗਾ ਜੀ ਦੇ ਘਰ ਪੁੱਤਰ ਨਹੀਂ ਸੀ। ਪੁੱਤਰ ਦੀ ਅਣਹੋਂਦ ਮਾਤਾ ਗੰਗਾ ਜੀ ਦੀ ਪ੍ਰੇਸ਼ਾਨੀ ਦਾ ਕਾਰਨ ਸੀ। ਦੂਸਰੇ ਪਾਸੇ ਮਾਂ ਗੰਗਾ ਦੀ ਜੇਠ ਤੇ ਜੇਠਾਣੀ ਵੀ ਘੱਟ ਨਹੀਂ ਸਨ ਕਰਦੇ। ਉਹ ਵੀ ਗੱਲ ਗੱਲ ਨਾਲ ਕਹਿੰਦੇ ਰਹਿੰਦੇ ਸਨ ਕਿ ਗੰਗਾ ਦੇ ਘਰ ਪੁੱਤਰ ਨਹੀਂ ਹੋਣਾ, ਇਨ੍ਹਾਂ ਨੇ ਦੁਨੀਆਂ ਤੋਂ ਔਤਰੇ ਜਾਣਾ ਹੈ।

## ਦੱਵੀਆ

1.

ਪ੍ਰਿਥੀ ਚੰਦ ਕਰਮੋ ਨੂੰ ਕਹਿੰਦਾ, ਕਾਹਤੋਂ ਤੂੰ ਘਬਰਾਉਂਦੀ ਏਂ।
ਹੋ ਜਾਊ ਤੇਰੀ ਇੱਛਿਆ ਪੂਰੀ, ਜੋ ਤੂੰ ਚਿਰ ਤੋਂ ਚਾਹੁੰਦੀ ਏਂ।
ਜਿਨ੍ਹਾਂ ਨੇ ਮੇਰਾ ਹੱਕ ਹੈ ਖਾਧਾ, ਆਖ਼ਿਰ ਨੂੰ ਪਛਤਾਵਣਗੇ।
ਇਨ੍ਹਾਂ ਦੇ ਧੀ ਪੁੱਤ ਨਹੀਂ ਹੋਣਾ, ਅੰਤ ਔਤਰੇ ਜਾਵਣਗੇ।

2.

ਬਾਪੂ ਵੀ ਇਨਸਾਫ਼ ਨਾ ਕਰਿਆ, ਵੈਰ ਅਸਾਂ ਦਾ ਪਾ ਗਿਆ ਉਹ।
ਹੱਕ ਵੱਡੇ ਦਾ ਦੇ ਛੋਟੇ ਨੂੰ, ਉਲਟੀ ਰੀਤ ਚਲਾ ਗਿਆ ਉਹ।
ਕੀ ਹੋਇਆ ਜੇ ਮੌਜਾਂ ਕਰਦੇ, ਆਖ਼ਿਰ ਕਸ਼ਟ ਉਠਾਵਣਗੇ।
ਇਨ੍ਹਾਂ ਦੇ ਧੀ ਪੁੱਤ ਨਹੀਂ ਹੋਣਾ, ਅੰਤ ਔਤਰੇ ਜਾਵਣਗੇ।

3.

ਜਦ ਦਾ ਇਸ ਮੇਰਾ ਹੱਕ ਖਾਧਾ, ਇਸ ਕੀ ਨਫ਼ਾ ਕਮਾਇਆ ਏ ?
ਪਹਿਲੀ ਇਸ ਦੇ ਘਰ ਦੀ ਮਰਗੀ, ਦੂਜਾ ਵਿਆਹ ਕਰਵਾਇਆ ਏ।
ਕਈ ਸਾਲ ਉਸ ਦੇ ਲੰਘੇ, ਹੁਣ ਨਾ ਲਾਲ ਖਿਡਾਵਣਗੇ।
ਇਨ੍ਹਾਂ ਦੇ ਧੀ ਪੁੱਤ ਨਹੀਂ ਹੋਣਾ, ਅੰਤ ਔਤਰੇ ਜਾਵਣਗੇ।

4.

ਹੁਣ ਉੱਨਾ ਚਿਰ ਨੀਵੇਂ ਹੋ ਕੇ, ਆਪਾਂ ਝੱਟ ਲੰਘਾਵਾਂਗੇ।
ਜਦ ਹੋਣਗੇ ਆਪਣੇ ਜੋਗੇ, ਸਾਰਾ ਹਿਸਾਬ ਚੁਕਾਵਾਂਗੇ।
ਪਿਛਲੀਆਂ ਗੱਲਾਂ ਕਰ-ਕਰ ਚੇਤੇ, ਹੱਥ ਕੰਨਾਂ ਨੂੰ ਲਾਵਣਗੇ।
ਇਨ੍ਹਾਂ ਦੇ ਧੀ ਪੁੱਤ ਨਹੀਂ ਹੋਣਾ, ਅੰਤ ਔਂਤਰੇ ਜਾਵਣਗੇ।

5.

ਮੇਰਾ ਹੱਕ ਉਹ ਮੱਲ ਕੇ ਬੈਠਾ, ਮੈਂ ਵੀ ਬਦਲਾ ਲੈਣਾ ਏ।
ਜਦ ਹੋਵਣਗੇ ਆਪਣੇ ਜੋਗੇ, ਦੁੱਖ ਪਵੇਗਾ ਸਹਿਣਾ ਏ।
ਨਹੀਂ ਮਿਲਣਾ ਘੁੱਟ ਪਾਣੀ ਮੰਗਿਆਂ, ਬੈਠੇ ਤਰਲੇ ਪਾਵਣਗੇ।
ਇਨ੍ਹਾਂ ਦੇ ਧੀ ਪੁੱਤ ਨਹੀਂ ਹੋਣਾ, ਅੰਤ ਔਂਤਰੇ ਜਾਵਣਗੇ।

6.

ਕੱਢ ਜ਼ਿੰਦਗੀ ਦੇ ਚਾਰ ਦਿਹਾੜੇ, ਅੰਤ ਇਨ੍ਹਾਂ ਨੇ ਮਰ ਜਾਣਾ।
ਤੂੰ ਵੀ ਕਰ ਲਈਂ ਐਸ਼ ਬਹਾਰਾਂ, ਕੰਮ ਆਪਣਾ ਸਰ ਜਾਣਾ।
'ਮੇਜਰ' ਤੇ 'ਜਰਨੈਲ' ਕਵੀਸ਼ਰ, ਹਾਲ ਅੱਗੇ ਦਾ ਗਾਵਣਗੇ।
ਇਨ੍ਹਾਂ ਦੇ ਧੀ ਪੁੱਤ ਨਹੀਂ ਹੋਣਾ, ਅੰਤ ਔਂਤਰੇ ਜਾਵਣਗੇ।

ਪ੍ਰਿਥੀ ਚੰਦ ਦੀਆਂ ਐਸੀਆਂ ਗੱਲਾਂ ਸੁਣ ਕੇ ਕਰਮੋ ਨੇ ਬੜੀ ਖ਼ੁਸ਼ੀ ਮਨਾਈ। ਉਧਰ ਕਾਬਲ ਦੀ ਸੰਗਤ ਨੇ ਕੀਮਤੀ ਦੁਸ਼ਾਲੇ ਗੁਰੂ-ਦਰਬਾਰ ਵਿਚ ਭੇਟਾ ਕੀਤੇ। ਇਨ੍ਹਾਂ ਦੁਸ਼ਾਲਿਆਂ ਨੂੰ ਮਾਤਾ ਗੰਗਾ ਜੀ ਨੇ ਹਵਾ ਲਵਾਉਣ ਵਾਸਤੇ ਧੁੱਪੇ ਸੁੱਕਣੇ ਪਾ ਦਿੱਤਾ। ਕਰਮੋ ਕੇਸੀ ਇਸ਼ਨਾਨ ਕਰਕੇ ਵਾਲ ਸੁਕਾਉਣ ਵਾਸਤੇ ਕੋਠੇ 'ਤੇ ਚੜ੍ਹੀ। ਜਦੋਂ ਉਸ ਨੇ ਮਾਤਾ ਗੰਗਾ ਦੇ ਘਰ ਇਹ ਕੀਮਤੀ ਵਸਤਾਂ ਵੇਖੀਆਂ ਤਾਂ ਉਹ ਸੜ ਬਲ ਕੇ ਕੋਲੇ ਹੋ ਗਈ। ਮੱਥੇ 'ਤੇ ਵੱਟ ਪਾ ਕੇ ਕਹਿਣ ਲੱਗੀ, ਉਹ ਸਮਾਂ ਦੂਰ ਨਹੀਂ, ਜਿਸ ਦਿਨ ਮੇਰਾ ਪੁੱਤਰ ਮੇਹਰਬਾਨ ਇਸ ਗੱਦੀ ਦਾ ਮਾਲਕ ਬਣੇਗਾ। ਹੁਣ ਤਾਂ ਤੂੰ ਇਹ ਕੀਮਤੀ ਚੀਜ਼ਾਂ ਵਿਖਾ-ਵਿਖਾ ਕੇ ਸਾੜਦੀ ਏਂ, ਪਰ ਬਾਅਦ ਵਿਚ ਇਹ ਮੇਰੇ ਘਰ ਵਿਚ ਹੀ ਆ ਜਾਣਗੀਆਂ, ਕਿਉਂਕਿ ਤੇਰੇ ਘਰ ਵਿਚ ਕਿਹੜੀ ਔਲਾਦ ਹੋਣੀ ਹੈ ਤੂੰ ਤਾਂ ਔਂਤਰੀ ਜਾਣਾ ਹੈ। ਸੁਣਦਿਆਂ ਸਾਰ ਮਾਤਾ ਗੰਗਾ ਜੀ ਸੋਚਾਂ ਵਿਚ ਪੈ ਗਏ।

ਜਦੋਂ ਗੁਰੂ ਅਰਜਨ ਦੇਵ ਜੀ ਘਰ ਵਿਚ ਆਏ ਤਾਂ ਮਾਤਾ ਗੰਗਾ ਜੀ ਨੇ ਜਲ ਪਾਣੀ ਛਕਾਇਆ ਹੈ। ਸਤਿਗੁਰੂ ਪਲੰਘੇ ਉੱਤੇ ਬਿਰਾਜ ਗਏ। ਮਾਤਾ ਗੰਗਾ ਜੀ ਦੇ ਚਿਹਰੇ ਵੱਲ ਤੱਕਿਆ ਤੇ ਪੁੱਛਿਆ, ਕੀ ਗੱਲ ਹੈ ਗੰਗਾ ਜੀ ! ਅੱਜ ਤੁਹਾਡੇ ਚਿਹਰੇ 'ਤੇ ਨਿਰਾਸ਼ਾ ਕਿਉਂ ਛਾਈ ਹੋਈ ਹੈ ? ਸੁਣਦਿਆਂ ਸਾਰ ਮਾਤਾ ਗੰਗਾ ਜੀ ਉਦਾਸ ਹੋ ਗਏ ਅਤੇ ਗਲ ਵਿਚ ਪੱਲਾ ਪਾ ਕੇ ਬੇਨਤੀ



ਕਰਦੇ ਹਨ — ਦੀਨ ਦੁਨੀਆਂ ਦੇ ਮਾਲਕਾ ! ਤੁਹਾਡਾ ਵੱਡਾ ਭਰਾ ਤੇ ਭਰਜਾਈ ਹਮੇਸ਼ਾ ਤਾਹਨੇ ਮਿਹਣੇ ਮਾਰਦੇ ਰਹਿੰਦੇ ਹਨ। ਤੁਸੀਂ ਹਜ਼ਾਰਾਂ ਸ਼ਰਧਾਲੂਆਂ ਦੀਆਂ ਝੋਲੀਆਂ ਭਰ ਦਿੰਦੇ ਹੋ, ਮੈਨੂੰ ਨਿਮਾਣੀ ਨੂੰ ਵੀ ਇਕ ਪੁੱਤਰ ਦੀ ਦਾਤ ਬਖ਼ਸ਼ੋ। ਜੋ ਹੋਈ ਬੀਤੀ ਵਾਰਤਾ ਮਾਤਾ ਗੰਗਾ ਜੀ ਇਉਂ ਦੱਸ ਰਹੇ ਹਨ :—

## ਕੋਰੜਾ

1. ਮਾਤਾ ਗੰਗਾ ਆਖਦੇ ਗੁਰਾਂ ਨੂੰ ਬੋਲ ਕੇ।
ਦਿਲ ਵਾਲੇ ਦੁੱਖੜੇ ਸੁਣਾਉਂਦੇ ਖੋਲ੍ਹ ਕੇ।
ਕਿੱਸੇ ਕੀ ਸੁਣਾਵਾਂ ਦੁੱਖਾਂ ਦੀ ਕਹਾਣੀ ਦੇ।
ਝੱਲੇ ਜਾਂਦੇ ਮੇਹਣੇ ਮੈਥੋਂ ਨਹੀਂ ਜਠਾਣੀ ਦੇ।

2. ਵੀਰ ਤੁਹਾਡਾ ਬੋਲਦਾ ਹੈ ਮੰਦੇ ਬੋਲ ਜੀ।
ਖੋਲ੍ਹ ਕੇ ਕੀ ਦੱਸਾਂ ਮੈਂ ਉਸ ਦੇ ਕੁਬੋਲ ਜੀ।
ਸੁਣ ਕੇ ਸਰੀਰ ਹੋਇਆ ਵਾਂਗ ਪਾਣੀ ਦੇ।
ਝੱਲੇ ਜਾਂਦੇ..........

3. ਕਰਮੋ ਵੀ ਕਰਦੀ ਜੋ ਗੱਲਾਂ ਮਾੜੀਆਂ।
ਸੰਤੀ ਨੇ ਆ ਕੇ ਦੱਸੀਆਂ ਸਾਰੀਆਂ।
ਕਹਿੰਦੀ, ਔਲਾਦ ਹੋਣੀ ਮੇਰੀ ਨਹੀਂ ਦਰਾਣੀ ਦੇ।
ਝੱਲੇ ਜਾਂਦੇ..........

4. ਹੋਣੀ ਨਹੀਂ ਔਲਾਦ ਮੁੱਖੋਂ ਪਈ ਪੁਕਾਰਦੀ।
ਹਰ ਵੇਲੇ ਰਹਿੰਦੀ ਮੈਨੂੰ ਮੇਹਣੇ ਮਾਰਦੀ।
ਝੱਲੇ ਜਾਂਦੇ..........

5. ਵੱਸਦੇ ਨਾ ਵੇਖ ਉਹ ਅਸਾਂ ਨੂੰ ਉਹ ਜਰਦੇ।
ਬਣ ਗਏ ਨੇ ਵੈਰੀ ਵੱਡੇ ਗੁਰੂ-ਘਰ ਦੇ।
ਹਰ ਵੇਲੇ ਨਿੰਦਕ ਬਣੇ ਨੇ ਬਾਣੀ ਦੇ।
ਝੱਲੇ ਜਾਂਦੇ..........

6. ਸੋਚਦੀ ਹਾਂ ਸੋਚ ਮੈਂ ਵੀ ਦਿਲ ਵਿਚ ਜੀ।

ਉਹਨਾਂ ਨਾਲ ਲੈ ਲਈਆਂ ਗੋਲੀਆਂ, ਹੋ ਪਏ ਰੱਥਾਂ 'ਤੇ ਝੱਟ ਸਵਾਰ।
ਮਾਤਾ ਰਾਹ ਬੀੜ ਦਾ ਮੱਲਿਆ, ਰੱਥ ਨਿਕਲਿਆ ਸ਼ਹਿਰੋਂ ਬਾਹਰ।
ਮੇਵਾ ਪੁੱਤ ਜੱਗ 'ਤੇ, ਸੰਗਤੇ, ਸਭ ਦਾਨੇ ਕਹਿਣ ਉਚਾਰ।
ਜਿਨ੍ਹਾਂ ਮਾਵਾਂ ਦੇ ਘਰ ਪੁੱਤ ਨਹੀਂ, ਰਹਿੰਦੀਆਂ ਗ਼ਮਾਂ ਦੇ ਨਾਲ ਬੀਮਾਰ।
ਨਹੀਂ ਤੇ ਇੱਛਰਾਂ ਵੱਲ ਵੇਖ ਲਉ, ਰੋਂਦੀ ਰਹੀ ਜੋ ਜ਼ਾਰੋ ਜ਼ਾਰ।
ਅੱਜ ਪੁੱਤਰ ਦੇ ਵਰ ਲਈ ਮਾਤਾ ਜੀ, ਰਹੇ ਵੱਲ ਬੀੜ ਦੇ ਜਾ।
ਧੂੜਾਂ ਉੱਡੀਆਂ ਵੱਲ ਆਕਾਸ਼ ਦੇ, ਦਿੱਤੀ ਰੱਥਾਂ ਨੇ ਧੂੜ ਧੁਮਾ।
ਪਹੁੰਚੇ ਜਦੋਂ ਬੀੜ ਦੇ ਕੋਲ ਸਨ, ਸਭ ਰਾਹ ਦਾ ਪੰਥ ਮੁਕਾ।
ਅੱਗੇ ਬਾਬਾ ਬੁੱਢਾ ਸਾਹਿਬ ਜੀ ਰਹੇ ਇਨ੍ਹਾਂ ਵੱਲ ਤਕਾ।
ਕਿੱਧਰ ਭਾਜੜ ਪੈ ਗਈ ਗੁਰਾਂ ਨੂੰ, ਸਾਧੂ ਬੋਲੇ ਸਹਿਜ ਸੁਭਾਅ।
ਸਾਧ ਕਾ ਬੋਲਿਆ ਬਿਰਥਾ ਜਾਏ ਨਾ, ਗੁਰਬਾਣੀ ਰਹੀ ਫੁਰਮਾ।
ਦਿਲ ਦੀ ਪੂਰੀ ਹੋਈ ਆਸ ਨਾ, ਮਾਤਾ ਗੰਗਾ ਗਈ ਘਬਰਾ।
ਇਸ ਤੋਂ ਹਾਲ ਅੱਗੇ ਦਾ ਬੀਤਿਆ ਲਿਖ ਦਊ 'ਜਰਨੈਲ' ਸੁਣਾ।
ਸਭ ਸੰਗਤ ਕਹਿ ਦਿਉ ਵਹਿਗੁਰੂ।

ਜਿਸ ਮੌਕੇ 'ਤੇ ਮਾਤਾ ਗੰਗਾ ਜੀ ਰੱਥਾਂ 'ਤੇ ਅਸਵਾਰ ਹੋ ਕੇ ਬੀੜ ਸਾਹਿਬ ਨੂੰ ਤੁਰੇ ਜਾ ਰਹੇ ਸਨ ਤਾਂ ਰਸਤਾ ਕੱਚਾ ਹੋਣ ਕਾਰਨ ਧੂੜਾਂ ਉੱਡ ਰਹੀਆਂ ਸਨ। ਬਾਬਾ ਬੁੱਢਾ ਸਾਹਿਬ ਨੇ ਬਚਨੇ ਸੇਵਾਦਾਰ ਨੂੰ ਪੁੱਛਿਆ, ਉਹ ਅੰਮ੍ਰਿਤਸਰ ਵਾਲੇ ਪਾਸਿਉਂ ਕਾਹਦੀਆਂ ਧੂੜਾਂ ਉੱਡਦੀਆਂ ਆ ਰਹੀਆਂ ਹਨ ? ਇੰਨੇ ਚਿਰ ਨੂੰ ਇਕ ਘੋੜ-ਸਵਾਰ ਸਿੱਖ ਪਹੁੰਚਿਆ ਤੇ ਉਹਨੇ ਦੱਸਿਆ ਕਿ ਉਹ ਗੁਰੂ ਕੇ ਮਹਿਲ ਆ ਰਹੇ ਹਨ। ਬਾਬਾ ਬੁੱਢਾ ਸਾਹਿਬ ਨੇ ਸਹਿਜ-ਸੁਭਾਅ ਬਚਨ ਕੀਤਾ, ਗੁਰੂ ਕਿਆਂ ਨੂੰ ਕਿੱਧਰੋਂ ਭਾਜੜਾਂ ਪੈ ਗਈਆਂ ਹਨ ? ਲਾਗੇ ਬੈਠੇ ਭਾਈ ਬਚਨੇ ਨੇ ਹੱਥ ਜੋੜ ਕੇ ਆਖਿਆ—ਬਾਬਾ ਜੀ ! ਉਹ ਤਾਂ ਗੁਰੂ ਕੇ ਮਹਿਲ ਆ ਰਹੇ ਹਨ। ਤੁਸੀਂ ਉਲਟਾ ਸਰਾਪ ਦੇ ਦਿੱਤਾ ਹੈ। ਬਾਬਾ ਬੁੱਢਾ ਸਾਹਿਬ ਜੀ ਕਹਿਣ ਲੱਗੇ, ਬਹਿ ਜਾ ਉਏ, ਤੂੰ ਕਿਉਂ ਸੂਰ ਵਾਂਗੂੰ ਘੁਰਕਦਾ ਏਂ। ਮਾਤਾ ਗੰਗਾ ਜੀ ਦੇ ਨਾਲ ਹੀ ਭਾਈ ਬਚਨੇ ਨੂੰ ਵੀ ਸਰਾਪ ਹੋ ਗਿਆ।

ਮਾਤਾ ਗੰਗਾ ਜੀ ਬਾਬਾ ਜੀ ਦੇ ਚਰਨਾਂ ਵਿਚ ਪਹੁੰਚੇ ਹਨ। ਹੱਥ ਜੋੜ ਕੇ ਮੱਥਾ ਟੇਕਿਆ ਅਤੇ ਬੇਨਤੀ ਕੀਤੀ, ਬਾਬਾ ਜੀ ! ਗੁਰੂ ਪੰਜਵੇਂ ਪਾਤਸ਼ਾਹ ਨੇ ਭੇਜਿਆ ਹੈ। ਅਰਦਾਸ ਕਰੋ ਤੇ ਪੁੱਤਰ ਦੀ ਦਾਤ ਬਖ਼ਸ਼ੋ। ਬਾਬਾ ਬੁੱਢਾ ਸਾਹਿਬ ਕਹਿਣ ਲੱਗੇ, ਮੈਂ ਤਾਂ ਗੁਰੂ-ਘਰ ਦਾ ਸੇਵਾਦਾਰ ਹਾਂ। ਗੁਰੂ ਕੇ ਪਸ਼ੂਆਂ ਨੂੰ ਘਾਹ ਪਾਉਣ ਵਾਲਾ ਹਾਂ। ਮੈਂ ਕੌਣ ਹਾਂ ਅਰਦਾਸ ਕਰਨ ਵਾਲਾ ? ਬਾਬਾ ਜੀ ਨੇ ਨਾ ਛੱਤੀ ਪ੍ਰਕਾਰ ਦਾ ਭੋਜਨ ਛਕਿਆ ਤੇ ਨਾ ਹੀ ਅਰਦਾਸ ਕੀਤੀ ਹੈ। ਮਾਤਾ ਗੰਗਾ ਜੀ ਨਿਰਾਸ਼ ਹੋ ਕੇ ਅੰਮ੍ਰਿਤਸਰ ਵਾਪਸ ਪਰਤ ਗਏ ਅਤੇ ਜਾ ਕੇ ਪਲੰਘੇ ਉੱਤੇ ਲੇਟ ਗਏ।

ਏਧਰੋਂ ਧੰਨ ਗੁਰੂ ਅਰਜਨ ਦੇਵ ਜੀ ਸ਼ਾਮਾਂ ਦੇ ਦੀਵਾਨ ਦੀ ਸਮਾਪਤੀ ਕਰਕੇ ਜਦੋਂ ਗੁਰੂ ਕੇ ਮਹਿਲ ਪਹੁੰਚੇ ਹਨ ਤਾਂ ਮਾਤਾ ਗੰਗਾ ਜੀ ਦਾ ਨਿਰਾਸ਼ ਚਿਹਰਾ ਤੱਕ ਕੇ ਕਿਹਾ, ਕੀ ਗੱਲ ਹੈ ਗੰਗਾ ਜੀ ? ਬੀੜ ਸਾਹਿਬ ਗਏ ਸੀ, ਕੀ ਕਾਰਨ ਹੈ, ਨਿਰਾਸ਼ ਕਿਉਂ ਜੇ ? ਮਾਤਾ ਗੰਗਾ ਜੀ ਨੇ ਚਰਨਾਂ 'ਤੇ ਸੀਸ ਝੁਕਾ ਕੇ ਕਿਹਾ, ਮਹਾਰਾਜ ! ਬਾਬਾ ਬੁੱਢਾ ਸਾਹਿਬ ਨੇ ਪੁੱਤਰ ਦੀ ਅਰਦਾਸ ਕਰਨ ਦੀ ਥਾਂ ਸਰਾਪ ਦੇ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਨੇ ਪੁੱਛਿਆ, ਗੰਗਾ ਜੀ ! ਤੁਸੀਂ ਗਏ ਕਿਸ ਤਰੀਕੇ ਨਾਲ ਸੀ ? ਮਾਤਾ ਜੀ ਨੇ ਆਖਿਆ—ਮਹਾਰਾਜ ! ਰੱਥਾਂ ਉੱਤੇ ਸਵਾਰ ਹੋ ਕੇ ਗਈ ਸਾਂ। ਕੁਝ ਸੇਵਾਦਾਰਾਂ ਨੂੰ ਨਾਲ ਲੈ ਕੇ ਗਈ ਸਾਂ ਤੇ ਕੁਝ ਟਹਿਲਣਾਂ ਨਾਲ ਗਈਆਂ ਸਨ। ਇਸ ਲਈ ਬਾਬਾ ਬੁੱਢਾ ਸਾਹਿਬ ਨੇ ਰੱਥ ਆਉਂਦੇ ਵੇਖ ਕੇ ਕਹਿ ਦਿੱਤਾ, ਗੁਰੂ ਕਿਆਂ ਨੂੰ ਕਿਧਰੋਂ ਭਾਜੜਾਂ ਪੈ ਗਈਆਂ ਹਨ। ਛੱਤੀ ਪ੍ਰਕਾਰ ਦਾ ਜੋ ਭੋਜਨ ਤਿਆਰ ਕੀਤਾ ਸੀ, ਬਾਬਾ ਜੀ ਨੇ ਨਹੀਂ ਛਕਿਆ। ਹੱਸ ਕੇ ਗੁਰੂ ਸਾਹਿਬ ਕਹਿਣ ਲੱਗੇ, ਭੋਲੀਏ ! ਜਦੋਂ ਕਿਸੇ ਤੋਂ ਮਤਲਬ ਲੈਣਾ ਹੋਵੇ ਤਾਂ ਇਸ ਤਰ੍ਹਾਂ ਨਹੀਂ ਜਾਈਦਾ। ਜਦੋਂ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਜਾਣਾ ਹੋਵੇ ਤਾਂ ਸ਼ਾਨ ਨਾਲ ਨਹੀਂ ਜਾਈਦਾ, ਸਗੋਂ ਨੀਵਿਆਂ ਹੋ ਕੇ ਜਾਈਦਾ ਹੈ। ਜਿਵੇਂ ਗੁਰੂ-ਘਰ ਵਿਚ ਹਜ਼ਾਰਾਂ ਸੰਗਤਾਂ ਆਉਂਦੀਆਂ ਹਨ, ਉਹ ਨਿਮਾਣੇ ਤੇ ਨੀਵੇਂ ਹੋ ਕੇ ਆਉਂਦੀਆਂ ਹਨ। ਮਾਤਾ ਜੀ ਕਹਿਣ ਲੱਗੇ, ਪਾਤਸ਼ਾਹ ! ਹੁਣ ਕੀ ਹੁਕਮ ਹੈ ? ਪਾਤਸ਼ਾਹ ਹੱਸ ਕੇ ਕਹਿਣ ਲੱਗੇ, ਜਾਣਾ ਫੇਰ ਬਾਬਾ ਬੁੱਢਾ ਸਾਹਿਬ ਦੇ ਚਰਨਾਂ ਵਿਚ ਪਵੇਗਾ। ਭੋਜਨ ਵੀ ਹੱਥੀਂ ਤਿਆਰ ਕਰਨਾ ਪਵੇਗਾ। ਹੁਣ ਛੱਤੀ ਪ੍ਰਕਾਰ ਦੇ ਭੋਜਨ ਨਹੀਂ, ਜੱਟਾਂ ਵਾਲਾ ਖਾਣਾ ਤਿਆਰ ਕਰਨਾ ਪਵੇਗਾ— ਛੋਲਿਆਂ ਦੀਆਂ ਮਿਸੀਆਂ ਰੋਟੀਆਂ, ਚੱਕੀ ਨਾਲ ਆਪੇ ਆਟਾ ਪੀਸ ਕੇ ਰੋਟੀਆਂ ਤਿਆਰ ਕਰਨੀਆਂ ਹੋਣਗੀਆਂ। ਗੰਢਾ, ਅਚਾਰ, ਦਹੀਂ ਤੇ ਲੱਸੀ ਨਾਲ ਲਿਜਾਣੀ ਪਵੇਗੀ। ਜਿਵੇਂ ਸਕੀ ਮਾਂ ਪਿਆਰ ਦੇ ਨਾਲ ਆਪਣੇ ਪੁੱਤਰ ਦੀਆਂ ਰੋਟੀਆਂ ਲੈ ਕੇ ਜਾਂਦੀ ਹੈ, ਉਸ ਤਰ੍ਹਾਂ ਜਾਣਾ ਪਵੇਗਾ।

ਮਾਤਾ ਗੰਗਾ ਜੀ ਅੰਮ੍ਰਿਤ ਵੇਲੇ ਉੱਠੇ। ਹੱਥੀਂ ਦੁੱਧ ਰਿੜਕਿਆ। ਚੱਕੀ ਪੀਸੀ। ਮਿੱਸੇ ਪ੍ਰਸ਼ਾਦੇ ਤਿਆਰ ਕੀਤੇ ਅਤੇ ਲੱਸੀ ਦਾ ਮੱਘਾ ਭਰ ਲਿਆ। ਮਾਤਾ ਗੰਗਾ ਜੀ ਨੇ ਬੀੜ ਸਾਹਿਬ ਨੂੰ ਫਿਰ ਤਿਆਰੀ ਕੀਤੀ। ਮਾਤਾ ਗੰਗਾ ਜੀ ਇੰਨੀ ਸ਼ਰਧਾ ਨਾਲ ਚੱਲੇ ਹਨ। ਪੈਰੋਂ ਨੰਗੇ, ਇਕ ਗੋਲੀ ਤੇ ਇਕ ਸੇਵਾਦਾਰ ਨਾਲ ਹੈ। ਮਾਤਾ ਗੰਗਾ ਜੀ ਬੀੜ ਸਾਹਿਬ ਨੂੰ ਦੂਜੀ ਵਾਰ ਇਉਂ ਜਾ ਰਹੇ ਹਨ :—

## ਦਵੱਈਆ

1. ਬੀੜ ਜਾਣ ਲਈ ਮਾਤਾ ਗੰਗਾ, ਕਰਦੇ ਫੇਰ ਤਿਆਰੀ।
ਚਰਨੀਂ ਝੁਕਣਾ ਉਸ ਦੇ ਜਾ ਕੇ, ਜੋ ਨੇ ਪਰਉਪਕਾਰੀ।



ਗੁਰੂ ਨਾਨਕ ਦਾ ਸਿੱਖ ਪਿਆਰਾ, ਦਿਲ ਦੀ ਆਸ ਪੁਗਾਵੇ।
ਪੁੱਤਰ ਵਰ ਲਈ ਮਾਤਾ ਗੰਗਾ, ਨੰਗੇ ਪੈਰੀਂ ਜਾਵੇ।

2. ਇਕ ਸਿੱਖ ਤੇ ਇਕ ਗੋਲੀ, ਨਾਲ ਲਏ ਸੀ ਮਾਤਾ।
ਸਤਿਨਾਮ ਦਾ ਜਾਪ ਕਰਦਿਆਂ, ਬੀੜ ਨੂੰ ਕਦਮ ਉਠਾਤਾ।
ਪੂਰੀ ਕਰਦੇ ਆਸ ਦਿਲਾਂ ਦੀ, ਜੋ ਮੇਰਾ ਦਿਲ ਚਾਹਵੇ।
ਪੁੱਤਰ ਵਰ ਲਈ.........

3. ਟਾਈਮ ਸੁਬ੍ਹਾ ਦਾ ਅੰਮ੍ਰਿਤ ਵੇਲਾ, ਜਦ ਮਾਤਾ ਜੀ ਚੱਲੀ।
ਉਧਰ ਬਾਬਾ ਬੁੱਢਾ ਜੀ ਨੂੰ, ਲੱਗੀ ਭੁੱਖ ਅੱਵਲੀ।
ਕਹਿੰਦੇ, ਵਰਤ ਗਿਆ ਕੋਈ ਭਾਣਾ, ਡਾਢੀ ਭੁੱਖ ਸਤਾਵੇ।
ਪੁੱਤਰ ਵਰ ਲਈ.........

4. ਪੁੱਤ ਪਰਾਂ ਤੇ ਉੱਡਦੀ ਦੁਨੀਆਂ, ਪੁੱਤ ਅੱਖਾਂ ਦਾ ਚਾਨਣ।
ਜਿੰਨ੍ਹਾਂ ਮਾਵਾਂ ਦੇ ਪੁੱਤ ਹੈ ਨਹੀਂ, ਦਿਲ ਉਨ੍ਹਾਂ ਦੇ ਜਾਨਣ।
ਬਿਨ ਪੁੱਤਰ ਤੋਂ ਖ਼ਾਲੀ ਝੋਲੀ, ਨਿੱਤ ਹੱਡਾਂ ਨੂੰ ਖਾਵੇ।
ਪੁੱਤਰ ਵਰ ਲਈ.........

5. ਆਪੇ ਮਾਤਾ ਚੱਕੀ ਪੀਸੀ, ਆਪ ਪਕਾਏ ਪ੍ਰਸ਼ਾਦੇ।
ਖ਼ੁਸ਼ ਹੋ ਕੇ ਪੁੱਤ ਦੇਣਗੇ ਮੈਨੂੰ, ਜਦ ਬਾਬੇ ਨੇ ਖਾਧੇ।
ਅੱਗੋਂ ਬਾਬਾ ਬੁੱਢਾ ਸੀ ਵੀ, ਇਨ੍ਹਾਂ ਵੱਲ ਤਕਾਵੇ।
ਪੁੱਤਰ ਵਰ ਲਈ.........

6. ਕਈ ਮੀਲ ਬੀੜ ਦਾ ਪੈਂਡਾ, ਪੈਦਲ ਮਾਤਾ ਜਾਂਦੀ।
ਅੱਗੇ ਮੈਥੋਂ ਗ਼ਲਤੀ ਹੋ ਗਈ, ਦਿਲ ਦੇ ਵਿਚ ਪਛਤਾਂਦੀ।
ਅਚਾਰ, ਗੰਢਾ ਤੇ ਮਿਸੀ ਰੋਟੀ, ਲੱਸੀ ਨਾਲ ਲਿਜਾਵੇ।
ਪੁੱਤਰ ਵਰ ਲਈ.........

7. ਦਿਨ ਗਰਮੀ ਦੇ ਰਸਤਾ ਕੱਚਾ, ਪੈਰ ਮਾਤਾ ਦੇ ਨੰਗੇ।
ਲੀੜੇ ਭਰ ਗਏ ਪੈ-ਪੈ ਘੱਟਾ, ਨਾਲੇ ਵੱਜਣ ਕੰਡੇ।
'ਮੇਜਰ' ਤੇ 'ਜਰਨੈਲ ਸਿੰਘ' ਵੀ, ਉਨ੍ਹਾਂ ਦਾ ਜਸ ਗਾਵੇ।
ਪੁੱਤਰ ਵਰ ਲਈ ਮਾਤਾ ਗੰਗਾ, ਨੰਗੇ ਪੈਰੀਂ ਜਾਵੇ।

ਇਸ ਤਰੀਕੇ ਨਾਲ ਮਾਤਾ ਗੰਗਾ ਜੀ ਅੰਮ੍ਰਿਤ ਵੇਲੇ ਅੰਮ੍ਰਿਤਸਰ ਤੋਂ ਨੰਗੇ ਪੈਰੀਂ ਤੁਰ ਪਏ। ਪੁੱਤਰ ਦੀ ਲੋੜ ਪੀਰਾਂ, ਪੈਗੰਬਰਾਂ, ਵਲੀਆਂ ਦੀ ਮਾਤਾ ਨੂੰ ਵੀ ਪੈ ਜਾਂਦੀ ਰਹੀ ਹੈ। ਜਿਹੜੀ ਮਾਤਾ ਨੂੰ ਸੰਸਾਰ ਉੱਤੇ ਕੋਈ ਮਾਂ ਨਾ ਆਖਣ ਵਾਲਾ ਹੋਵੇ ਤਾਂ ਉਸ ਮਾਂ ਦੀ ਦਸ਼ਾ ਬਾਗ਼ ਦੇ ਉਸ ਬੂਟੇ ਵਰਗੀ ਹੁੰਦੀ ਹੈ ਜਿਸ ਨੂੰ ਫਲ ਨਾ ਲੱਗਦਾ ਹੋਵੇ। ਮਾਲੀ ਉਸ ਬੂਟੇ ਨੂੰ ਜੜ੍ਹ ਤੋਂ ਪੁੱਟ ਕੇ ਦੂਰ ਸੁੱਟ ਦਿੰਦਾ ਹੈ ਅਤੇ ਫਲਦਾਰ ਬੂਟਿਆਂ ਨੂੰ ਗੋਡੀ ਦਿੰਦਾ ਹੈ। ਏਸੇ ਤਰ੍ਹਾਂ ਜਿਹੜੀ ਮਾਂ ਪੁੱਤਰ ਨੂੰ ਜਨਮ ਨਹੀਂ ਦਿੰਦੀ, ਦੁਨੀਆਂ ਦੇ ਲੋਕ ਉਸ ਮਾਂ ਨੂੰ ਦਿਲ ਵਿਚ ਥਾਂ ਨਹੀਂ ਦਿੰਦੇ।

ਜਦੋਂ ਮਾਤਾ ਜੀ ਸਿਰ 'ਤੇ ਪ੍ਰਸ਼ਾਦੇ ਚੁੱਕੀ ਆਉਂਦੇ ਵੇਖੇ ਤਾਂ ਬਾਬਾ ਬੁੱਢਾ ਸਾਹਿਬ ਜੀ ਆਪ ਅੱਗੋਂ ਮਾਤਾ ਜੀ ਵੱਲ ਤੁਰ ਪਏ ਹਨ। ਬਾਬਾ ਬੁੱਢਾ ਸਾਹਿਬ ਜੀ ਨੇ ਮਾਤਾ ਜੀ ਦੇ ਸਿਰ ਤੋਂ ਲੱਸੀ ਵਾਲਾ ਮੱਘਾ ਉਤਾਰਿਆ ਅਤੇ ਮਾਂ ਗੰਗਾ ਦੇ ਚਰਨੀਂ ਹੱਥ ਲਾ ਕੇ ਆਖਿਆ—ਮਾਂ ! ਤੂੰ ਧੰਨ ਹੈਂ। ਮਾਵਾਂ ਨੂੰ ਆਪਣੇ ਪੁੱਤਰਾਂ ਦਾ ਫ਼ਿਕਰ ਹੁੰਦਾ ਹੈ। ਜਦੋਂ ਖੋਲ੍ਹ ਕੇ ਪ੍ਰਸ਼ਾਦੇ ਬਾਬਾ ਬੁੱਢਾ ਸਾਹਿਬ ਦੇ ਅੱਗੇ ਰੱਖੇ ਤਾਂ ਮਿੱਸੀਆਂ ਰੋਟੀਆਂ ਵੇਖ ਕੇ ਬਾਬਾ ਜੀ ਬਹੁਤ ਪ੍ਰਸੰਨ ਹੋਏ। ਜਦੋਂ ਬਾਬਾ ਜੀ ਨੇ ਗੰਡਾ ਗੋਡੇ ਉੱਤੇ ਰੱਖ ਕੇ, ਉਤੋਂ ਮੁੱਕੀ ਮਾਰੀ ਤਾਂ ਗੰਡੇ ਦੀ ਬੱਚੀ ਦੂਰ ਜਾ ਕੇ ਡਿੱਗ ਪਈ। ਬਾਬਾ ਜੀ ਉਸ ਗੰਡੇ ਦੀ ਬੱਚੀ ਚੁੱਕ ਕੇ ਪ੍ਰਸ਼ਾਦਿ ਦੇ ਤੌਰ 'ਤੇ ਮਾਤਾ ਜੀ ਦੇ ਹੱਥ 'ਤੇ ਰੱਖ ਕੇ ਕਹਿਣ ਲੱਗੇ, ਮਾਤਾ ਜੀ ! ਇਹ ਛਕ ਲਉ, ਤੁਹਾਡੇ ਘਰ ਵਿਚ ਉਹ ਮਹਾਂਬਲੀ ਯੋਧਾ ਪੈਦਾ ਹੋਵੇਗਾ, ਜੋ ਇਸ ਗੰਡੇ ਦੀ ਤਰ੍ਹਾਂ ਵੈਰੀਆਂ ਦੇ ਸਿਰ ਫੇਹ ਦੇਵੇਗਾ।

## ਪਉੜੀ

1. ਵੇਖ ਰੋਟੀਆਂ ਮਿੱਸੀਆਂ ਬਾਬੇ ਫ਼ਰਮਾਇਆ।
ਅੱਜ ਮਾਤਾ ਜੀ ਅਸਾਂ ਨੂੰ ਬੜਾ ਭੁੱਖ ਸਤਾਇਆ।
ਗੰਢਾ ਭੰਨ ਕੇ ਬੋਲਦੇ, ਮੁੱਖੋਂ ਪੁਰਸ਼ ਭਲੇਰੇ।
ਪੁੱਤਰ ਹੋਊ ਘਰ ਸੂਰਮਾ ਮਾਤਾ ਜੀ ਤੇਰੇ।

2. ਐਸਾ ਹੋਊ ਸੂਰਮਾ ਕੁੱਲ ਦੁਨੀਆਂ ਮੰਨੂ।
ਗੰਢੇ ਵਾਂਗਰ ਸੀਸ ਇਹ ਤੁਰਕਾਂ ਦੇ ਭੰਨੂ।
ਬਾਜ ਵੇਖ ਕੇ ਜਿਸ ਤਰ੍ਹਾਂ ਡਰ ਜਾਣ ਬਟੇਰੇ।
ਪੁੱਤਰ ਹੋਊ..........

3. ਹੋਊ ਹੁਸਨ ਦਾ ਬਾਦਸ਼ਾਹ ਯੂਸਫ਼ ਤੋਂ ਸੋਹਣਾ।
ਤੇਰੇ ਪੁੱਤਰ ਜਿਹਾ ਨਹੀਂ ਕੋਈ ਮਾਤਾ ਹੋਣਾ।



ਪੁੱਜੂਗਾ ਘਰ ਸੇਵਕਾਂ ਕਰ ਪੰਧ ਲੰਮੇਰੇ।
ਪੁੱਤਰ ਹੋਊ.........

4. ਮੀਰੀ ਪੀਰੀ ਵਾਲੀਆਂ ਪਹਿਨੂਗਾ ਤਲਵਾਰਾਂ।
ਸੋਧੇਗਾ ਵਿਚ ਜੰਗ ਦੇ ਇਹ ਦੁਸ਼ਟ ਹਜ਼ਾਰਾਂ।
ਸੂਰਜ ਚੜ੍ਹ ਪਊ ਸੱਚ ਦਾ ਮਿਟ ਜਾਣ ਹਨੇਰੇ।
ਪੁੱਤਰ ਹੋਊ.........

5. ਪੁੱਤਰ ਇਸ ਤੋਂ ਮੰਗਣੇ ਆ ਕਈਆਂ ਮਾਵਾਂ।
ਹਰ ਇਕ ਦੇ ਦਿਲ ਦੀਆਂ ਇਹ ਕਰੂ ਪੂਰੀਆਂ ਚਾਹਵਾਂ।
ਸੂਰਜ ਨਾਲੋਂ ਏਸ ਦਾ ਹੋਊ ਤੇਜ ਵਧੇਰੇ।
ਪੁੱਤਰ ਹੋਊ.........

6. ਜੋ ਇਸ ਨੂੰ ਮਰਵਾਉਣ ਲਈ ਨੀਅ ਦਿਲ ਵਿਚ ਰੱਖੂ।
ਉਹ ਮਰੇਗਾ ਤਰਸ ਕੇ ਕੁੱਲ ਦੁਨੀਆਂ ਤੱਕੂ।
ਮਾਰੂ ਰਣ ਵਿਚ ਘੇਰ ਕੇ ਕਈ ਜਾਬਰ ਵੇਰੇ।
ਪੁੱਤਰ ਹੋਊ.........

7. ਜੋ ਆਵੇਗਾ ਏਸ 'ਤੇ ਹੰਕਾਰੀ ਚੜ੍ਹ ਕੇ,
ਜਿੱਤ ਸਕੂ ਨਾ ਇਸ ਨੂੰ ਰਣ ਅੰਦਰ ਲੜ ਕੇ।
ਹਾਲ ਲਿਖਣਗੇ ਏਸ ਦਾ 'ਜਰਨੈਲ' ਬਥੇਰੇ।
ਪੁੱਤਰ ਹੋਊ ਘਰ ਸੂਰਮਾ ਮਾਤਾ ਜੀ ਤੇਰੇ।

ਜਦੋਂ ਬਾਬਾ ਬੁੱਢਾ ਸਾਹਿਬ ਨੇ ਵਰ ਦਿੱਤਾ ਤਾਂ ਮਾਤਾ ਗੰਗਾ ਜੀ ਬੜੀਆਂ ਚਾਹਵਾਂ ਤੇ ਸਧਰਾਂ ਨਾਲ ਅੰਮ੍ਰਿਤਸਰ ਪਹੁੰਚੇ। ਆਣ ਕੇ ਸਤਿਗੁਰਾਂ ਦੇ ਚਰਨ ਪਰਸੇ ਅਤੇ ਬੜੀ ਖ਼ੁਸ਼ੀ ਕੀਤੀ। ਮਾਤਾ ਗੰਗਾ ਜੀ ਵੱਲ ਵੇਖ ਕੇ ਗੁਰੂ ਅਰਜਨ ਦੇਵ ਜੀ ਮਹਾਰਾਜ ਪੁੱਛਣ ਲੱਗੇ—ਗੰਗਾ ਜੀ ! ਬਾਬਾ ਬੁੱਢਾ ਸਾਹਿਬ ਨੇ ਕੀ ਵਰ ਦਿੱਤਾ ਹੈ ? ਮਾਤਾ ਜੀ ਨੇ ਆਖਿਆ—ਬਾਬਾ ਜੀ ਨੇ ਮਹਾਂਬਲੀ ਯੋਧਾ ਪੁੱਤਰ ਹੋਣ ਦਾ ਵਰ ਦਿੱਤਾ ਹੈ। ਮਹਾਰਾਜ ਹੱਸਦੇ-ਹੱਸਦੇ ਬਾਹਰ ਨੂੰ ਚੱਲੇ ਗਏ। ਇਹ ਗੱਲ ਜੰਗਲ ਦੀ ਅੱਗ ਵਾਂਗੂੰ ਫੈਲ ਗਈ। ਜਦੋਂ ਇਹ ਗੱਲ ਕਰਮੋ ਕੋਲ ਪਹੁੰਚੀ ਤਾਂ ਉਹਨੇ ਪ੍ਰਿਥੀ ਚੰਦ ਨੂੰ ਦੱਸਿਆ। ਅੱਗੋਂ ਪ੍ਰਿਥੀ ਚੰਦ ਨੇ ਆਖਿਆ, ਜੇ ਪੁੱਤਰ ਹੋ ਗਿਆ ਤਾਂ ਤੂੰ ਫ਼ਿਕਰ ਨਾ ਕਰ। ਪਹਿਲੀ ਗੱਲ ਬਾਬਾ ਬੁੱਢਾ ਸਾਹਿਬ ਦਾ ਵਰ ਮੇਰੇ ਸਰਾਪ ਨਾਲੋਂ ਵੱਡਾ

ਨਹੀਂ। ਜੇ ਪੁੱਤਰ ਹੋ ਗਿਆ ਤਾਂ ਮੈਂ ਮਰਵਾ ਦੇਵਾਂਗਾ। ਆਖ਼ਿਰ 21 ਹਾੜ ਵੀਰਵਾਰ ਸੰਮਤ 1652 ਨੂੰ ਗੁਰੂ ਹਰਿਗੋਬਿੰਦ ਸਾਹਿਬ ਦਾ ਅਵਤਾਰ ਹੋਇਆ।

## ਡੋਲੀ

ਕਰਮੋ ਨੂੰ ਸੋਗ ਪੈ ਗਿਆ, ਬਾਲ ਸੁਣ ਕੇ ਗੰਗਾ ਦੇ ਘਰ ਹੋਇਆ।

1. ਜਦੋਂ ਜੋਤ ਆਈ ਜੱਗ 'ਤੇ ਅਕਾਲੀ ਜੀ।
ਲੱਗੀ ਰੌਣਕ ਗੁਰੂ ਕੀ ਵਡਾਲੀ ਜੀ।
ਖ਼ੁਸ਼ੀ ਸੰਗਤਾਂ ਨੇ ਕੀਤੀ ਹੱਦੋਂ ਬਾਹਲੀ ਜੀ।
ਹਰਿਗੋਬਿੰਦ ਦੀ ਜੋ ਤਾਈ, ਸੁਣੀ ਉਸ ਨੇ ਵਧਾਈ।
ਉਹਦੇ ਦਿਲ ਨੂੰ ਫ਼ਿਕਰ ਬੜਾ ਹੋਇਆ।
ਕਰਮੋ ਨੂੰ ਸੋਗ ਪੈ ਗਿਆ, ਬਾਲ ਸੁਣ ਕੇ ਗੰਗਾ ਦੇ ਘਰ ਹੋਇਆ।

2. ਗਏ ਬਿਰਥੇ ਸਰਾਪ ਤੇਰੇ ਪਤੀ ਜੀ।
ਪੂਰੇ ਉਤਰੇ ਨਾ ਵਾਕ ਤੇਰੇ ਪਤੀ ਜੀ।
ਮਾੜੀ ਆਪਣੀ ਬਰਾਤ ਮੇਰੇ ਪਤੀ ਜੀ।
ਪ੍ਰਿਥੀ ਚੰਦ ਤਾਈਂ ਕਹਿੰਦੀ, ਉਹਨੂੰ ਟੁੱਟ-ਟੁੱਟ ਪੈਂਦੀ।
ਢੋਹ ਮਾੜਾ ਤਕਦੀਰ ਸਾਡਾ ਢੋਹਿਆ।
ਕਰਮੋ ਨੂੰ..........

3. ਹੁਣ ਦੌਲਤ ਅਸਾਂ ਦੇ ਘਰ ਆਉਣੀ ਨਹੀਂ।
ਗੁਰਗੱਦੀ ਮੇਰੇ ਪੁੱਤ ਨੂੰ ਥਿਆਉਣੀ ਨਹੀਂ।
ਸਾਨੂੰ ਭੇਟਾ ਸਿੱਖ ਸੰਗਤਾਂ ਚੜ੍ਹਾਉਣੀ ਨਹੀਂ।
ਲੰਘੀ ਸੁੱਖ ਦੀ ਤਰੀਕ, ਸਾਡੇ ਵੱਸ ਪਏ ਸ਼ਰੀਕ।
ਹੱਕ ਆਣ ਕੇ ਦਰਾਣੀ ਮੇਰਾ ਖੋਹਿਆ।
ਕਰਮੋ ਨੂੰ..........

4. ਅੱਗੋਂ ਪ੍ਰਿਥੀ ਚੰਦ ਆਖਦਾ ਹੈ ਬੋਲ ਕੇ।
ਤੈਨੂੰ ਦੱਸਦਾ ਹਾਂ ਅਸਲ ਗੱਲ ਖੋਲ੍ਹ ਕੇ।
ਕੋਈ ਇਹੋ ਜਿਹਾ ਬਹਾਨਾ ਲੱਭਾਂ ਟੋਲ ਕੇ।



ਹਰਿਗੋਬਿੰਦ ਤਾਈਂ ਮਾਰ, ਦੇਊਂ ਕਲੇਜਾ ਤੇਰਾ ਠਾਰ।
ਉੱਨਾ ਚਿਰ ਮੈਥੋਂ ਨਹੀਂ ਜਾਣਾ ਖਲੋਇਆ।
ਕਰਮੋ ਨੂੰ ਸੋਗ ਪੈ ਗਿਆ, ਬਾਲ ਸੁਣ ਕੇ ਗੰਗਾ ਦੇ ਘਰ ਹੋਇਆ।

❑

## ਵਲੀ ਕੰਧਾਰੀ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ 'ਤੇ ਝੁਕ ਕੇ ਬੰਦਨਾ ਇਉਂ ਕਰਨ ਲੱਗਾ :-

### ਬੰਦਨਾ

ਨੀਵਾਂ ਹੋ ਕੇ ਡਿੱਗਾ ਚਰਨੀਂ ਪੱਲਾ ਗਲ ਪਾ ਕੇ ਅਰਜ਼ ਗੁਜ਼ਾਰੇ।
ਚਰਨਾਂ ਨਾਲ ਲਾਉ ਭੁੱਲੇ ਨੂੰ, ਐ ਦੁਨੀਆਂ ਦੇ ਤਾਰਨਹਾਰੇ।

1.

ਪੱਥਰ ਜਾਂ ਉਤੋਂ ਡਿੱਗਿਆ, ਪੰਜਾ ਲਾ ਕੇ ਗੁਰਾਂ ਨੇ ਠੱਲ੍ਹਿਆ।
ਪੰਜੇ ਦਾ ਨਿਸ਼ਾਨ ਲੱਗਿਆ, ਇਹ ਤੱਕ ਕੇ ਵਲੀ ਦਾ ਦਿਲ ਹੱਲਿਆ।
ਪਲਾਂ ਵਿਚ ਠੰਡੇ ਹੋ ਗਏ, ਦਿਲ ਵਲੀ ਦੇ ਜੋ ਤਪੇ ਅੰਗਾਰੇ।
ਚਰਨਾਂ ਨਾਲ ਲਾਉ ਭੁੱਲੇ ਨੂੰ, ਐ ਦੁਨੀਆਂ ਦੇ ਤਾਰਨਹਾਰੇ।

2.

ਤੂੰ ਹੈਂ ਜਾਣੀ-ਜਾਣ ਪਾਤਸ਼ਾਹ, ਅਸੀਂ ਹਾਲੇ ਅਨਜਾਣੇ ਈ।
ਬਿਰਧਾਂ ਦੀ ਪੈਜ ਰੱਖ ਲਉ, ਆਏ ਦਰ 'ਤੇ ਨਿਮਾਣੇ ਈ।
ਭਾਗੋ ਦੀਆਂ ਅੱਖਾਂ ਸਾਹਮਣੇ, ਕੱਢੇ ਕੋਦਰੇ 'ਚੋਂ ਦੁੱਧ ਦੇ ਫੁਹਾਰੇ।
ਚਰਨਾਂ ਨਾ ਲਾਉ ਭੁੱਲੇ ਨੂੰ, ਐ ਦੁਨੀਆਂ ਦੇ ਤਾਰਨਹਾਰੇ।

3.

ਸੁਬ੍ਹਾ ਦਾ ਮੈਂ ਭੁੱਲਿਆ ਸੀ, ਪਰ ਸ਼ਾਮ ਨੂੰ ਘਰੇ ਮੁੜ ਆਇਆ।
ਮਨ 'ਚ ਹੰਕਾਰ ਹੋ ਗਿਆ, ਮੈਂ ਤਾਂ ਰੱਬ ਨੂੰ ਵੀ ਦਿਲੋਂ ਸੀ ਭੁਲਾਇਆ।
ਈਰਖਾ ਦੀ ਅੱਗ ਸੜ ਕੇ, ਉੱਚੇ ਨੀਵੇਂ ਤੁਹਾਨੂੰ ਬੋਲ ਉਚਾਰੇ।
ਚਰਨਾਂ ਨਾ ਲਾਉ ਭੁੱਲੇ ਨੂੰ, ਐ ਦੁਨੀਆਂ ਦੇ ਤਾਰਨਹਾਰੇ।

# ਪ੍ਰਸੰਗ

# ਸ੍ਰੀ ਗੁਰੂ ਅਮਰਦਾਸ ਜੀ ਦਾ ਜੋੜਾ

**ਸਕੇਤ ਮੰਡੀ ਦੇ ਰਾਜੇ ਦੇ ਕੈਦ ਕੀਤੇ ਹੋਏ ਸਿੱਖ ਇਉਂ ਅਰਦਾਸ ਕਰਦੇ ਹਨ :—**

## ਤਰਜ਼

1.

ਕੈਦ ਵਿਚ ਬੈਠੇ ਸਿੱਖ ਗੁਰਾਂ ਨੂੰ ਧਿਆਂਵਦੇ।
ਜੋੜ ਜੋੜ ਹੱਥ ਸੀਸ ਚਰਨੀਂ ਨਿਵਾਂਵਦੇ।
ਯਾਦ ਕਰਦੇ ਪੱਲਾ ਗਲ ਵਿਚ ਪਾ ਕੇ,
ਦਾਤਾ ਸਾਡੀ ਲਾਜ ਰੱਖ ਲੈ, ਅਸੀਂ ਫਸ ਗਏ ਮੰਡੀ ਦੇ ਵਿਚ ਆ ਕੇ।

2.

ਜਿਸ ਦਿਨ ਦਾਤਾ ਅਸੀਂ ਮੰਡੀ ਵਿਚ ਆਏ ਸੀ।
ਉਸ ਦਿਨ ਰਾਜੇ ਕਿਤੇ ਵਰਤ ਰਖਾਏ ਸੀ।
ਅੱਗ ਨਹੀਂ ਸੀ ਕੋਈ ਬਾਲਦਾ, ਅਸੀਂ ਖਾਧੀਆਂ ਸੀ ਰੋਟੀਆਂ ਪਕਾ ਕੇ।
ਦਾਤਾ ਸਾਡੀ ਲਾਜ ਰੱਖ ਲੈ, ਅਸੀਂ ਫਸ ਗਏ ਮੰਡੀ ਦੇ ਵਿਚ ਆ ਕੇ।

3.

ਉਸੇ ਵੇਲੇ ਜਾ ਕੇ ਕਿਸੇ ਦੱਸ ਤਾ ਨਰੇਸ਼ ਨੂੰ।
ਮੰਨਿਆ ਨਾ ਉਹਨੇ ਸਾਡੇ ਕਿਸੇ ਉਪਦੇਸ਼ ਨੂੰ।
ਅਸੀਂ ਸਮਝਾ ਕੇ ਥੱਕ ਗਏ, ਸਾਨੂੰ ਘੂਰਦਾ ਮੱਥੇ 'ਤੇ ਵੱਟ ਪਾ ਕੇ।
ਦਾਤਾ ਸਾਡੀ ਲਾਜ ਰੱਖ ਲੈ, ਅਸੀਂ ਫਸ ਗਏ ਮੰਡੀ ਦੇ ਵਿਚ ਆ ਕੇ।

4.

ਸਾਨੂੰ ਆਖੇ ਰਾਜਾ ਮੈਂ ਤਾਂ ਵਰਤ ਰਖਾਇਆ ਹੈ।
ਤੁਸੀਂ ਜਾਣ ਬੁਝ ਕਾਹਨੂੰ ਲੰਗਰ ਪਕਾਇਆ ਹੈ।



ਸਾਨੂੰ ਕੀਤਾ ਕੈਦ ਉਸ ਨੇ, ਹੱਥਾਂ ਪੈਰਾਂ ਨੂੰ ਬੇੜੀਆਂ ਪਾ ਕੇ।
ਦਾਤਾ ਸਾਡੀ ਲਾਜ ਰੱਖ ਲੈ, ਅਸੀਂ ਫਸ ਗਏ ਮੰਡੀ ਦੇ ਵਿਚ ਆ ਕੇ।

5.

ਨਿਓਟਿਆਂ ਦੀ ਓਟ ਤੇ ਨਿਮਾਣਿਆਂ ਦਾ ਮਾਣ ਤੂੰ।
ਨਿਧਰਿਆਂ ਦੀ ਧਿਰ ਤੇ ਨਿਤਾਣਿਆਂ ਦਾ ਹੈਂ ਤਾਣ ਤੂੰ।
ਤੂੰ ਹੈਂ ਬੰਦੀਛੋੜ ਪਾਦਸ਼ਾਹ, ਦੂਜੇ ਗੁਰੂ ਜੀ ਨੂੰ ਕਿਹਾ ਵਡਿਆ ਕੇ।
ਦਾਤਾ ਸਾਡੀ ਲਾਜ ਰੱਖ ਲੈ, ਅਸੀਂ ਫਸ ਗਏ ਮੰਡੀ ਦੇ ਵਿਚ ਆ ਕੇ।

6.

ਜਿੰਨਾ ਚਿਰ ਮੇਹਰ ਦੀ ਨਜ਼ਰ ਹੋਈ ਤੁਹਾਡੀ ਨਾ।
ਉਹਨਾਂ ਚਿਰ ਹੋਵਣੀ ਖਲਾਸੀ ਏਥੋਂ ਸਾਡੀ ਨਾ।
ਛੰਦ 'ਜਰਨੈਲ' ਲਿਖਦਾ ਸਾਥੀ, ਕਹਿਣਗੇ ਸਭਾ ਦੇ ਵਿਚ ਗਾ ਕੇ।
ਦਾਤਾ ਸਾਡੀ ਲਾਜ ਰੱਖ ਲੈ, ਅਸੀਂ ਫਸ ਗਏ ਮੰਡੀ ਦੇ ਵਿਚ ਆ ਕੇ।

ਕੈਦ ਕੀਤੇ ਹੋਏ ਪੰਜ ਸਾਥੀਆਂ ਸਮੇਤ ਬਾਬਾ ਸਾਵਣ ਮੱਲ ਜੀ ਅਤੇ ਨਾਲ ਦੇ ਸਿੱਖ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਕੇ ਕਹਿੰਦੇ ਹਨ, ਮਹਾਰਾਜ ! ਇਹ ਬੜਾ ਹੰਕਾਰੀ ਰਾਜਾ ਹੈ। ਇਹਦੇ ਕਾਨੂੰਨ ਦੀ ਅਸਾਂ ਉਲੰਘਣਾ ਕਰ ਦਿੱਤੀ ਹੈ। ਇਹ ਸਾਨੂੰ ਜਾਨੋਂ ਮਾਰ ਦੇਵੇਗਾ। ਜੇ ਇੰਨੇ ਸਾਡੀ ਜਾਨ ਬਖ਼ਸ਼ ਦਿੱਤੀ ਤਾਂ ਇਹ ਸਾਡੇ ਹੱਥ ਪੈਰ ਕੱਟਵਾ ਦੇਵੇਗਾ ਜਾਂ ਸਾਡੀਆਂ ਜ਼ਬਾਨਾਂ ਕੱਟਵਾ ਦੇਵੇਗਾ। ਸਾਡੇ 'ਤੇ ਕਿਰਪਾ ਕਰੋ ਤੇ ਸਾਡੀ ਲਾਜ ਰੱਖੋ।

ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਰਾਜੇ ਨੇ ਸੱਤ ਸ਼ਾਦੀਆਂ ਕਰਵਾਈਆਂ ਹੋਈਆਂ ਸਨ। ਸੱਤਾਂ ਰਾਣੀਆਂ ਵਿੱਚੋਂ ਕੇਵਲ ਇਕ ਰਾਣੀ ਨੂੰ ਹੀ ਪੁੱਤਰ ਹੋਇਆ ਸੀ। ਬਿਲਕੁਲ ਮਾਸੂਮ ਜਿਹਾ ਛੋਟਾ ਜਿਹਾ ਬੱਚਾ ਸੀ। ਉਹਦਾ ਨਾਮ ਉਦੇ ਸੈਨ ਇਤਿਹਾਸਕਾਰਾਂ ਨੇ ਮੰਨਿਆ ਹੈ। ਗੁਰੂ ਅਮਰਦਾਸ ਮਹਾਰਾਜ ਨੇ ਸਿੱਖੀ ਦਾ ਕ੍ਰਿਸ਼ਮਾ ਵਿਖਾਇਆ। ਏਧਰ ਹੱਥ ਵਿਚ ਰੁਮਾਲ ਲੈ ਕੇ ਬਾਬਾ ਸਾਵਣ ਮੱਲ ਜੀ ਅਰਦਾਸ ਕਰ ਰਹੇ ਹਨ ਅਤੇ ਉਧਰ ਰਾਜੇ ਹਰੀ ਸੈਨ ਦਾ ਇੱਕੋ ਇਕ ਪੁੱਤਰ ਬੀਮਾਰ ਪੈ ਗਿਆ। ਪਹਿਲਾਂ ਰਾਜੇ ਨੇ ਵੈਦ, ਹਕੀਮ, ਡਾਕਟਰ ਬੁਲਾ ਕੇ ਬੜਾ ਚਾਰਾ ਲਾਇਆ, ਪਰ ਤਕਲੀਫ਼ ਵਧਦੀ ਗਈ। ਫਿਰ ਵਾਰੀ ਆਈ ਟੂਣੇ ਟੱਪੇ ਵਾਲਿਆਂ ਦੀ। ਬੜੇ ਸੱਦੇ ਗਏ ਬਾਬੇ, ਪਰ ਇਹ ਕਾਰਜ ਕਿਸੇ ਤੋਂ ਸਿੱਧ ਨਾ ਆਇਆ।

ਆਖ਼ਰ ਬੱਚਾ ਤੜਫਦਾ-ਤੜਫਦਾ ਆਖ਼ਰੀ ਮੰਜ਼ਿਲ ਉੱਤੇ ਪਹੁੰਚ ਗਿਆ। ਉਹਦੀਆਂ ਨਬਜ਼ਾਂ ਵੀ ਰੁਕ ਗਈਆਂ। ਉਹਨੂੰ ਮਰਿਆ ਸਮਝ ਕੇ ਸਾਰੇ ਸ਼ਹਿਰ ਵਿਚ ਹਾਲ ਦੁਹਾਈ ਪੈ ਗਈ। ਜਦੋਂ ਸੱਤਾਂ ਰਾਣੀਆਂ ਦਾ ਤੇ ਰਾਜੇ ਦਾ ਕੇਵਲ ਇੱਕੋ-ਇਕ ਪੁੱਤ ਮਰ ਗਿਆ ਤਾਂ ਉਹਨੂੰ

ਰਾਜ ਮਹਿਲਾਂ ਦੀਆਂ ਨੀਹਾਂ ਹਿੱਲਦੀਆਂ ਨਜ਼ਰ ਆਈਆਂ। ਕੰਧਾਂ ਨਾਲ ਟੱਕਰਾਂ ਮਾਰ-ਮਾਰ ਰਾਜਾ ਹਰੀ ਸੈਨ ਪੁੱਤ ਦੇ ਵਿਯੋਗ ਵਿਚ ਰੋ ਰਿਹਾ ਹੈ।

## ਤਰਜ਼

1. ਅੱਧੀ ਰਾਤੀਂ ਰਾਜੇ ਦਾ ਸੀ ਪੁੱਤ ਜਦੋਂ ਮੋਅ ਗਿਆ।
ਉਹਦੇ ਭਾਹ ਦਾ ਜੱਗ 'ਤੇ ਹਨੇਰ ਸਾਰੇ ਹੋ ਗਿਆ।
ਉਹਨੂੰ ਗਿਆ ਸੀ ਪਤਾ ਨਹੀਂ ਕੀ ਹੋ ਗਿਆ?
ਕੰਧਾਂ ਨਾਲ ਮਾਰੇ ਟੱਕਰਾਂ, ਰਾਜਾ ਰਿਹਾ ਸੀ ਹਰੀ ਸੈਨ ਰੋ।

2. ਹੱਥਾਂ ਪੈਰਾਂ ਦੀਆਂ ਉੱਥੇ ਪੱਲਾਂ ਵਿਚ ਪੈ ਗਈਆਂ।
ਫੜੀਆਂ ਸੀ ਨਬਜ਼ਾਂ ਹਕੀਮਾਂ ਹੱਥੀਂ ਰਹਿ ਗਈਆਂ।
ਵੇਖ ਰਹੇ ਸੀ ਵਿਚਾਰੇ ਟੋਹ-ਟੋਹ।
ਕੰਧਾਂ ਨਾਲ ਮਾਰੇ ਟੱਕਰਾਂ, ਰਾਜਾ ਰਿਹਾ ਸੀ ਰੋ।

3. ਹੋਇਆ ਨਾ ਬੀਮਾਰ ਇਹਨੇ ਨਾ ਦੁੱਖ ਕੋਈ ਦੱਸਿਆ।
ਗੁੰਮ ਜਿਹਾ ਹੋ ਗਿਆ ਜਿਉਂ ਭੂਤਾਂ ਆਣ ਨੱਪਿਆ।
ਕੋਈ ਸਕੀ ਨਾ ਦਵਾਈ ਉਹਨੂੰ ਪੋਹ।
ਕੰਧਾਂ ਨਾਲ ਮਾਰੇ ਟੱਕਰਾਂ, ਰਾਜਾ ਰਿਹਾ ਸੀ ਰੋ।

4. ਚੰਗਾ ਕੰਮ ਕੀਤਾ ਮੈਂ ਤਾਂ ਵਰਤ ਰਖਾਇਆ ਸੀ।
ਸਿੱਖਾਂ ਨੇ ਵਿਚ ਜ਼ਰੂਰੀ ਵਿਘਨ ਵੀ ਪਾਇਆ ਸੀ।
ਜਾਪੇ ਗਈ ਹੈ ਕਰੋਪ ਦੇਵੀ ਹੋ।
ਕੰਧਾਂ ਨਾਲ ਮਾਰੇ ਟੱਕਰਾਂ, ਰਾਜਾ ਰਿਹਾ ਸੀ ਹਰੀ ਸੈਨ ਰੋ।

5. ਤੋੜ ਗਿਆ ਲੱਕ ਮੇਰਾ ਜਾਨ ਤੋਂ ਪਿਆਰਿਆ।
ਪਾ ਗਿਉਂ ਹਨੇਰ ਮੇਰੀ ਅੱਖੀਆਂ ਦੇ ਤਾਰਿਆ।
ਬੂਹੇ ਆਸਾਂ ਵਾਲੇ ਗਿਉਂ ਸਾਡੇ ਢੋਹ।
ਕੰਧਾਂ ਨਾਲ ਮਾਰੇ ਟੱਕਰਾਂ, ਰਾਜਾ ਰਿਹਾ ਸੀ ਹਰੀ ਸੈਨ ਰੋ।



6. ਤੂੰ ਹੀ ਜਿੰਦ ਅਤੇ ਤੂੰ ਹੀ ਮੇਰੀ ਜਾਨ ਉਏ।
ਕਰ ਗਿਉਂ ਸੁੰਞਾ ਮੇਰਾ ਵੱਸਦਾ ਜਹਾਨ ਉਏ।
ਕਿਸ ਕੰਮ ਬਿਨਾਂ ਪੁੱਤ ਤੋਂ ਪਿਉ?
ਕੰਧਾਂ ਨਾਲ ਮਾਰੇ ਟੱਕਰਾਂ, ਰਾਜਾ ਰਿਹਾ ਸੀ ਹਰੀ ਸੈਨ ਰੋ।

7. ਕਿਸ ਕੰਮ ਮੇਰੇ ਰਾਜ ਭਾਗ ਤੇ ਸਰਦਾਰੀਆਂ।
ਤੇਰੇ ਬਿਨ ਸੁੰਞੇ ਸਾਰੇ ਮੰਦਰ ਅਟਾਰੀਆਂ।
ਤੇਰਾ ਦੁੱਖ ਸੱਟੂ ਜ਼ਿੰਦਗੀ ਨੂੰ ਕੋਹ।
ਕੰਧਾਂ ਨਾਲ ਮਾਰੇ ਟੱਕਰਾਂ, ਰਾਜਾ ਰਿਹਾ ਸੀ ਹਰੀ ਸੈਨ ਰੋ।

8. ਬਸ 'ਜਰਨੈਲ ਸਿੰਘਾ' ਕਲਮ ਤੂੰ ਰੱਖ ਦੇ।
ਹਾਲ ਏਦੋਂ ਅੱਗੇ ਦਾ ਸੰਗਤ ਤਾਈਂ ਦੱਸ ਦੇ।
ਰਾਗ ਬੈਠਾ ਕਿਉਂ ਵੈਰਾਗ ਵਾਲਾ ਛੋਹ।
ਕੰਧਾਂ ਨਾਲ ਮਾਰੇ ਟੱਕਰਾਂ, ਰਾਜਾ ਰਿਹਾ ਸੀ ਹਰੀ ਸੈਨ ਰੋ।

ਪੁੱਤ ਦੇ ਵੈਰਾਗ ਵਿਚ ਰਾਜਾ ਰੋ ਰਿਹਾ ਸੀ। ਉਹਦੇ ਦਿਲ ਵਿਚ ਆਈ ਕਿ ਜਿਹੜੇ ਪੰਜਾਬ ਤੋਂ ਆਏ ਮਹਾਂਪੁਰਸ਼ ਕੈਦ ਕੀਤੇ ਹਨ, ਕਿਤੇ ਉਹਨਾਂ ਕਰਨੀ ਵਾਲੇ ਮਹਾਂਪੁਰਸ਼ਾਂ ਦੀ ਕਰੋਪੀ ਨਾ ਹੋ ਗਈ ਹੋਵੇ। ਪੰਜਾਂ ਸਿੱਖਾਂ ਨੂੰ ਕੈਦ ਵਿੱਚੋਂ ਕੱਢਿਆ ਤੇ ਬੇਨਤੀ ਕੀਤੀ, ਗੁਰਸਿੱਖੋ! ਮੈਥੋਂ ਗੁਨਾਹ ਹੋ ਗਿਆ ਹੈ, ਮੈਨੂੰ ਬਖ਼ਸ਼ ਦਿਉ। ਮੇਰਾ ਅੱਖੀਆਂ ਦਾ ਤਾਰਾ ਬਚਾਅ ਦਿਉ। ਬਾਬਾ ਸਾਵਣ ਮੱਲ ਨੇ ਉਸ ਬਾਲਕ ਨੂੰ ਗੋਦੀ ਵਿਚ ਲਿਟਾ ਕੇ, ਗੁਰੂ ਮਹਾਰਾਜ ਦਾ ਦਿੱਤਾ ਹੋਇਆ ਰੁਮਾਲ ਪਾਣੀ ਵਿਚ ਭਿਉਂ ਕੇ ਉਸ ਬੱਚੇ ਦੇ ਮੂੰਹ ਵਿਚ ਨਿਚੋੜ ਕੇ, ਉਸ ਨੂੰ ਆਖਿਆ, ਉੱਠ ਬੇਟਾ! ਸਤਿਨਾਮ ਵਾਹਿਗੁਰੂ ਬੋਲ।

## ਤਰਜ਼

1. ਰਾਜੇ ਤੋਂ ਮੰਗਵਾ ਕੇ ਪਹਿਲਾਂ ਹੱਥੀਂ ਸੁੱਚਾ ਜਲ ਜੀ।
ਕਰ ਕੇ ਯਾਦ ਗੁਰਾਂ ਨੂੰ ਕਹਿੰਦਾ ਸਾਉਣ ਮੱਲ ਜੀ।
ਹੱਸ ਕੇ ਕਹਿੰਦਾ, ਨਾ ਤੂੰ ਰਾਜਾ ਜੀ ਡੋਲ।
ਉੱਠ ਕੇ ਬੇਟਾ ਤੂੰ ਮੁੱਖੋਂ ਵਾਹਿਗੁਰੂ ਬੋਲ।

2. ਗੰਢ ਦਿੰਦਾ ਟੁੱਟੀ ਮੇਰੀ ਦੀਨ ਤੇ ਦਿਆਲ ਜੀ।
ਪਾਣੀ ਵਿਚ ਫੇਰ ਪਹਿਲਾਂ ਗੁਰਾਂ ਦਾ ਰੁਮਾਲ ਜੀ।

ਸ਼ਕਤੀ ਦਿੱਤੀ ਅਗੰਮੀ ਉਸ ਦੇ ਵਿਚ ਘੋਲ।
ਉੱਠ ਕੇ ਬੇਟਾ ਤੂੰ ਮੁੱਖੋਂ ਵਾਹਿਗੁਰੂ ਬੋਲ।

3. ਰੋਂਦਾ ਪਿਤਾ ਤੇਰਾ ਨਾਲੇ ਰੋਂਦੀਆਂ ਨੇ ਰਾਣੀਆਂ।
ਤੜਫਦੇ ਏਦਾਂ ਜਿਵੇਂ ਮੱਛਲੀ ਬਿਨ ਪਾਣੀਆਂ।
ਤੱਕ ਕੇ ਕੰਬਦੇ ਉਹ ਜ਼ਿੰਦਗੀ ਮੌਤ ਵਾਲਾ ਘੋਲ।
ਉੱਠ ਕੇ ਬੇਟਾ ਤੂੰ ਮੁੱਖੋਂ ਵਾਹਿਗੁਰੂ ਬੋਲ।

4. ਮਰ ਕੇ ਜਿਊਣਾ ਔਖਾ ਆਖਿਆ ਸਿਆਣਿਆਂ।
ਮਾਲਿਕ ਦੀ ਸ਼ਕਤੀ ਨੂੰ ਕੁੱਲ ਦੁਨੀਆਂ ਨੇ ਜਾਣਿਆਂ।
ਬੱਧੀ ਉਸਦੀ ਮੈਂ ਸੁਣਿਆ ਸਕਦੇ ਭਗਤ ਜਨ ਖੋਲ੍ਹ।
ਉੱਠ ਕੇ ਬੇਟਾ ਤੂੰ ਮੁੱਖੋਂ ਵਾਹਿਗੁਰੂ ਬੋਲ।

5. ਸੁਣਿਆ ਮੈਂ ਕੱਲਾ-ਕੱਲਾ ਮਾਂ ਦਾ ਸਹਾਰਾ ਤੂੰ।
ਕਰ ਗਿਉਂ ਕਿਹੜੀ ਗੱਲੋਂ ਅੱਜ ਜੱਗ ਤੋਂ ਕਿਨਾਰਾ ਤੂੰ।
ਤੱਕ ਕੇ ਮਰਿਆ ਉਹ ਤੈਨੂੰ ਨੀਰ ਰਹੇ ਨੇ ਡੋਲ।
ਉੱਠ ਕੇ ਬੇਟਾ ਤੂੰ ਮੁੱਖੋਂ ਵਾਹਿਗੁਰੂ ਬੋਲ।

6. ਵਾਹਿਗੁਰੂ ਜਪ ਬੇਟਾ ਜਨਮ ਸਵਾਰ ਲੈ।
ਤਰ ਜਾ ਤੂੰ ਆਪ ਜਹਾਨੋਂ ਕੁੱਲਾਂ ਵੀ ਤਾਰ ਲੈ।
ਲੱਭਣਾ ਮੁੜ ਨਹੀਂ ਇਹ ਹੀਰਾ ਜਨਮ ਅਨਮੋਲ।
ਉੱਠ ਕੇ ਬੇਟਾ ਤੂੰ ਮੁੱਖੋਂ ਵਾਹਿਗੁਰੂ ਬੋਲ।

7. ਬੋਲ ਪਿਆ ਬੱਚਾ ਅੰਮ੍ਰਿਤ ਗਿਆ ਜਾਂ ਅੰਦਰ ਸੀ।
ਰਾਜੇ ਦੇ ਖ਼ੁਸ਼ੀਆਂ ਅੰਦਰ ਝੂਮ ਪਏ ਮੰਦਰ ਸੀ।
ਹੱਸ ਪਏ ਸਾਰੇ ਪਹਿਲਾਂ ਰੋਂਦੇ ਜੋ ਕੋਲ।
ਉੱਠ ਕੇ ਬੇਟਾ ਤੂੰ ਮੁੱਖੋਂ ਵਾਹਿਗੁਰੂ ਬੋਲ।

ਜਦੋਂ ਬਾਬਾ ਸਾਵਣ ਮੱਲ ਨੇ ਗੁਰੂ ਜੀ ਦੇ ਰੁਮਾਲ ਦੀ ਵਰਤੋਂ ਕੀਤੀ ਤਾਂ ਉਹ ਮਰਿਆ ਹੋਇਆ ਬੱਚਾ ਜ਼ਿੰਦਾ ਹੋ ਗਿਆ। ਰਾਜਾ ਹਰੀ ਸੈਨ ਅਤੇ ਰਾਣੀਆਂ ਗੁਰਸਿੱਖ ਦੇ ਚਰਨਾਂ ਉੱਤੇ ਢਹਿ ਪਏ। ਬਾਬਾ ਸਾਵਣ ਮੱਲ ਸਮਝਾਉਣ ਲੱਗਾ, ਰਾਜਾ ਜੀ ! ਹਰ ਧਰਮ ਆਪੋ ਆਪਣੀ ਥਾਂ 'ਤੇ ਹੈ, ਪਰ ਵਰਤ ਰੱਖਣਾ ਇਹ ਇਕ ਬਹੁਤ ਵੱਡਾ ਵਹਿਮ ਹੈ। ਸਾਡੇ ਇਤਿਹਾਸ ਵਿਚ



ਅਤੇ ਸਾਡੀ ਬਾਣੀ ਵਿਚ ਇਹ ਚੀਜ਼ਾਂ ਗੁਰੂ ਸਾਹਿਬ ਨੇ ਮਨ੍ਹਾਂ ਕੀਤੀਆਂ ਹੋਈਆਂ ਹਨ। ਬਾਬੇ ਸਾਵਣ ਮੱਲ ਤੋਂ ਗੁਰ-ਉਪਦੇਸ਼ ਸੁਣ ਕੇ ਰਾਜਾ ਏਨਾ ਪ੍ਰਭਾਵਿਤ ਹੋਇਆ ਕਿ ਉਹਨੇ ਚਰਨਾਮ੍ਰਿਤ ਲਈ ਉਸ ਸਮੇਂ ਦੇ ਰਿਵਾਜ ਅਨੁਸਾਰ, ਕਿਉਂਕਿ ਗੁਰੂ ਜੀ ਵੱਲੋਂ ਬਾਬਾ ਜੀ ਪ੍ਰਚਾਰਕ ਥਾਪੇ ਹੋਏ ਸਨ। ਗੁਰੂ ਅਮਰਦਾਸ ਮਹਾਰਾਜ ਨੇ ਆਪਣੇ ਸਮੇਂ ਵਿਚ ਵੱਡੇ 22 ਪ੍ਰਚਾਰਕ ਸਾਜੇ ਸਨ, ਜਿਨ੍ਹਾਂ ਨੂੰ ਬਾਈ ਮੰਜੀਆਂ ਕਿਹਾ ਜਾਂਦਾ ਸੀ। ਇਸ ਤੋਂ ਛੋਟੇ 52 ਸਿੱਖ ਸਾਜੇ ਸਨ, ਜਿਨ੍ਹਾਂ ਨੂੰ ਪੀੜੇ ਕਿਹਾ ਜਾਂਦਾ ਸੀ। ਇਸ ਤੋਂ ਇਲਾਵਾ ਵੀ ਮਹਾਰਾਜ ਨੇ 72 ਪ੍ਰਚਾਰਕ ਸਾਜੇ ਸਨ। ਇਸ ਲਈ ਬਾਬਾ ਜੀ 22 ਸਿੱਖਾਂ ਵਿੱਚੋਂ ਸਨ। ਰਾਜਾ ਹਰੀ ਸੈਨ ਨੇ ਆਖਿਆ, ਜਿੰਨੀ ਲੱਕੜੀ ਦੀ ਲੋੜ ਹੈ, ਉਹ ਮੇਰੇ ਰਾਜ ਦੀ ਜੂਹ ਵਿੱਚੋਂ ਵੱਢ ਲਉ। ਬਹੁਤ ਸਾਰੀਆਂ ਲੱਕੜਾਂ ਰਾਜੇ ਹਰੀ ਸੈਨ ਨੇ ਬਹੁਤ ਵੱਡਿਆਂ ਬੇੜਿਆਂ ਉੱਤੇ ਲੱਦ ਕੇ ਸ੍ਰੀ ਗੋਇੰਦਵਾਲ ਨੂੰ ਭੇਜ ਦਿੱਤੀਆਂ।

ਜਦੋਂ ਸਿੱਖ ਤਿਆਰੀ ਕਰਨ ਲੱਗੇ ਤਾਂ ਰਾਜੇ ਨੇ ਬਾਬਾ ਜੀ ਦਾ ਪੱਲਾ ਫੜ ਕੇ ਆਖਿਆ—ਗੁਰਸਿੱਖਾ ! ਕੁਝ ਮਹੀਨਿਆਂ ਲਈ ਮੇਰੇ ਇਲਾਕੇ ਵਿਚ, ਮੇਰੇ ਰਾਜ ਵਿਚ, ਮੇਰੇ ਸ਼ਹਿਰ ਵਿਚ ਸਿੱਖੀ ਦਾ ਪ੍ਰਚਾਰ ਕਰ। ਰਾਜੇ ਦੀ ਬੇਨਤੀ ਮੰਨ ਕੇ, ਬਾਬਾ ਸਾਵਣ ਮੱਲ ਜੀ ਸਿੱਖੀ ਦਾ ਪ੍ਰਚਾਰ ਕਰਨ ਲਈ ਉਥੇ ਰਹਿ ਪਏ ਅਤੇ ਬਾਕੀ ਦੇ ਸਿੱਖ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਜਦੋਂ ਬਾਬਾ ਸਾਵਣ ਮੱਲ ਜੀ ਨੂੰ ਮੱਥੇ ਟਿਕਣ ਲੱਗ ਪਏ ਅਤੇ ਚੜ੍ਹਾਵੇ ਚੜ੍ਹਨ ਲੱਗ ਪਏ ਤਾਂ ਬਾਬਾ ਸਾਵਣ ਮੱਲ ਵੀ ਸ੍ਰੀ ਗੁਰੂ ਅਮਰਦਾਸ ਮਹਾਰਾਜ ਨੂੰ ਭੁੱਲ ਬੈਠਾ। ਅਖੀਰੀ ਜਿਹੜੀ ਮਹਾਰਾਜ ਨੇ ਤਾਕਤ ਬਖ਼ਸ਼ੀ ਸੀ, ਉਹ ਵਾਪਸ ਲੈ ਲਈ ਤਾਂ ਬਾਬਾ ਸਾਵਣ ਮੱਲ ਦੀਆਂ ਅੱਖਾਂ ਖੁੱਲ੍ਹ ਗਈਆਂ।

ਜਦੋਂ ਮਹਾਰਾਜ ਦੇ ਚਰਨਾਂ ਵਿਚ ਆਉਣ ਲਈ ਬਾਬਾ ਸਾਵਣ ਮੱਲ ਨੇ ਤਿਆਰੀ ਕੀਤੀ ਤਾਂ ਰਾਜਾ ਹਰੀ ਸੈਨ ਨੇ ਆਖਿਆ—ਗੁਰਸਿੱਖਾ ! ਮੇਰਾ ਵੀ ਜੀਅ ਕਰਦਾ ਹੈ ਕਿ ਮੈਂ ਸ੍ਰੀ ਗੋਇੰਦਵਾਲ ਸਾਹਿਬ ਦੀ ਸੇਵਾ ਕਰਕੇ ਆਵਾਂ ਅਤੇ ਗੁਰੂ ਮਹਾਰਾਜ ਦੇ ਦਰਸ਼ਨ ਕਰਾਂ। ਬਾਬਾ ਸਾਵਣ ਮੱਲ ਜੀ ਦੇ ਨਾਲ ਰਾਜਾ ਹਰੀ ਸੈਨ ਆਪਣੀਆਂ ਰਾਣੀਆਂ ਨੂੰ ਨਾਲ ਲੈ ਕੇ, ਆਪਣੇ ਨੌਕਰਾਂ ਨੂੰ ਨਾਲ ਲੈ ਕੇ, ਕੁਝ ਸੈਨਾ ਵੀ ਨਾਲ ਲੈ ਕੇ ਅਤੇ ਬਹੁਤ ਜ਼ਿਆਦਾ ਧਨ ਦੌਲਤ ਲੈ ਕੇ ਗੁਰੂ ਮਹਾਰਾਜ ਦੇ ਦਰਸ਼ਨਾਂ ਨੂੰ ਆਣ ਪਹੁੰਚਿਆ ਹੈ। ਗੁਰਸਿੱਖ ਨੇ ਰਾਜੇ ਨੂੰ ਗੁਰੂ-ਘਰ ਦੀ ਸਾਰੀ ਮਰਿਆਦਾ ਸਮਝਾ ਦਿੱਤੀ। ਰਾਜੇ ਨੇ ਪਹਿਲਾਂ ਗੁਰੂ ਕੇ ਲੰਗਰ ਵਿੱਚੋਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਅਤੇ ਬਾਉਲੀ ਸਾਹਿਬ ਦੇ ਦਰਸ਼ਨ ਕੀਤੇ। ਬਾਅਦ ਵਿਚ ਲੱਗੇ ਹਨ ਗੁਰੂ ਕੇ ਦਰਸ਼ਨਾਂ ਦੀ ਤਿਆਰੀ ਕਰਨ। ਗੁਰਸਿੱਖਾਂ ਨੇ ਸਮਝਾ ਦਿੱਤਾ ਸੀ ਕਿ ਰਾਜਾ ਜੀ ! ਗੁਰੂ ਸਾਹਿਬ ਨੇ ਘੁੰਡ ਉੱਤੇ ਪਾਬੰਦੀ ਲਾਈ ਹੈ, ਇਸ ਲਈ ਆਪਣੀਆਂ ਰਾਣੀਆਂ ਨੂੰ ਪਰਦੇ ਵਿਚ ਨਾ ਲੈ ਕੇ ਜਾਵੀਂ ਅਤੇ ਗਹਿਣੇ ਪਾਉਣੇ ਸਿੱਖੀ ਦੀ ਮਰਿਆਦਾ ਦੇ ਉਲਟ ਹਨ। ਰਾਜੇ ਹਰੀ ਸੈਨ ਨੇ ਆਪਣੀਆਂ ਰਾਣੀਆਂ ਨੂੰ ਸਮਝਾ ਦਿੱਤਾ ਕਿ ਜ਼ਿਆਦਾ ਹਾਰ ਸ਼ਿੰਗਾਰ ਨਹੀਂ ਕਰਨਾ। ਨੰਗੇ ਮੂੰਹ ਗੁਰੂ ਮਹਾਰਾਜ ਦੇ ਦਰਸ਼ਨਾਂ ਨੂੰ ਜਾਣਾ ਹੈ।

ਜਦੋਂ ਸੱਤਾਂ ਰਾਣੀਆਂ ਨੇ ਤਿਆਰੀ ਕੀਤੀ ਤਾਂ ਜਿਹੜੀ ਸਭ ਤੋਂ ਛੋਟੀ ਰਾਣੀ ਸੀ, ਉਸ ਨੇ ਹਾਰ ਸ਼ਿੰਗਾਰ ਵੀ ਕਰ ਲਿਆ, ਕਿਉਂਕਿ ਉਹ ਕਹਿ ਉੱਠੀ—ਇਹ ਗਹਿਣੇ ਮੇਰੇ ਮਾਪਿਆਂ ਨੇ ਮੈਨੂੰ ਪਾਉਣ ਵਾਸਤੇ ਦਿੱਤੇ ਹਨ, ਨਾ ਕਿ ਰੱਖਣ ਲਈ। ਜਦੋਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਦਰਬਾਰ ਵਿਚ ਗਈ ਤਾਂ ਲੋਕ ਲਾਜ ਤੋਂ ਡਰਦੀ ਨੇ ਘੁੰਡ ਵੀ ਕੱਢ ਲਿਆ।

## ਮਾਹੀਆ

1. ਰਾਜਾ ਦਰਸ਼ਨ ਨੂੰ ਆਇਆ ਏ।
ਸਾਰਾ ਪਰਿਵਾਰ ਆਪਣਾ ਸਣੇ ਰਾਣੀਆਂ ਲਿਆਇਆ ਏ।

2. ਸਉਣ ਮੱਲ ਸਮਝਾਉਂਦਾ ਹੈ।
ਮਰਯਾਦਾ ਗੋਇੰਦਵਾਲ ਦੀ ਸਾਰੀ ਰਾਜੇ ਨੂੰ ਬਤਾਉਂਦਾ ਹੈ।

3. ਬਉਲੀ ਸਾਹਿਬ ਦਾ ਇਸ਼ਨਾਨ ਕੀਤਾ।
ਕੱਟ ਦੇ ਚੌਰਾਸੀ ਮਾਲਕਾ, ਸੱਚੇ ਸਾਹਿਬ ਦਾ ਧਿਆਨ ਕੀਤਾ।

4. ਫਿਰ ਦਰਸ਼ਨ ਪਾਉਣ ਦੇ ਲਈ।
ਲੈ ਕੇ ਹੀਰੇ ਮੋਤੀ ਤੁਰ ਪਿਆ, ਭੇਟਾ ਗੁਰਾਂ ਦੇ ਚੜ੍ਹਾਉਣ ਦੇ ਲਈ।

5. ਮੱਥਾ ਪੁੱਤ ਨੂੰ ਟਿਕਾਇਆ ਏ।
ਸ਼ਰਧਾ ਦੇ ਨਾਲ ਰਾਜੇ ਨੇ ਸੀਸ ਗੁਰਾਂ ਨੂੰ ਝੁਕਾਇਆ ਏ।

6. ਗੁਰਾਂ ਦਿੱਤੀ ਵਡਿਆਈ ਏ।
ਰਾਜੇ ਪਿੱਛੋਂ ਰਾਣੀਆਂ ਦੀ ਫਿਰ ਵਾਰੀ ਆਈਏ।

7. ਸਿੱਖ ਦੱਸਦਾ ਸਿਆਣਾ ਜੀ।
ਗੁਰੂ ਜੀ ਦੇ ਦਰਸ਼ਨ ਨੂੰ ਘੁੰਡ ਕੱਢ ਕੇ ਨਾ ਜਾਣਾ ਜੀ।

8. ਛੇਆਂ ਵੱਡੀਆਂ ਰਾਣੀਆਂ ਨੇ,
ਗੁਰੂ ਜੀ ਨੂੰ ਮੱਥਾ ਟੇਕਿਆ, ਨੰਗੇ ਮੁੱਖ ਸੀ ਸੁਆਣੀਆਂ ਨੇ।

9. ਜਿਹੜੀ ਸੱਜਰੀ ਵਿਆਹੀ ਏ,
ਸੰਗਤਾਂ ਤੋਂ ਕਰ ਪਰਦਾ, ਮੱਥਾ ਟੇਕਣ ਆਈ ਏ।

10. ਗੁਰਾਂ ਹੱਸ ਫ਼ਰਮਾਇਆ ਏ,
ਝੱਲੀਏ ਸੰਗਤ ਵਿਚ ਨੀ ਘੁੰਡ ਕਾਹਤੋਂ ਲਮਕਾਇਆ ਏ।

11. ਰਾਣੀ ਹੋ ਗਈ ਝੱਲੀ ਏ।
ਤਨ ਵਾਲੇ ਲੀੜੇ ਪਾੜਦੀ, ਦੌੜ ਜੰਗਲਾਂ ਨੂੰ ਚੱਲੀ ਏ।



ਮਹਾਰਾਜ ਨੇ ਆਪਣੇ ਯੁੱਗ ਵਿਚ ਦੁਨੀਆਂ ਦਾ ਸੁਧਾਰ ਕਰਨ ਵਾਸਤੇ ਕੁਝ ਗੁਰਸਿੱਖਾਂ ਨੂੰ ਉਪਦੇਸ਼ ਕੀਤੇ ਸਨ। ਮਹਾਰਾਜ ਨੇ ਸਤੀ ਦੀ ਰਸਮ ਰੋਕਣ ਵਾਸਤੇ ਵੀ ਕਿਹਾ ਸੀ। ਸਤੀ ਉਹ ਹੈ ਜੋ ਆਪਣੇ ਪਤੀ ਦੀ ਮੌਤ ਸੁਣ ਕੇ ਜਾਂ ਤਾਂ ਬਿਰਹਾ ਵਿਚ ਮਰੇ ਜਾਂ ਮਰਦਾਂ ਦੀ ਤਰ੍ਹਾਂ ਰੰਡੇਪਾ ਕੱਟਣ ਵਾਸਤੇ, ਦੁੱਖਾਂ ਦਾ ਸਾਹਮਣਾ ਕਰਨ ਵਾਸਤੇ ਤਿਆਰ ਹੋ ਜਾਵੇ। ਪੁਨਰ ਵਿਆਹ ਕਰਨਾ, ਇਹ ਵੀ ਗੁਰੂ ਅਮਰਦਾਸ ਮਹਾਰਾਜ ਨੇ ਆਪਣੇ ਯੁੱਗ ਵਿਚ ਰੀਤ ਲਾਗੂ ਕੀਤੀ ਸੀ। ਇਸੇ ਤਰ੍ਹਾਂ ਮਹਾਰਾਜ ਨੇ ਆਖਿਆ—ਘੁੰਡ ਗ਼ੁਲਾਮੀ ਦੀ ਨਿਸ਼ਾਨੀ ਹੈ।

ਜਦੋਂ ਸੱਤੇ ਰਾਣੀਆਂ ਗੁਰੂ ਮਹਾਰਾਜ ਦੇ ਦਰਸ਼ਨ ਨੂੰ ਆਈਆਂ ਤਾਂ ਜਿਹੜੀ ਛੋਟੀ ਰਾਣੀ ਸੀ, ਉਹਨੇ ਗੁਰੂ ਕੀ ਸੰਗਤ ਤੋਂ ਸ਼ਰਮਾ ਕੇ ਘੁੰਡ ਕੱਢ ਲਿਆ। ਗੁਰੂ ਮਹਾਰਾਜ ਨੇ ਆਖਿਆ, ਝੱਲੀਏ ! ਗੁਰੂ ਕੀ ਸੰਗਤ ਤੋਂ ਕਾਹਤੋਂ ਪਰਦਾ ਕਰਕੇ ਆਈ ਏਂ ?

ਇਤਿਹਾਸ ਕਹਿੰਦਾ ਹੈ ਕਿ ਰਾਣੀ ਨੂੰ ਝੱਲ ਹੋ ਗਿਆ। ਉਹਨੇ ਕੀਮਤੀ ਕੱਪੜੇ ਸੰਗਤ ਦੇ ਸਾਹਮਣੇ ਲੀਰਾਂ-ਲੀਰਾਂ ਕਰ ਦਿੱਤੇ ਅਤੇ ਹਾਰ-ਸ਼ਿੰਗਾਰ ਤੋੜ ਕੇ ਸੁੱਟ ਦਿੱਤਾ। ਚੀਕਾਂ ਮਾਰਦੀ ਹੋਈ ਰਾਣੀ ਜੰਗਲ ਨੂੰ ਨਿਕਲ ਗਈ। ਰਾਜਾ ਹਰੀ ਸੈਨ ਕੁਝ ਦਿਨ ਮਹਾਰਾਜ ਦੇ ਚਰਨਾਂ ਵਿਚ ਰਿਹਾ। ਅਖ਼ੀਰ ਜਾਂਦਾ ਹੋਇਆ ਕਹਿ ਗਿਆ, ਮਹਾਰਾਜ ! ਜੇ ਉਹ ਪਾਗ਼ਲ ਰਾਣੀ ਮਿਲ ਜਾਵੇ ਤਾਂ ਉਹਦਾ ਸੁਧਾਰ ਕਰਕੇ ਕਿਸੇ ਗੁਰਸਿੱਖ ਨਾਲ ਵਿਆਹ ਦਿਉ।

ਬਾਬਾ ਸੱਚਣ ਸੱਚ ਜੀ, ਜਿਨ੍ਹਾਂ ਨੂੰ ਚੈਨਾ ਜੀ ਅਤੇ ਪੋਰੋ ਜੀ ਵੀ ਕਿਹਾ ਜਾਂਦਾ ਸੀ। ਬਾਬਾ ਜੀ ਘੁਲਦੇ ਵੀ ਸਨ। ਇਸ ਕਰਕੇ ਉਹਨਾਂ ਨੂੰ ਮੱਲ ਜੀ ਵੀ ਕਿਹਾ ਜਾਂਦਾ ਸੀ। ਇਹ ਸ਼ੇਖ਼ੂਪੁਰ ਦੇ ਇਲਾਕੇ ਵਿੱਚੋਂ ਧੁੰਨੀਮੱਲਾ ਦੇ ਰਹਿਣ ਵਾਲੇ ਸਨ। ਇਨ੍ਹਾਂ ਨੂੰ ਹੰਜੀਰਾਂ ਦਾ ਰੋਗ ਹੋ ਗਿਆ। ਇਹਨਾਂ ਨੂੰ ਕਿਤਿਓਂ ਆਰਾਮ ਨਾ ਆਇਆ ਤਾਂ ਇਹ ਗੁਰੂ ਜੀ ਕੋਲ ਆਇਆ। ਗੁਰੂ ਜੀ ਨੇ ਆਪਣੇ ਸੱਜੇ ਪੈਰ ਦੀ ਖੜਾਂਅ ਇਹਦੇ ਮੱਥੇ ਉੱਤੇ ਲਾ ਦਿੱਤੀ। ਇਹਦਾ ਹੰਜੀਰਾਂ ਦਾ ਰੋਗ ਹੱਟ ਗਿਆ। ਇਹ ਗੁਰੂ ਮਹਾਰਾਜ ਦਾ ਬੜਾ ਸ਼ਰਧਾਲੂ ਹੈ।

ਇਹ ਜੰਗਲ ਵਿੱਚੋਂ ਲੱਕੜਾਂ ਲੈਣ ਵਾਸਤੇ ਜਾਂਦਾ ਹੈ। ਉਥੇ ਉਹ ਪਾਗ਼ਲ ਰਾਣੀ ਏਹਦੀਆਂ ਲੱਕੜਾਂ ਖਿਲਾਰ ਦਿੰਦੀ ਹੈ। ਇਕ ਦਿਨ ਹਲਕੇ ਕੁੱਤੇ ਦੀ ਤਰ੍ਹਾਂ ਬਾਬਾ ਜੀ ਦੀਆਂ ਬਾਂਹਵਾਂ ਉੱਤੇ ਦੰਦੀਆਂ ਵੱਢਣ ਲੱਗ ਪਏ। ਬਾਬਾ ਜੀ ਆ ਕੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਬੇਨਤੀ ਕਰਦੇ ਹਨ, ਮਹਾਰਾਜ ! ਉਹ ਪਾਗ਼ਲ ਰਾਣੀ ਅੱਗੇ ਤਾਂ ਲੱਕੜਾਂ ਖਿਲਾਰਦੀ ਸੀ, ਹੁਣ ਤਾਂ ਹਲਕੇ ਕੁੱਤੇ ਦੀ ਤਰ੍ਹਾਂ ਦੰਦੀਆਂ ਵੱਢਣ ਲੱਗ ਪਈ ਹੈ। ਕ੍ਰਿਪਾ ਕਰੋ, ਉਹਦਾ ਸੁਧਾਰ ਕਰ ਦਿਉ। ਮਹਾਰਾਜ ਨੇ ਆਪਣੀ ਖੜਾਂਵ ਦੇ ਕੇ ਆਖਿਆ, ਜਦੋਂ ਉਹ ਪਾਗ਼ਲ ਰਾਣੀ ਤੇਰੇ ਵੱਲ ਆਵੇ ਤਾਂ ਧੰਨ ਗੁਰੂ ਨਾਨਕ ਕਹਿ ਕੇ ਇਹ ਖੜਾਂਵ ਉਹਦੇ ਮੱਥੇ ਵਿਚ ਲਾ ਦੇਵੀਂ। ਗੁਰੂ ਨਾਨਕ ਸਾਹਿਬ ਕਿਰਪਾ ਕਰ ਦੇਣਗੇ। ਬਾਬਾ ਜੀ ਜੰਗਲ ਵਿਚ ਗਏ ਤਾਂ ਰਾਣੀ ਦੌੜ ਕੇ ਆਈ ਤੇ ਬਾਬਾ ਜੀ ਨੇ ਧੰਨ ਗੁਰੂ ਨਾਨਕ ਕਹਿ ਕੇ, ਰਾਣੀ ਦੇ ਮੱਥੇ ਵਿਚ ਖੜਾਅ ਲਾ ਦਿੱਤੀ। ਜਦੋਂ ਰਾਣੀ ਦੀ ਹੋਸ਼ ਟਿਕਾਣੇ ਆਈ ਤਾਂ ਤਨ ਉੱਤੇ ਕੋਈ ਕੱਪੜਾ ਨਹੀਂ ਸੀ। ਸ਼ਰਮਾ ਕੇ ਧਰਤੀ ਉੱਤੇ ਬਹਿ

ਕੇ ਕਹਿੰਦੀ ਹੈ, ਗੁਰਸਿੱਖਾ ! ਜੇ ਤੂੰ ਮੇਰਾ ਸੁਧਾਰ ਕਰ ਦਿੱਤਾ ਹੈ ਤਾਂ ਤਨ ਢੱਕਣ ਵਾਸਤੇ ਮੈਨੂੰ ਕੋਈ ਕੱਪੜਾ ਵੀ ਦੇ। ਬਾਬਾ ਜੀ ਕੋਲ ਚਾਦਰ ਸੀ, ਉਹ ਰਾਣੀ ਨੂੰ ਦੇ ਦਿੱਤੀ। ਰਾਣੀ ਨੇ ਆਪਣਾ ਤਨ ਢੱਕ ਲਿਆ। ਇਕ ਪੰਡ ਬਾਲਣ ਦੀ ਬਾਬਾ ਸੱਚਣ ਸੱਚ (ਚੈਨਾ ਮੱਲ) ਨੇ ਚੁੱਕੀ ਅਤੇ ਇਕ ਰਾਣੀ ਨੇ ਚੁੱਕੀ। ਜਦੋਂ ਇਹ ਗੋਇੰਦਵਾਲ ਸਾਹਿਬ ਪਹੁੰਚ ਕੇ ਦਰਬਾਰ ਸਾਹਿਬ ਵੱਲ ਨੂੰ ਚੱਲੇ ਆ ਰਹੇ ਸਨ ਤਾਂ ਸੁਭਾਵਿਕ ਹੀ ਗੁਰੂ ਅਮਰਦਾਸ ਮਹਾਰਾਜ ਨੇ ਆਪਣੇ ਮੁਖਾਰਬਿੰਦ ਵਿੱਚੋਂ ਕਹਿ ਦਿੱਤਾ, ਭਾਈ ਜੋੜੀ ਬੜੀ ਫੱਬੀ ਆ ਰਹੀ ਹੈ। ਜੋ ਕੁਝ ਗੁਰੂ ਅਮਰਦਾਸ ਮਹਾਰਾਜ ਨੇ ਆਪਣੀ ਰਸਨਾ ਵਿੱਚੋਂ ਕਿਹਾ, ਇਉਂ ਪੇਸ਼ ਹੈ :—

## ਤਰਜ਼

1.

ਗੁਰੂ ਮੇਹਰਾਂ ਦੇ ਘਰ ਆ ਬੋਲੇ।
ਮੇਰੇ ਦਾਤੇ ਸਹਿਜ ਸੁਭਾਅ ਬੋਲੇ।
ਹੱਸ ਮੁੱਖ ਵਿੱਚੋਂ ਫਰਮਾਉਂਦੇ ਨੇ।
ਉਹ ਭਰਤਾ ਦਾਸੀ ਆਉਂਦੇ ਨੇ।
ਜੋ ਪਾਗ਼ਲ ਹੋ ਕੇ ਨੱਸ ਗਈ ਸੀ, ਸਿੱਖ ਆਉਂਦਾ ਉਸ ਨੂੰ ਮੋੜੀ ਏ।
ਭਾਈ ਚੈਨਾ ਮੱਲ ਤੇ ਰਾਣੀ ਦੀ, ਕਿਆ ਸੁੰਦਰ ਫੱਬਦੀ ਜੋੜੀ ਏ।

ਕਹੇ ਬੋਲ ਜੋ ਗੁਰੂਆਂ ਪੀਰਾਂ ਜੀ।
ਪੱਥਰ 'ਤੇ ਜਾਣ ਲਕੀਰਾਂ ਜੀ।
ਅਰਜਨ ਦੇ ਛੁੱਟੇ ਬਾਨ ਜਿਉਂ।
ਮੁੜਦੇ ਨਹੀਂ ਪਿੱਛੇ ਜਾਣ ਜਿਉਂ।
ਲੱਖ ਯਤਨ ਲਗਾ ਲਏ ਆਪਣਾ, ਕੋਈ ਕਿਹੜਾ ਸਕਦਾ ਹੋੜ ਭਲਾ।
ਗੁਰੂ ਅਮਰਦਾਸ ਦੇ ਬਚਨਾਂ ਨੂੰ, ਕਿਹੜਾ ਹੈ ਸਕਦਾ ਮੋੜ ਭਲਾ।

2.

ਬਾਲਣ ਦੀਆਂ ਸਿਰ 'ਤੇ ਪੰਡਾਂ ਨੇ।
ਘੁੱਟ-ਘੁੱਟ ਕੇ ਦਿੱਤੀਆਂ ਗੰਢਾਂ ਨੇ।
ਸੇਵਾ ਦੀ ਕੈਸੀ ਲਗਨ ਜਿਹੀ।
ਬਿਰਤੀ ਹੈ ਕੈਸੀ ਮਗਨ ਜਿਹੀ।



ਇਹ ਨਾਮ ਰੰਗਣ ਵਿਚ ਰੰਗੇ ਨੇ, ਭਲਾ ਜਾਵਣ ਸਭ ਦਾ ਲੋੜੀ ਏ।
ਭਾਈ ਚੈਨਾ ਮੱਲ ਤੇ ਰਾਣੀ ਦੀ, ਕਿਆ ਸੁੰਦਰ ਫੱਬਦੀ ਜੋੜੀ ਏ।

ਸਿਲ ਪੱਥਰ ਹੋਈ ਅਹੱਲਿਆ ਸੀ।
ਫਿਰ ਬਚਨ ਰਿਸ਼ੀ ਦਾ ਚੱਲਿਆ ਸੀ।
ਦੁਆਪਰ ਦੀ ਜਗ੍ਹਾ ਤਰੇਤਾ ਜੀ।
ਝੱਟ ਕਰ ਦਿੰਦੇ ਤੱਤਵੇਤਾ ਜੀ।
ਜੀਹਨੂੰ ਆਪ ਜੋੜਤਾ ਦਾਤੇ ਨੇ, ਕਿਹੜੀ ਤਾਕਤ ਸਕਦੀ ਤੋੜ ਭਲਾ।
ਗੁਰੂ ਅਮਰਦਾਸ ਦੇ ਬਚਨਾਂ ਨੂੰ, ਕਿਹੜਾ ਹੈ ਸਕਦਾ ਤੋੜ ਭਲਾ।

3.

ਭਾਵੇਂ ਰਾਜੇ ਨਾਲ ਵਿਆਹੀ ਗਈ।
ਜੱਗ ਕਹਿੰਦਾ ਸੀ ਪਰਨਾਈ ਗਈ।
ਪਰ ਜਿਸ ਦੇ ਨਾਲ ਹੈ ਲਿਖੀਆਂ ਜੀ।
ਉਹ ਨਹੀਂ ਕਿਸੇ ਤੋਂ ਮਿਟਿਆ ਜੀ।
ਜਿੱਥੇ ਜੋੜ ਜੋੜਤਾ ਦਾਤੇ ਨੇ ਹੋ ਸਕਦੀ ਕਿਵੇਂ ਅਜੋੜੀ ਏ।
ਭਾਈ ਚੈਨਾ ਮੱਲ ਤੇ ਰਾਣੀ ਦੀ ਕਿਆ ਸੁੰਦਰ ਫੱਬਦੀ ਜੋੜੀ ਏ।

ਉਹ ਬਚਨਾਂ ਦੇ ਰਤਨਾਗਰ ਹਨ।
ਪੀ ਜਾਂਦੇ ਸਾਰਾ ਸਾਗਰ ਹਨ।
ਨਾਮੇ ਦੀ ਛੱਪਰੀ ਬੰਨ੍ਹਦਾ ਏ।
ਭਗਤਾਂ ਦੀ ਹਰ ਗੱਲ ਮੰਨਦਾ ਏ।
ਜਿੱਥੇ ਰੱਬ ਦੇ ਹੋਣ ਭੰਡਾਰੀ ਜੀ, ਆ ਸਕਦੀ ਕਿਵੇਂ ਥੋੜ ਭਲਾ।
ਗੁਰੂ ਅਮਰਦਾਸ ਦੇ ਬਚਨਾਂ ਨੂੰ, ਕਿਹੜਾ ਹੈ ਸਕਦਾ ਮੋੜ ਭਲਾ।

4.

ਜਿਸ ਦਾ ਪਿੰਡ ਵੱਡੇ ਸਭਰਾਵਾਂ ਜੀ।
ਰੱਬ ਅੱਗੇ ਕਰੇ ਦੁਆਵਾਂ ਜੀ।
ਇਕੱਠੇ ਰਹਿਣ ਮੇਜਰ ਭਗਵੰਤ ਸਦਾ।
ਖਿੜੇ ਕਾਵਿ ਰੁੱਤ ਬਸੰਤ ਸਦਾ।

ਜੋ ਸੁੰਦਰ ਸੋਹਣੀਆਂ ਤਰਜ਼ਾਂ ਵਿਚ, ਗਾਉਂਦੇ ਜੁਗਨੀ ਝੋਕ ਤੇ ਪਉੜੀ ਏ।
ਭਾਈ ਚੈਨਾ ਮੱਲ ਤੇ ਰਾਣੀ ਦੀ, ਕਿਆ ਸੁੰਦਰ ਫੱਬਦੀ ਜੋੜੀ ਏ।

ਇਹ ਉਸੇ ਦੀ ਵਡਿਆਈ ਏ।
ਕੀੜਾ ਥਾਪ ਦੇਵੇ ਪਾਤਸ਼ਾਹੀ ਏ।
ਸ਼ਾਹਾਂ ਤੋਂ ਭੀਖ ਮੰਗਵਾਉਂਦਾ ਏ।
ਕੰਗਲੇ ਨੂੰ ਤਖ਼ਤ ਬਿਠਾਉਂਦਾ ਏ।

ਕੋਈ ਕੀਮਤ ਨਹੀਂ ਕੋਹਿਨੂਰਾਂ ਦੀ, ਭਾਵੇਂ ਹੋਣ ਲੱਖ ਕਰੋੜ ਭਲਾ।
ਗੁਰੂ ਅਮਰਦਾਸ ਦੇ ਬਚਨਾਂ ਨੂੰ, ਕਿਹੜਾ ਹੈ ਸਕਦਾ ਮੋੜ ਭਲਾ।

ਜਦੋਂ ਬਾਲਣ ਦੀਆਂ ਪੰਡਾਂ ਲੰਗਰ ਵਿਚ ਸੁੱਟ ਕੇ ਬਾਬਾ ਚੈਨਾ ਮੱਲ ਜੀ ਤੇ ਰਾਣੀ ਮਹਾਰਾਜ ਦੇ ਦਰਸ਼ਨਾਂ ਨੂੰ ਸੰਗਤ ਵਿਚ ਆਏ ਤਾਂ ਗੁਰਸਿੱਖਾਂ ਨੇ ਵਧਾਈਆਂ ਦੇ ਕੇ ਆਖਿਆ– ਬਾਬਾ ਜੀ ! ਤੁਹਾਡਾ ਤੇ ਰਾਣੀ ਦਾ ਗੁਰੂ ਸਾਹਿਬ ਨੇ ਵਿਆਹ ਕਰ ਦਿੱਤਾ ਹੈ। ਬਾਬਾ ਚੈਨਾ ਮੱਲ ਜੀ ਨੇ ਮਹਾਰਾਜ ਦੇ ਚਰਨਾਂ ਉਤੇ ਮੱਥਾ ਟੇਕ ਕੇ ਬੇਨਤੀ ਕੀਤੀ– ਮਹਾਰਾਜ ! ਮੈਂ ਤੇ ਅੱਗੇ ਹੀ ਵਿਆਹਿਆ ਹੋਇਆ ਹਾਂ, ਮੇਰਾ ਤਾਂ ਇਕ ਬੱਚਾ ਵੀ ਹੈ। ਇਸ ਲਈ ਸਤਿਗੁਰੂ ਜੀ ! ਬੰਦੇ ਤਾਂ ਇਕ ਜਗ੍ਹਾ ਉਤੇ ਕਿੰਨੇ ਵੀ ਹੋਣ, ਉਹ ਕੱਟ ਲੈਂਦੇ ਹਨ, ਪਰ ਜਿੱਥੇ ਦੋ ਸੌਂਕਣਾਂ ਹੋਣ, ਉਥੇ ਰੋਜ਼ਾਨਾ ਲੜਾਈ ਰਹਿੰਦੀ ਹੈ।

## ਦਵੀਆ

1.

ਸੱਚਣ ਸਿੱਖ ਹਥ ਜੋੜ ਕੇ, ਦੋਵੇਂ ਚਰਨੀਂ ਸੀਸ ਨਿਵਾਉਂਦਾ।
ਚਰਨ ਪਕੜ ਕੇ ਗੁਰੂ ਸਾਹਿਬ ਦੇ, ਮੁੱਖ ਵਿੱਚੋਂ ਅਲਾਉਂਦਾ,
ਕ੍ਰਿਪਾ ਕਰੋ ਦੀਨ ਕੇ ਦਾਤੇ, ਹੱਥ ਬੰਨ੍ਹ ਅਰਜ਼ ਗੁਜ਼ਾਰਾਂ।
ਬਾਂਸਾਂ ਵਾਂਗੂੰ ਰਹਿਣ ਖਹਿੰਦੀਆਂ, ਹੋਣ ਜਿੱਥੇ ਦੋ ਨਾਰਾਂ।

2.

ਕੇਲਾ ਅਤੇ ਕਰੀਰ ਜਿਸ ਤਰ੍ਹਾਂ, ਨਹੀਂ ਇਕ ਥਾਂ ਸੁੱਖ ਪਾਉਂਦੇ।
ਦੋ ਨਾਰਾਂ ਦੇ ਮਾਲਕ ਵੇਖੇ, ਰਾਤ ਦਿਨੇ ਪਛਤਾਉਂਦੇ।
ਇਕ ਮਿਆਨ 'ਚ ਨਹੀਂ ਜਿਸ ਤਰ੍ਹਾਂ, ਪੈਂਦੀਆਂ ਦੋ ਤਲਵਾਰਾਂ।
ਬਾਂਸਾਂ ਵਾਂਗੂੰ ਰਹਿਣ ਖਹਿੰਦੀਆਂ, ਹੋਣ ਜਿੱਥੇ ਦੋ ਨਾਰਾਂ।



3.

ਸੌਂਕਣ ਕਰੇ ਸ਼ਰੀਕਾ ਜੈਸਾ ਹੋਰ ਨਾ ਕਰਦੀ ਕੋਈ।
ਇੱਛਰਾਂ ਤੇ ਲੂਣਾ ਦੀ ਸਾਖੀ ਬਾਤ ਕਹੇ ਅਣਹੋਈ।
ਕੀਤਾ ਵਾਰ ਕੁਸ਼ਲਿਆ ਉੱਤੇ, ਰੱਖ ਕਕੇਈ ਖਾਰਾ।
ਬਾਂਸਾਂ ਵਾਂਗੂੰ ਰਹਿਣ ਖਹਿੰਦੀਆਂ, ਹੋਣ ਜਿੱਥੇ ਦੋ ਨਾਰਾਂ।

4.

ਪਤੀ ਬੋਲ ਪਏ ਇਕ ਨਾਲ, ਤਾਂ ਪਵੇ ਦੂਜੀ ਨੂੰ ਸਾੜਾ।
ਮਹਾਂਭਾਰਤ ਦੇ ਯੁੱਗ ਵਾਂਗਰਾਂ, ਭਖਿਆ ਰਹੇ ਅਖਾੜਾ।
ਕੰਮਕਾਰ ਨੂੰ ਹੱਥ ਨਾ ਲਾਵਣ, ਬਣ ਬਣ ਬਹਿਣ ਬੀਮਾਰਾਂ।
ਬਾਂਸਾਂ ਵਾਂਗੂੰ ਰਹਿਣ ਖਹਿੰਦੀਆਂ, ਹੋਣ ਜਿੱਥੇ ਦੋ ਨਾਰਾਂ।

5.

ਬਾਂਹਵਾਂ ਚੁੱਕ-ਚੁੱਕ ਮਾਰਨ ਮੇਹਣੇ, ਸ਼ਰਮ ਨਾ ਕਰਦੀਆਂ ਮਾਸਾ।
ਗੁਰਮੁਖ ਘਰਾਂ ਦੇ ਵਿਚ ਬਣ ਜਾਂਦਾ ਹੈ, ਭੂਤਨਿਆਂ ਦਾ ਵਾਸਾ।
ਪਤੀ ਦੇਵ ਨੂੰ ਮੂਰਖ ਆਖਣ, ਆਪ ਬਣਨ ਹੁਸ਼ਿਆਰਾਂ।
ਵਾਸਾਂ ਵਾਂਗੂੰ ਰਹਿਣ ਖਹਿੰਦੀਆਂ, ਹੋਣ ਜਿੱਥੇ ਦੋ ਨਾਰਾਂ।

6.

ਪਤੀ ਕਮਾਵੇ ਖਾਣ ਵਿਹਲੀਆਂ, ਨਾਲੇ ਅੱਖਾਂ ਗਾਲਣ।
ਚੰਗੇ ਭਲਿਆਂ ਨੂੰ ਸਾੜ-ਸਾੜ ਕੇ ਕਰ ਦਿੰਦੀਆਂ ਨੇ ਬਾਲਣ।
ਕਈ ਔਰਤਾਂ ਹੱਥੋਂ ਰੋਂਦੇ, ਕਿਸਮਤ ਦੇ ਗਈ ਹਾਰਾਂ।
ਬਾਂਸਾਂ ਵਾਂਗੂੰ ਰਹਿਣ ਖਹਿੰਦੀਆਂ, ਹੋਣ ਜਿੱਥੇ ਦੋ ਨਾਰਾਂ।

7.

ਸਮਝ ਨਹੀਂ ਆਉਂਦੀ ਕ੍ਰਿਪਾ ਕਰਕੇ, ਆਪ ਮੈਨੂੰ ਸਮਝਾਉ।
ਦੋਹਰਾ ਬੰਧਨ ਦੁਨੀਆਂ ਵਾਲਾ, ਨਾ ਮੇਰੇ ਗਲ ਪਾਉ।
'ਜਰਨੈਲ ਸਿੰਘਾ' ਗੁਰੂ ਅਮਰਦਾਸ ਨੂੰ, ਕਿੰਝ ਕਰਾਂ ਇਨਕਾਰਾਂ।
ਬਾਂਸਾਂ ਵਾਂਗੂੰ ਰਹਿਣ ਖਹਿੰਦੀਆਂ, ਹੋਣ ਜਿੱਥੇ ਦੋ ਨਾਰਾਂ।

❑

ਬਾਦਸ਼ਾਹ ਜਹਾਂਗੀਰ ਦੇ ਕੋਲ ਸਿੱਖੀ ਦੇ ਵਿਰੋਧੀਆਂ ਨੇ ਗੁਰੂ ਅਰਜਨ ਦੇਵ ਜੀ ਦੇ ਖ਼ਿਲਾਫ਼ ਇਸ ਤਰ੍ਹਾਂ ਆਖਿਆ :

## ਦੋਤਾਰਾ ਛੰਦ*

1.

ਆਖਿਆ ਸਰਹਿੰਦੀ ਨੇ, ਪਹਿਲਾਂ ਰਾਜ ਤੇ ਤਾਜ ਸੰਭਾਲੋ।
ਜੋ ਖ਼ਤਰਾ ਸਿੱਖੀ ਤੋਂ, ਇਸ ਨੂੰ ਕਰੜੇ ਹੱਥੀਂ ਟਾਲੋ।
ਪ੍ਰਚਾਰਕ ਸਿੱਖੀ ਦੇ ਪਹੁੰਚੇ, ਦਿੱਲੀ, ਆਗਰਾ, ਮਥਰਾ।
ਪੈ ਗਿਆ ਗੁਰੂ ਅਰਜਨ ਤੋਂ, ਸਾਡੇ ਮੁਗ਼ਲ ਰਾਜ ਨੂੰ ਖ਼ਤਰਾ।

2.

ਜੋ ਜਾਣ ਨਿਗਾਹੇ ਜੀ, ਸਾਰੇ ਉਸ ਨੇ ਲੋਕ ਹਟਾਏ।
ਕਈ ਮੰਝ ਲੰਗਾਹੇ ਜਿਹੇ, ਉਸ ਨੇ ਆਪਣੇ ਸਿੱਖ ਬਣਾਏ।
ਉਹ ਸਿੱਖੀ ਛੱਡਦੇ ਨਹੀਂ, ਬੇਸ਼ੱਕ ਹੋ ਜਾਣ ਕਤਰਾ ਕਤਰਾ।
ਪੈ ਗਿਆ ਗੁਰੂ ਅਰਜਨ ਤੋਂ, ਸਾਡੇ ਮੁਗ਼ਲ ਰਾਜ ਨੂੰ ਖ਼ਤਰਾ।

3.

ਕਰ ਲਏ ਗੁੰਮਰਾਹ ਉਸ ਨੇ, ਆਗੂ ਮੁਗ਼ਲ ਰਾਜ ਦੇ ਧਰਮੀ।
ਕਈ ਮੀਆਂ ਮੀਰ ਵਰਗੇ ਸਿੱਖ ਗਏ, ਉਸ ਦੀ ਸੰਗਤ ਕਰਨੀ।
ਐਸਾ ਵਿਚ ਦੁਨੀਆਂ ਦੇ ਡਿਠਾ, ਹੋਰ ਪੁਰਸ਼ ਨਹੀਂ ਚਤਰਾ।
ਪੈ ਗਿਆ ਗੁਰੂ ਅਰਜਨ ਤੋਂ, ਸਾਡੇ ਮੁਗ਼ਲ ਰਾਜ ਨੂੰ ਖ਼ਤਰਾ।

4.

ਕਰਦਾ ਉਪਦੇਸ਼ ਜਦੋਂ ਪੋਥੀ ਫੜ ਸੰਗਤ ਵਿਚ ਬਹਿੰਦਾ।
ਅੰਨ੍ਹਾ ਕਹੇ ਹਿੰਦੂਆਂ ਨੂੰ, ਕਾਣਾ ਮੁਸਲਮਾਨ ਨੂੰ ਕਹਿੰਦਾ।
ਉਸ ਦੀ ਗੁਰਬਾਣੀ ਦਾ ਪੜ੍ਹ ਕੇ, ਵੇਖੋ ਪੱਤਰਾ ਪੱਤਰਾ।
ਪੈ ਗਿਆ ਗੁਰੂ ਅਰਜਨ ਤੋਂ, ਸਾਡੇ ਮੁਗ਼ਲ ਰਾਜ ਨੂੰ ਖ਼ਤਰਾ।

5.

ਬੁੱਢੇ, ਗੁਰਦਾਸ ਜਿਹੇ ਪ੍ਰਚਾਰਕ, ਉਸ ਸਿੱਖੀ ਦੇ ਥਾਪੇ।
ਸੱਦਣ ਦੀ ਲੋੜ ਨਹੀਂ, ਹਰ ਥਾਂ ਪਹੁੰਚ ਜਾਂਵਦੇ ਆਪੇ।

*ਇਹ ਛੰਦ ਸਰਪੰਚ ਵਰਿਆਮ ਸਿੰਘ ਸੈਦੋ ਦੀ ਸਿਫਾਰਸ਼ 'ਤੇ ਛਾਪ ਰਹੇ ਹਾਂ (ਲੇਖਕ)।



ਉਹ ਤੁਰਦਾ ਥੱਕਦਾ ਨਹੀਂ, ਬੇਸ਼ੱਕ ਹੋ ਗਿਆ ਸੱਤਰਾ ਬਹੱਤਰਾ।
ਪੈ ਗਿਆ ਗੁਰੂ ਅਰਜਨ ਤੋਂ, ਸਾਡੇ ਮੁਗ਼ਲ ਰਾਜ ਨੂੰ ਖ਼ਤਰਾ।

6.

ਜੋ ਮੰਨਿਆ ਡਾਕੂ ਹੈ ਬਿਧੀਆ ਚੋਰ ਉਸ ਕੋਲ ਰਹਿੰਦਾ।
ਜੇ ਰੋਹਬ ਵਿਖਾਵੇ ਕੋਈ, ਫੜ ਕੇ ਸੰਘੀ ਤੋਂ ਢਾਹ ਲੈਂਦਾ।
ਅੱਖ ਚੁੱਕਣ ਦਿੰਦਾ ਨਹੀਂ, ਸੁਣਿਆ ਬਹੁਤ ਸੁਭਾਅ ਦਾ ਅੱਥਰਾ।
ਪੈ ਗਿਆ ਗੁਰੂ ਅਰਜਨ ਤੋਂ ਸਾਡੇ ਮੁਗ਼ਲ ਰਾਜ ਨੂੰ ਖ਼ਤਰਾ।

7.

ਇਸਲਾਮ ਬਚਾਉਣ ਲਈ, ਜਲਦੀ ਕਰਕੇ ਸੋਚ ਵਿਚਾਰੋ।
ਜਿਵੇਂ ਹੀ ਹੋ ਸਕਦਾ, ਫੜ ਕੇ ਗੁਰੂ ਅਰਜਨ ਨੂੰ ਮਾਰੋ।
ਹਿੱਤ ਸ਼ਰ੍ਹਾ ਮੁਹੰਮਦੀ ਦੇ ਕਰ ਦਿਉ ਭੇਟ ਬਲੀ ਦਾ ਬੱਕਰਾ।
ਪੈ ਗਿਆ ਗੁਰੂ ਅਹਜਨ ਤੋਂ, ਸਾਡੇ ਮੁਗ਼ਲ ਰਾਜ ਨੂੰ ਖ਼ਤਰਾ।

8.

ਜੇ ਵਕਤ ਵਿਚਾਰਿਆ ਨਾ, ਬਹੁਤੀ ਜਾਣੀ ਵਿਗੜ ਕਹਾਣੀ।
ਫਿਰ ਸੂਤ ਨਾ ਆਉਣੀ ਏ, ਉਲਝੀ ਇਕ ਵਾਰ ਦੀ ਤਾਣੀ।
'ਜਰਨੈਲ' ਕਵੀਸ਼ਰ ਦਾ ਲਿਖਣਾ, ਕੁਲ ਦੁਨੀਆਂ ਤੋਂ ਵੱਖਰਾ।
ਪੈ ਗਿਆ ਗੁਰੂ ਅਰਜਨ ਤੋਂ, ਸਾਡੇ ਮੁਗ਼ਲ ਰਾਜ ਨੂੰ ਖ਼ਤਰਾ।

❑

ਅਠਾਰ੍ਹਵੀਂ ਸਦੀ ਵਿਚ ਸ਼ਾਮੇ ਸ਼ਾਹੂਕਾਰ ਦਾ ਪੁੱਤ ਬਲਵੰਤ ਰਾਏ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਤੇ ਜਦੋਂ ਘਰ ਆਇਆ ਤਾਂ ਸ਼ਾਮੇ ਸ਼ਾਹੂਕਾਰ ਨੇ ਆਪਣੇ ਪੁੱਤਰ ਨੂੰ ਇਉਂ ਕਹਿਣਾ ਸ਼ੁਰੂ ਕੀਤਾ :

## ਦੋਤਾਰਾ ਛੰਦ

1.

ਜਦ ਅੰਮ੍ਰਿਤ ਛਕ ਕੇ ਸੀ, ਬਣ ਕੇ ਸਿੰਘ ਸ਼ੇਰ ਘਰ ਆਇਆ।
ਦਿਲ ਡਰ ਗਿਆ ਸ਼ਾਮੇ ਦਾ, ਸਾਰੇ ਟੱਬਰ ਰੌਲਾ ਪਾਇਆ।
ਆਖਣ ਬਲਵੰਤ ਸਿੰਘਾ, ਇਹ ਕੀ ਤੂੰ ਵਰਤਾਇਆ ਭਾਣਾ ?
ਜਾਂ ਘਰ 'ਚੋਂ ਨਿਕਲ ਜਾਹ, ਜਾਂ ਫਿਰ ਲਾਹ ਦੇ ਸਿੱਖੀ ਬਾਣਾ।

2.

ਅੱਗੇ ਹੀ ਹਿੰਦੂਆਂ ਨੂੰ ਤੱਕ ਕੇ, ਮੁਸਲਮਾਨ ਨਹੀਂ ਜਰਦੇ।
ਹੈ ਜ਼ੋਰ ਹਕੂਮਤ ਦਾ, ਵਾਧੇ ਰਹਿਣ ਹਮੇਸ਼ਾ ਕਰਦੇ।
ਭਾਰਤ ਦੇ ਹਿੰਦੂਆਂ ਨੂੰ, ਔਖਾ ਹੋ ਗਿਆ ਡੰਗ ਲੰਘਾਣਾ।
ਜਾਂ ਘਰ 'ਚੋਂ ਨਿਕਲ ਜਾਹ, ਜਾਂ ਫਿਰ ਲਾਹ ਦੇ ਸਿੱਖੀ ਬਾਣਾ।

3.

ਤੂੰ ਦਾੜ੍ਹੀ ਕੇਸ ਰੱਖੇ, ਬੋਦੀ ਰੱਖਣ ਦੇਣ ਨਾ ਸਾਨੂੰ।
ਤੂੰ ਤੇਗ ਗਾਤਰੇ ਪਾ, ਚੈਲਿੰਜ ਕਰੇਂ ਮੌਤ ਨੂੰ ਕਾਹਨੂੰ।
ਬੜਾ ਮਹਿੰਗਾ ਪੈ ਜਾਂਦਾ, ਸੋਚੇ ਬਿਨਾਂ ਜੋ ਕਦਮ ਉਠਾਣਾ।
ਜਾਂ ਘਰ 'ਚੋਂ ਨਿਕਲ ਜਾਹ, ਜਾਂ ਫਿਰ ਲਾਹ ਦੇ ਸਿੱਖੀ ਬਾਣਾ।

4.

ਫਿਰ ਗਿਆ ਢੰਡੋਰਾ ਹੈ ਸਾਰੇ, ਮੁੱਲ ਸਿਰਾਂ ਦੇ ਪੈਂਦੇ।
ਦਿਨ ਰਾਤ ਜੰਗਲਾਂ 'ਚ ਸੁਣਿਆ, ਸਿੰਘ ਲੁੱਕ ਛਿਪ ਕੇ ਰਹਿੰਦੇ।
ਟੱਬਰ ਮਰਵਾਦੇਂਗਾ, ਜੇ ਕੋਈ ਚਾੜ੍ਹ ਲਿਆਇਆ ਥਾਣਾ।
ਜਾਂ ਘਰ 'ਚੋਂ ਨਿਕਲ ਜਾਹ, ਜਾਂ ਫਿਰ ਲਾਹ ਦੇ ਸਿੱਖੀ ਬਾਣਾ।

5.

ਸੁਣ ਲੈ ਬਲਵੰਤ ਸਿੰਘਾ, ਔਖੀ ਬੜੀ ਨਿਭਾਉਣੀ ਸਿੱਖੀ।
ਜਿਸ ਮਾਰਗ 'ਤੇ ਤੁਰ ਪਿਆ ਏਂ, ਸੁਣਿਆ ਇਹ ਖੰਡੇ ਤੋਂ ਤਿੱਖੀ।



ਸਿੱਖੀ ਦੇ ਰਾਹੀਆਂ ਨੂੰ, ਪੈਂਦਾ ਬਾਲ ਬੱਚਾ ਮਰਵਾਣਾ।
ਜਾਂ ਘਰ 'ਚੋਂ ਨਿਕਲ ਜਾਹ, ਜਾਂ ਫਿਰ ਲਾਹ ਦੇ ਸਿੱਖੀ ਬਾਣਾ।

6.

ਜੋ ਹਾਕਮ ਦੁਆਬੇ ਦਾ ਸੁਣਿਆ, ਉਹ ਪਾਪੀ ਹੈ ਬਾਹਲਾ।
ਜੇ ਉਹ ਚੜ੍ਹ ਕੇ ਆ ਗਿਆ, ਸਾਡਾ ਨਹੀਂ ਕੋਈ ਚੱਲਣਾ ਚਾਰਾ।
ਸਿੰਘ ਸਜਿਆ ਵੇਖ ਤੈਨੂੰ, ਸਾਰਾ ਖ਼ਤਮ ਕਰਵਾ ਦਊ ਲਾਣਾ।
ਜਾਂ ਘਰ 'ਚੋਂ ਨਿਕਲ ਜਾਹ, ਜਾਂ ਫਿਰ ਲਾਹ ਦੇ ਸਿੱਖੀ ਬਾਣਾ।

7.

ਰਾਹ ਜਾਂਦੀ ਮੌਤ ਤਾਈਂ, 'ਵਾਜ ਮਾਰ ਨਾ ਕਦੇ ਬੁਲਾਈਏ।
ਸੱਚ ਕਿਹਾ ਸਿਆਣਿਆਂ ਨੇ, ਨੀਵੇਂ ਹੋ ਕੇ ਡੰਗ ਲੰਘਾਈਏ।
'ਜਰਨੈਲ' ਕਵੀਸ਼ਰ ਨੇ ਹਰ ਦਮ, ਸੋਚ ਸਮਝ ਕੇ ਗਾਣਾ।
ਜਾਂ ਘਰ 'ਚੋਂ ਨਿਕਲ ਜਾਹ, ਜਾਂ ਫਿਰ ਲਾਹ ਦੇ ਸਿੱਖੀ ਬਾਣਾ।

❑

# ਸੰਤ ਦੇ ਗੁਣ

## ਬੈਂਤ*

ਸੰਤ ਸੋ ਜੋ ਰੱਬ ਦੀ ਕਰੇ ਬੰਦਗੀ,
ਗੁੱਸਾ ਮਨ ਦੇ ਵਿਚ ਲਿਆਏ ਨਾਹੀ।
ਸੰਤ ਸੋ ਜੋ ਪੰਜਾਂ ਨੂੰ ਕਰੇ ਕਾਬੂ,
ਹਾਰ ਕਿਸੇ ਮੈਦਾਨ ਵਿਚ ਖਾਏ ਨਾਹੀ।
ਸੰਤ ਸੋ ਜੋ ਮਨ ਦਾ ਰਹੇ ਨੀਵਾਂ,
ਨੇੜੇ ਕਦੇ ਹੰਕਾਰ ਦੇ ਜਾਏ ਨਾਹੀ।
ਸੰਤ ਸੋ ਜੋ ਰੱਬ ਦੇ ਲੜ ਲਾਏ,
ਕਦੇ ਧਾਗੇ ਤਵੀਤ ਬਣਾਏ ਨਾਹੀ।
ਸੰਤ ਸੋ ਜੋ ਭੁੱਲੇ ਨੂੰ ਰਾਹ ਪਾਵੇ,
ਟੂਣੇ ਰਾਹਾਂ ਦੇ ਵਿਚ ਕਰਵਾਏ ਨਾਹੀ।
ਸੰਤ ਸੋ ਜੋ ਸਭ ਦਾ ਰਹੇ ਸਾਂਝਾ,
ਫੁੱਟ ਪਾ ਕੇ ਲੋਕ ਲੜਾਏ ਨਾਹੀ।
ਸੰਤ ਸੋ ਜੋ ਸਤ ਦਾ ਰਹੇ ਪੱਕਾ,
ਲੱਤਾਂ ਬੀਬੀਆਂ ਕੋਲੋਂ ਘੁਟਵਾਏ ਨਾਹੀ।
ਸੰਤ ਸੋ ਜੋ ਸਿਮਰਨ ਵਿਚ ਸੁੱਕ ਜਾਵੇ,
ਬਹੁਤ ਖਾ ਕੇ ਢਿੱਡ ਵਧਾਏ ਨਾਹੀ।
ਸੰਤ ਸੋ ਜੋ ਜੀਵਨ ਦਾ ਰਹੇ ਸਾਦਾ,
ਬਹੁਤੇ ਅਤਰ ਫਲੇਲ ਛਿੜਕਾਏ ਨਾਹੀ।
ਸੰਤ ਸੋ ਜੋ ਰੱਬ ਦਾ ਰੂਪ ਹੋ ਜਾਏ,
ਐਵੇਂ ਇਕ ਸੌ ਅੱਠ ਸਦਵਾਏ ਨਾਹੀ।

*ਇਹ ਸਿਫਾਰਸ਼ ਹੈ ਕਵੀਸ਼ਰ ਵਰਿਆਮ ਸਿੰਘ ਗਿੱਲ ਤੇ ਗੁਰਚਰਨ ਸਿੰਘ ਮੀਡੀਆ ਮਨੈਜਮੈਂਟ ਇੰਡੀਅਨ ਆਰਮੀ।



# ਪ੍ਰਸੰਗ*

# ਸੰਤ ਬਾਬਾ ਨਿਧਾਨ ਸਿੰਘ ਜੀ

## ਬਾਬਾ ਨਿਧਾਨ ਸਿੰਘ ਜੀ ਦੀ ਅਰਦਾਸ

### ਦਵੀਆ

1.

ਸਿਖਰ ਦੁਪਹਿਰਾ ਦਿਨ ਗਰਮੀ ਦੇ, ਸੂਰਜ ਅੱਗ ਵਰ੍ਹਾਏ।
ਉਧਰ ਹੇਠ ਬ੍ਰਿਛ ਦੇ ਬੈਠੇ, ਸੰਤ ਮੌਜ ਵਿਚ ਆਏ।
ਪੜ੍ਹਨ ਧਾਰਨਾ ਗੁਰਬਾਣੀ ਦੀ, ਲਾ ਕੇ ਹੇਕ ਰਸੀਲੀ।
ਸੁੰਦਰ ਸੋਹਣੇ ਬੋਲ ਸੰਤ ਦੇ, ਜਾਣ ਦਿਲਾਂ ਨੂੰ ਕੀਲੀ।

2.

ਰੋਜ਼ ਸ਼ਾਮ ਗੁਰਦੁਆਰੇ, ਜੋ ਪੜ੍ਹਦਾ ਸੀ ਭਾਈ,
ਉਹੋ ਟੇਕ ਨਿਧਾਨ ਸਿੰਘ ਨੇ, ਹਿਰਦੇ ਵਿਚ ਵਸਾਈ।
ਗਲ ਪੱਲਾ ਪਾ ਅਰਜ਼ ਗੁਜ਼ਾਰੇ, ਮਿਹਰ ਗੁਰੂ ਜੀ ਕਰਨੀ।
ਜੇ ਕੋਈ ਸੰਤ ਮਿਲੇ ਵਡਭਾਗੀ, ਲੱਗਾਂ ਉਸ ਦੇ ਚਰਨੀ।

3.

ਸੋਲ੍ਹਾਂ ਸਾਲ ਜਵਾਨੀ ਚੜ੍ਹਦੀ ਬਹੁਤ ਸੁੰਦਰ ਹੈ ਸੂਰਤ।
ਮੁੰਦੇ ਨੈਣ ਜੁੜੇ ਗੁਰ-ਚਰਨੀ, ਜਾਪਣ ਰੱਬੀ ਮੂਰਤ।
ਸਾਦ ਮੁਰਾਦੇ ਕੱਪੜੇ ਗਲ ਵਿਚ, ਸਿਰ ਦਸਤਾਰ ਹੈ ਨੀਲੀ।
ਸੁੰਦਰ ਸੋਹਣੇ..........

* ਸ੍ਰੀ ਮਾਨ ਸੰਤ ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ ਵਾਲਿਆਂ ਦੇ ਹੁਕਮ ਨਾਲ ਇਹ ਪ੍ਰਸੰਗ ਛਾਪ ਰਹੇ ਹਾਂ, T-series ਕੰਪਨੀ ਵੱਲੋਂ ਇਹ ਰਿਕਾਰਡ ਵੀ ਹੋ ਚੁੱਕਾ ਹੈ। (ਲੇਖਕ)

4.

ਭਾਗਾਂ ਵਾਲੀ ਉਹ ਹੈ ਟਾਹਲੀ, ਜਿਸ ਦੇ ਹੇਠ ਬਿਰਾਜੇ।
ਉਥੇ ਇਥੇ ਜੈਜੈਕਾਰਾਂ, ਜਿਸ ਨੂੰ ਗੁਰੂ ਨਿਵਾਜੇ।
ਉਸ ਮਾਲਕ ਦੇ ਦਰ ਦੇ ਵਰਗਾ, ਹੋਰ ਕਿਤੇ ਕੋਈ ਦਰ ਨੀ।
ਜੇ ਕੋਈ ਸੰਤ..........

5.

ਮਾਨਸ ਜਨਮ ਦਾ ਲਾਹਾ ਏਹੋ, ਗੁਣ ਸਾਹਿਬ ਦੇ ਗਾਈਏ।
ਮੁੱਕਜੇ ਗੇੜ ਚੌਰਾਸੀ ਵਾਲਾ, ਫੇਰ ਨਾ ਜੂਨੀ ਆਈਏ।
ਚੰਗਿਆਂ ਦੀ ਸੰਗਤ ਕਰ ਦਿੰਦੀ, ਹਿਰਦੇ ਵਿਚ ਤਬਦੀਲੀ।
ਸੁੰਦਰ ਸੋਹਣੇ..........

6.

ਇੱਕੋ ਤੁਕ ਗੁਰਬਾਣੀ ਵਾਲੀ, ਜਾਂਦੀ ਦਿਲ ਵਿਚ ਲਹਿੰਦੀ।
ਉਧਰ ਸੰਤ ਦੀਵਾਨ ਸਿੰਘ ਦੇ, ਖਿੱਚ ਹੈ ਦਿਲ ਨੂੰ ਪੈਂਦੀ।
ਮਸਤਾਨੀ ਜਿਹੀ ਬਿਰਤੀ ਵਾਲੇ, ਬਹੁਤ ਉਨ੍ਹਾਂ ਵਿਚ ਕਰਨੀ।
ਜੇ ਕੋਈ ਸੰਤ..........

7.

ਪੜ੍ਹ ਕੇ ਸ਼ਬਦ ਨਿਧਾਨ ਸਿੰਘ ਨੇ, ਨੇਤਰ ਸੀ ਜਦ ਖੋਲ੍ਹੇ।
ਧੰਨ-ਧੰਨ ਬਾਬਾ ਦੀਵਾਨ ਸਿੰਘ ਜੀ, ਆਣ ਖਲੋਤੇ ਕੋਲੇ।
'ਜਰਨੈਲ ਸਿੰਘਾ' ਜਤ-ਸਤ ਵਿਚ ਪੂਰੇ, ਹਸਤੀ ਬੜੀ ਹਠੀਲੀ।
ਸੁੰਦਰ ਸੋਹਣੇ ਬੋਲ ਸੰਤ ਦੇ, ਜਾਣ ਦਿਲਾਂ ਨੂੰ ਕੀਲੀ।

ਸੰਤ ਜੀ ਆਪਣੀ ਮੌਜ ਵਿਚ ਆਏ ਬ੍ਰਿਛ ਦੀ ਛਾਂਵੇਂ ਬੈਠੇ ਹਨ। ਜੇਠ ਮਹੀਨਾ, ਤੇਜ਼ ਧੁੱਪ ਤੇ ਸਿਖਰ ਦੁਪਹਿਰ ਹੈ। ਵੈਰਾਗ ਵਿਚ ਆਏ ਪ੍ਰਭੂ ਭਗਤੀ ਵਿਚ ਜੁੜੇ ਹੋਏ, ਉੱਚੀ ਅਵਾਜ਼ ਵਿਚ ਇਹ ਸ਼ਬਦ ਪੜ੍ਹ ਰਹੇ ਸਨ। ਮਿੱਠੀ ਅਤੇ ਰਸੀਲੀ ਅਵਾਜ਼ ਤੁਰੇ ਜਾਂਦੇ ਰਾਹੀਆਂ ਨੂੰ ਭਾਅ ਰਹੀ ਸੀ ਅਤੇ ਅਟਕਾ ਰਹੀ ਸੀ। ਜਦੋਂ ਸੰਤ ਬਾਬਾ ਨਿਧਾਨ ਸਿੰਘ ਜੀ ਇਹ ਸ਼ਬਦ ਪੜ੍ਹ ਰਹੇ ਸਨ ਕਿ ਰੱਬ ਦੀ ਕ੍ਰਿਪਾ ਵਾਲਾ ਕੋਈ ਸੰਤ ਮਿਲ ਜਾਏ ਤਾਂ ਮੇਰੇ ਪੂਰਨ ਭਾਗ ਬਣ ਜਾਣ।

ਉਧਰ ਮਸਤਾਨੀ ਬਿਰਤੀ ਵਾਲੇ ਸੰਤ ਬਾਬਾ ਦੀਵਾਨ ਸਿੰਘ ਜੀ ਇਹਨਾਂ ਨੂੰ ਤਾਰਨ ਵਾਸਤੇ ਤੁਰ ਪਏ ਹਨ। ਏਧਰ ਮੁੰਦੇ ਪਏ ਨੈਣ, ਲੱਗੀ ਹੋਈ ਸਮਾਧੀ ਤੇ ਬਾਬਾ ਜੀ ਸ਼ਬਦ ਪੜ੍ਹ ਰਹੇ ਹਨ। ਜਦੋਂ ਨੇਤਰ ਖੋਲ੍ਹੇ ਤਾਂ ਸਾਹਮਣੇ ਸੰਤ ਬਾਬਾ ਦੀਵਾਨ ਸਿੰਘ ਜੀ ਖਲੋਤੇ ਹੋਏ ਹਨ।



ਸੰਤ ਬਾਬਾ ਨਿਧਾਨ ਸਿੰਘ ਜੀ ਉਠੇ ਤੇ ਉਨ੍ਹਾਂ ਦੇ ਚਰਨਾਂ 'ਤੇ ਸਿਰ ਰੱਖ ਦਿੱਤਾ। ਬਾਬਾ ਦੀਵਾਨ ਸਿੰਘ ਜੀ ਨੇ ਘੁੱਟ ਕੇ ਛਾਤੀ ਨਾਲ ਲਾਇਆ ਅਤੇ ਆਖਿਆ— ਸੰਤ ਜੀ ! ਇਸ ਤਰ੍ਹਾਂ ਘਰ ਜਾਂ ਖੇਤ ਵਿਚ ਬਹਿ ਕੇ ਤਪੱਸਿਆ ਨਹੀਂ ਹੁੰਦੀ। ਜੇ ਸੇਵਾ ਸਿਮਰਨ ਕਰਨਾ ਹੈ ਤਾਂ ਕਿਸੇ ਗੁਰਦੁਆਰੇ ਚੱਲੇ ਜਾਉ ਅਤੇ ਗੁਰੂ-ਘਰ ਦੀ ਸੇਵਾ ਕਰੋ। ਇਹ ਕਹਿ ਕੇ ਸੰਤ ਬਾਬਾ ਦੀਵਾਨ ਸਿੰਘ ਜੀ ਚਲਦੇ ਬਣੇ।

ਹੁਣ ਬੇਸ਼ੱਕ ਨਿਧਾਨ ਸਿੰਘ ਰੋਜ਼ ਖੇਤਾਂ ਵਿਚ ਆਉਂਦਾ ਹੈ, ਪਰ ਹੁਣ ਦਿਨੋਂ ਦਿਨ ਵੈਰਾਗ, ਸੇਵਾ, ਭਗਤੀ ਭਾਵ ਦਿਲ ਵਿੱਚੋਂ ਉਮੰਗਾਂ ਕਰ ਰਿਹਾ ਹੈ। ਨਿਧਾਨ ਸਿੰਘ ਵਿਚਾਰਨ ਲੱਗੇ ਕਿ ਹੁਣ ਘਰ ਨਹੀਂ ਬੈਠਣਾ, ਹੁਣ ਆਪਾਂ ਕਿਸੇ ਪਾਸੇ ਜਾਣਾ ਹੈ। ਰੱਬ ਜਾਣਦਾ ਹੈ ਇਕ ਦਿਨ ਕੀ ਵਿਚਾਰ ਬਾਬਾ ਜੀ ਦੇ ਦਿਲ ਵਿਚ ਆਈ ਅਤੇ ਘਰੋਂ ਆਪਣੇ ਖੇਤ ਵਿਚ ਆਏ। ਸਿਖਰ ਦੁਪਹਿਰ ਲੱਗੀ ਹੋਈ ਸੀ। ਉਸੇ ਤਰ੍ਹਾਂ ਪਸ਼ੂ ਬੱਝੇ ਹੋਏ ਹਨ। ਮੌਜ ਵਿਚ ਆਏ ਸੰਤ ਬਾਬਾ ਨਿਧਾਨ ਸਿੰਘ ਜੀ ਚੱਲ ਪੈਂਦੇ ਹਨ। ਜਦੋਂ ਪਿਤਾ ਉੱਤਮ ਸਿੰਘ ਜੀ ਖੇਤ ਵਿਚ ਆਏ ਤਾਂ ਨਿਧਾਨ ਸਿੰਘ ਨਹੀਂ ਦਿੱਸਿਆ। ਵਾਪਸ ਪਿੰਡ ਗਏ ਤੇ ਪਰਿਵਾਰ ਨੂੰ ਦੱਸਿਆ। ਗਲੀ ਮੁਹੱਲਾ ਤੇ ਘਰ-ਘਰ ਫੋਲਿਆ ਗਿਆ। ਕਿਸੇ ਵੀ ਪਾਸਿਉਂ ਬਾਬਾ ਜੀ ਨਾ ਲੱਭੇ।

## ਟਰਨ

1.

ਜਦ ਪੁੱਤਰ ਨਾ ਦਿੱਸਿਆ ਮੱਚ ਗਈਆਂ ਹਾਹਾਕਾਰਾਂ ਜੀ।
ਘਰ-ਘਰ ਬੈਠੇ ਲੋਕੀਂ ਲੱਗੇ ਕਰਨ ਵਿਚਾਰਾਂ ਜੀ।
ਚੋਰਾਂ ਵਾਂਗੂੰ ਰਾਤ ਕਿਤੇ ਉਹ ਖਿਸਕਾ ਗਿਆ ਪੱਲਾ ਉਹ।
ਰੱਬ ਜਾਣਦਾ ਕਿਧਰ ਤੁਰ ਗਿਆ, ਕਲਮ ਕੱਲਾ ਉਹ।

2.

ਰੋਂਦੀ ਮਾਂ ਵਿਚਾਰੀ ਪੁੱਤਰ ਨਜ਼ਰੀਂ ਆਉਂਦਾ ਨਾ।
ਉੱਤਮ ਸਿੰਘ ਨੂੰ ਕੁਝ ਵੀ ਖਾਣਾ ਪੀਣਾ ਭਾਉਂਦਾ ਨਾ।
ਲੱਭ ਭਾਲ ਕੇ ਥੱਕਿਆ ਪਿੰਡ ਦਾ ਗਲੀ ਮੁਹੱਲਾ ਉਹ।
ਰੱਬ ਜਾਣਦਾ..........

3.

ਘਰ ਸੁੰਞਾ ਜਿਹਾ ਲੱਗੇ ਜੀਅ ਨਹੀਂ ਲੱਗਦਾ ਵੀਰਾਂ ਦਾ।
ਔਖਾ ਹੋ ਗਿਆ ਸੱਲ ਸਹਿਣਾ ਬਿਰਹੋਂ ਦੇ ਤੀਰਾਂ ਦਾ।

ਛੋਟਾ ਵੀਰ ਤਾਂ ਕਹਿੰਦੇ, ਰੋ ਰੋ ਹੋ ਗਿਆ ਝੱਲਾ ਉਹ।
ਰੱਬ ਜਾਣਦਾ..........

4.

ਗਲੀ ਮੁਹੱਲੇ ਫਰੋਲੇ ਵੇਖਿਆ ਗੁਰਦੁਆਰਿਆਂ ਤੋਂ।
ਘਰ-ਘਰ ਜਾਹ ਪੁੱਛਿਆ ਸੀ ਪਿੰਡਾਂ ਸਾਰਿਆਂ ਤੋਂ।
ਜੰਗਲ ਬੇਲੇ ਫੋਲੇ ਬਹਿੰਦਾ ਜਾ ਅਵੱਲਾ ਉਹ।
ਰੱਬ ਜਾਣਦਾ..........

5.

ਜੰਗਲ ਬੇਲੇ ਫੋਲੇ ਪੁੱਛਿਆ ਜਾਂਦੇ ਰਾਹੀਆਂ ਤੋਂ।
ਲਾਗੇ ਬੰਨੇ ਪਿੰਡਾਂ ਦੇ ਸਿਆਣੇ ਭਾਈਆਂ ਤੋਂ।
ਚਾਰ-ਚੁਫੇਰਿਉਂ ਸਾਰੇ ਕਰਕੇ ਮੁੜੇ ਤਸੱਲਾ ਉਹ।
ਰੱਬ ਜਾਣਦਾ..........

6.

ਨਾ ਕਿਸੇ ਨਾਲ ਯਾਰੀ ਨਾ ਕਿਸੇ ਨਾਲ ਵੈਰ ਉਹਦਾ।
ਸਿਮਰਨ ਚਲਦਾ ਰਹਿੰਦਾ ਦਿਲ 'ਚ ਅੱਠ ਪਹਿਰ ਉਹਦਾ।
ਰੱਬ ਕੋਲੋਂ ਸੀ ਮੰਗ ਰਿਹਾ ਸਰਬੱਤ ਦਾ ਭਲਾ ਉਹ।
ਰੱਬ ਜਾਣਦਾ..........

7.

ਜਤ ਸਤ ਦੇ ਵਿਚ ਪੂਰਾ ਕਹਿੰਦੇ ਮਾਈ ਭਾਈ ਸੀ।
ਪੂਰੇ ਪੰਜ ਕਕਾਰਾਂ ਨੂੰ ਨੱਥ ਉਸ ਨੇ ਪਾਈ ਸੀ।
ਸੁਭ ਕਰਮਾਂ ਨਾਲ ਭਰਿਆ, ਗੂੜ ਗਿਆਨ ਦਾ ਗੱਲਾ ਉਹ।
ਰੱਬ ਜਾਣਦਾ..........

8.

ਉੱਗ ਸੁੱਗ ਨਾ ਨਿਕਲੀ ਹੰਭ ਹਾਰ ਕੇ ਬਹਿ ਗਏ ਸੀ।
ਸਾਰੇ ਨਗਰ ਵਾਸੀ ਸੋਚਾਂ ਵਿਚ ਪੈ ਗਏ ਸੀ।
'ਜਰਨੈਲ ਸਿੰਘਾ' ਕੋਈ ਪਤਾ ਨਾ ਕਿਹੜੇ ਪਾਸੇ ਚਲਾ ਉਹ।
ਰੱਬ ਜਾਣਦਾ ਕਿਧਰ ਤੁਰ ਗਿਆ, ਕਲਮ ਕੱਲਾ ਉਹ।

ਮਾਪੇ ਬੜਾ ਹੈਰਾਨ ਹੋਏ। ਪਿੰਡ ਵਾਲੇ ਦੰਗ ਰਹਿ ਗਏ। ਯਾਰ ਮਿੱਤਰ ਸੋਚ ਰਹੇ ਸਨ ਕਿ



ਨਿਧਾਨ ਸਿੰਘ ਨੂੰ ਕੀ ਹੋ ਗਿਆ, ਉਹ ਕਿਧਰ ਤੁਰ ਗਿਆ ਹੈ ? ਪਿੰਡ ਦੇ ਸਿਆਣੇ ਬੰਦਿਆਂ ਨੇ ਬਾਬਾ ਉੱਤਮ ਸਿੰਘ ਜੀ ਨੂੰ ਆਖਿਆ, ਤੇਰੀ ਕਿਸੇ ਨਾਲ ਦੁਸ਼ਮਣੀ ਨਹੀਂ। ਇਹ ਨਾ ਸਮਝੀਂ ਕਿ ਨਿਧਾਨ ਸਿੰਘ ਨੂੰ ਕਿਸੇ ਨੇ ਮਾਰ ਦਿੱਤਾ ਹੋਵੇਗਾ। ਹੋ ਸਕਦਾ ਹੈ ਉਹ ਕਿਸੇ ਰਿਸ਼ਤੇਦਾਰੀ ਵਿਚ ਚੱਲੇ ਗਿਆ ਹੋਵੇ। ਪਿੰਡ ਵਿੱਚੋਂ ਘੋੜੀਆਂ 'ਤੇ ਬੰਦਿਆਂ ਨੂੰ ਨਾਲ ਲੈ ਕੇ ਕੋਈ ਵੀ ਰਿਸ਼ਤੇਦਾਰੀ, ਕੋਈ ਘਰ-ਘਾਟ, ਕੋਈ ਥਾਂ ਨਹੀਂ ਛੱਡਿਆ ਜਿੱਥੇ ਨਿਧਾਨ ਸਿੰਘ ਨੂੰ ਨਾ ਲੱਭਿਆ ਹੋਵੇਗਾ।

ਏਧਰ ਮਾਂ ਨੇ ਕਈ ਦਿਨ ਰੋਟੀ ਨਹੀਂ ਖਾਧੀ। ਭਰਾ ਉਦਾਸ ਬੈਠੇ ਰਹੇ। ਪਿਤਾ ਸੋਚਾਂ ਵਿਚ ਡੁੱਬਾ ਪਿਆ ਸੀ। ਉਧਰ ਰੱਬੀ ਮੌਜ ਵਿਚ ਆਇਆ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡੋਂ ਕਿਹੜੇ ਪਾਸੇ ਨੂੰ ਤੁਰਿਆ ਤੇ ਉਹ ਕਿੱਥੇ ਗਿਆ ? ਆਉ ਦਰਸ਼ਨ ਕਰੀਏ :—

## ਸਾਕਾ

ਤੁਰ ਪਏ ਬਾਬਾ ਸਾਹਿਬ ਜੀ ਦੱਖਣ ਦੇ ਵੱਲੇ।
ਪਿੰਡ ਨਿਡੋਲਾ ਛੱਡ ਕੇ ਉਹ ਤੁਰ ਪਏ 'ਕੱਲੇ।
ਨਦੀਆਂ ਨਾਲੇ ਚੀਰਦੇ ਪਏ ਰਾਹ ਅਵੱਲੇ।
ਪੈਂਡੇ ਬਿਖੜੇ ਰਾਹਾਂ ਦੇ ਜਿੰਦ ਉੱਤੇ ਝੱਲੇ।
ਰਾਤਾਂ ਜਾਣ ਗੁਜ਼ਾਰਦੇ ਰੱਬ ਦੀ ਛੱਤ ਥੱਲੇ।
ਜਾਂਦੇ ਮੰਜ਼ਿਲਾਂ ਮਾਰਦੇ ਰੱਬ ਜਿੱਧਰ ਘੱਲੇ।
ਰੱਖਣ ਓਟ ਅਕਾਲ 'ਤੇ ਸੱਚ ਜਿਨ੍ਹਾਂ ਪੱਲੇ।
ਪਿੰਡਾਂ ਸ਼ਹਿਰਾਂ ਵਿਚ ਦੀ ਲੰਘ ਗਲੀ ਮੁਹੱਲੇ।
ਭਰਤੀ ਹੋ ਗਏ ਫ਼ੌਜ ਵਿਚ ਜਾ ਝਾਂਸੀ ਵੱਲੇ।
'ਜਰਨੈਲ ਸਿੰਘਾ' ਸਮਾਂ ਆਉਣ 'ਤੇ ਸਿੰਘਾਂ ਨਾਲ ਰੱਲੇ।

ਸੰਤ ਨਿਧਾਨ ਸਿੰਘ ਜੀ 16 ਸਾਲ ਦੇ ਗੱਭਰੂ ਰੱਬ ਦੀ ਮੌਜ ਵਿਚ ਆਏ ਹੋਏ ਦੱਖਣ ਦੀ ਤਰਫ਼ ਚੱਲ ਪਏ ਹਨ। ਦਿੱਲੀ, ਮਥਰਾ ਤੋਂ ਲੰਘਦੇ ਹੋਏ ਜਾ ਪਹੁੰਚੇ ਨੇ ਝਾਂਸੀ ਸ਼ਹਿਰ ਵਿਚ। ਇਥੇ ਕੁਝ ਗੁਰਸਿੱਖਾਂ ਦੇ ਨਾਲ ਬਾਬਾ ਨਿਧਾਨ ਸਿੰਘ ਜੀ ਦਾ ਮਿਲਾਪ ਹੋਇਆ। ਏਥੇ ਹੀ ਬਾਬਾ ਜੀ ਪੰਜ ਨੰਬਰ ਰਸਾਲੇ ਵਿਚ ਭਰਤੀ ਹੋ ਗਏ। ਫ਼ੌਜ ਵਿਚ ਵੀ ਜਦੋਂ ਨਿਤਨੇਮ ਦਾ ਸਮਾਂ ਹੁੰਦਾ ਤਾਂ ਬਾਬਾ ਜੀ ਸਮਾਧੀ ਲਾ ਕੇ ਬੈਠ ਜਾਂਦੇ ਸਨ। ਵੱਡੇ ਤੋਂ ਵੱਡਾ ਅਫ਼ਸਰ ਵੀ ਬਾਬਾ ਜੀ ਦਾ ਸਤਿਕਾਰ ਕਰਦਾ ਸੀ ਅਤੇ ਕੋਈ ਵੀ ਕੰਮ ਨਹੀਂ ਦੱਸਦੇ ਸਨ। ਜਦੋਂ ਬਾਬਾ ਜੀ ਭਜਨ ਬੰਦਗੀ ਤੋਂ ਵਿਹਲੇ ਹੋ ਜਾਇਆ ਕਰਦੇ ਸਨ ਤਾਂ ਉਹ ਫੇਰ ਆਪਣੀ ਡਿਊਟੀ 'ਤੇ ਡਟ ਜਾਂਦੇ ਸਨ। ਉਧਰ ਸਾਰਾ ਪਰਿਵਾਰ ਚਿੰਤਾ ਵਿਚ ਹੈ। ਏਧਰ ਬਾਬਾ ਜੀ ਫ਼ੌਜ ਵਿਚ ਵੀ ਅੰਮ੍ਰਿਤ ਵੇਲੇ ਉੱਠ ਕੇ ਜੰਗਲ ਵਿਚ ਉਜਾੜ ਨੂੰ ਨਿਕਲ ਜਾਂਦੇ ਹਨ। ਕਈ-ਕਈ ਘੰਟੇ ਦਾ ਸਿਮਰਨ ਕਰਨ ਤੋਂ

ਬਾਅਦ ਬਾਬਾ ਜੀ ਡਿਊਟੀ 'ਤੇ ਆਉਂਦੇ ਹਨ।

ਇਕ ਦਿਨ ਰੱਬੀ ਭਾਣਾ ਵਰਤਿਆ। ਤਾਰਿਆਂ ਦੀ ਛਾਵੇਂ ਬਾਬਾ ਜੀ ਉੱਠ ਕੇ ਤੁਰ ਪਏ। ਮੂੰਹ ਵਿੱਚੋਂ ਗੁਰਬਾਣੀ ਪੜ੍ਹਦੇ-ਪੜ੍ਹਦੇ ਬਾਬਾ ਜੀ ਆਪਣੀ ਛਾਉਣੀ ਤੋਂ ਪੰਜ ਮੀਲ ਦੂਰ ਚਲੇ ਗਏ। ਅਚਾਨਕ ਘੋੜਿਆਂ ਦੇ ਪੌੜਾਂ ਦੀ ਆਵਾਜ਼ ਬਾਬਾ ਜੀ ਦੇ ਕੰਨਾਂ ਵਿਚ ਪਈ ਤੇ ਬਾਬਾ ਜੀ ਨੇ ਨੇਤਰ ਖੋਲ੍ਹੇ ਤਾਂ ਪੰਜ ਘੋੜ-ਸਵਾਰ ਪੂਰਨ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਨਿਹੰਗ ਸਿੰਘ ਸ਼ਸਤਰਧਾਰੀ, ਗਾਤਰੇ ਸ੍ਰੀ ਸਾਹਿਬ, ਉੱਚੇ ਦੁਮਾਲੇ, ਨੀਲੇ ਬਾਣੇ, ਇਲਾਹੀ ਨੂਰ ਉਹਨਾਂ ਦੇ ਮੱਥੇ ਤੋਂ ਛਲਕ ਰਿਹਾ ਹੈ, ਜਿਵੇਂ ਅਰਸ਼ ਮੰਡਲ ਦੇ ਦੇਵਤੇ ਫ਼ਰਸ਼ ਉੱਤੇ ਉਤਰੇ ਹੋਣ। ਇਹ ਨਿਹੰਗ ਸਿੰਘਾਂ ਦਾ ਜਥਾ ਸੁਖਮਨੀ ਸਾਹਿਬ ਦਾ ਪਾਠ ਕਰਦਾ ਜਾ ਰਿਹਾ ਸੀ। ਇਕ ਸਿੰਘ ਅੱਗੇ ਬੋਲਦਾ ਹੈ, ਚਾਰ ਸਿੰਘ ਪਿੱਛੇ ਬੋਲਦੇ ਜਾ ਰਹੇ ਹਨ। ਜਦੋਂ ਐਸੇ ਪਿਆਰੇ ਨਿਹੰਗ ਸਿੰਘਾਂ ਦੇ ਦਰਸ਼ਨ ਕੀਤੇ ਤਾਂ ਬਾਬਾ ਨਿਧਾਨ ਸਿੰਘ ਜੀ ਦਾ ਦਿਲ ਖਿਚਿਆ ਗਿਆ। ਬਾਬਾ ਜੀ ਪ੍ਰੇਮ ਦੇ ਬੱਧੇ ਹੋਏ, ਇਨ੍ਹਾਂ ਨਿਹੰਗ ਸਿੰਘਾਂ ਦੇ ਪਿੱਛੇ ਤੁਰ ਪਏ। ਬਾਬਾ ਜੀ ਨੂੰ ਫ਼ੌਜ ਵੱਲ ਵਾਪਸ ਮੁੜਨ ਦਾ ਵੀ ਚੇਤਾ ਭੁੱਲ ਗਿਆ ਹੈ।

## ਪਉੜੀ

1. ਉੱਠ ਕੇ ਤੜਕੇ ਪਹਿਰ ਦੇ ਪੜ੍ਹਦੇ ਗੁਰਬਾਣੀ।
ਜੰਗਲ ਵੱਲ ਨੂੰ ਨਿਕਲ ਗਏ ਬਾਬਾ ਜੀ ਜਾਣੀ।
ਅੱਗੇ ਵਰਤੀ ਖੇਡ ਸੀ ਕੁਝ ਅਜਬ ਨਿਰਾਲੀ।
ਦਰਸ਼ਨ ਕਰਨ ਹਜ਼ੂਰ ਸਾਹਿਬ ਜਾ ਰਹੇ ਅਕਾਲੀ।

2. ਘੋੜਿਆਂ 'ਤੇ ਅਸਵਾਰ ਸਨ ਲਾਡਲੀਆਂ ਫ਼ੌਜਾਂ।
ਬਾਣੀ ਪੜ੍ਹਦੇ ਜਾ ਰਹੇ ਆਏ ਵਿਚ ਮੌਜਾਂ।
ਚੱਕਰ ਚਮਕਣ ਸਿਰਾਂ 'ਤੇ ਜਿਉਂ ਜਗੇ ਦੀਵਾਲੀ।
ਦਰਸ਼ਨ ਕਰਨ..........

3. ਵੇਖੇ ਸੰਤ ਨਿਧਾਨ ਸਿੰਘ ਪੰਜ ਛੇ ਨਿਹੰਗ ਸਿੰਘ।
ਅਰਸ਼ ਮੰਡਲ ਦੇ ਦੇਵਤੇ ਕੋਈ ਏਹ ਨਿਹੰਗ ਸਿੰਘ।
ਸਾਜੇ ਹੱਥੀਂ ਆਪ ਜੋ ਸਿੱਖੀ ਦੇ ਵਾਲੀ।
ਦਰਸ਼ਨ ਕਰਨ..........

4. ਨੀਲੇ ਬਾਣੇ ਫੱਬਦੇ ਉੱਚੇ ਦਸਤਾਰੇ।
ਲੱਗੀ ਢਾਕੇ ਸਿੰਘ ਦੇ ਲਏ ਤੇਗ ਹੁਲਾਰੇ।



ਬਾਣੇ ਬਾਣੀ ਨਾਲ ਜੋ ਰੱਖ ਰਹੇ ਖ਼ਿਆਲੀ।
ਦਰਸ਼ਨ ਕਰਨ..........

5. ਬਾਣੀ ਪੜ੍ਹਦੇ ਜਦੋਂ ਸੀ ਮੂੰਹ 'ਚੋਂ ਫੁੱਲ ਕਿਰਦੇ।
ਪਾਕ ਪਵਿੱਤਰ ਸ਼ੁੱਧ ਸੀ ਸਿੰਘਾਂ ਦੇ ਹਿਰਦੇ।
ਸੁਰਤੀ ਸੱਚੇ ਸਾਹਿਬ ਨਾਲ ਇਕ ਸੁਰ ਟਿਕਾਲੀ।
ਦਰਸ਼ਨ ਕਰਨ..........

6. ਵੇਖੇ ਘੋੜ-ਸਵਾਰ ਜਾ ਲੰਘ ਚੱਲੇ ਅੱਗੇ।
ਪਿੱਛੇ-ਪਿੱਛੇ ਉਹਨਾਂ ਦੇ ਬਾਬਾ ਜੀ ਲੱਗੇ।
ਐਸੀ ਡੋਰ ਪ੍ਰੇਮ ਦੀ ਉਹਨਾਂ ਨੇ ਪਾਲੀ।
ਦਰਸ਼ਨ ਕਰਨ..........

7. ਭੋਗ ਪਿਆ ਜਾ ਸੁਖਮਨੀ ਥੰਮ੍ਹ ਦਿੱਤੇ ਘੋੜੇ।
ਨਾਲ ਰੁੱਖ ਦੇ ਉਹਨਾਂ ਨੇ ਬੰਨ੍ਹ ਦਿੱਤੇ ਘੋੜੇ।
ਦਰਸ਼ ਦੇ ਦਿਉ ਪਾਤਸ਼ਾਹ ਮੁੜੀਏ ਨਾ ਖ਼ਾਲੀ।
ਦਰਸ਼ਨ ਕਰਨ ਹਜ਼ੂਰ ਸਾਹਿਬ ਜਾ ਰਹੇ ਅਕਾਲੀ।

ਇਹ ਨਿਹੰਗ ਸਿੰਘ ਸੁਖਮਨੀ ਸਾਹਿਬ ਦਾ ਪਾਠ ਕਰਦੇ ਜਾ ਰਹੇ ਹਨ। ਬਾਬਾ ਜੀ ਵੀ ਇਹਨਾਂ ਦੇ ਪਿੱਛੇ-ਪਿੱਛੇ ਤੁਰੇ ਜਾ ਰਹੇ ਹਨ। ਜਦੋਂ ਸੁਖਮਨੀ ਸਾਹਿਬ ਦਾ ਪਾਠ ਸਮਾਪਤ ਹੋਇਆ ਤਾਂ ਇਹਨਾਂ ਨਿਹੰਗ ਸਿੰਘਾਂ ਨੇ ਘੋੜੇ ਰੁੱਖ ਦੇ ਨਾਲ ਬੰਨ੍ਹ ਦਿੱਤੇ ਅਤੇ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਬਾਬਾ ਨਿਧਾਨ ਸਿੰਘ ਜੀ ਵੀ ਇਹਨਾਂ ਕੋਲ ਪਹੁੰਚ ਗਏ ਅਤੇ ਫ਼ਤਹਿ ਬੁਲਾ ਕੇ ਇਹਨਾਂ ਦੇ ਕੋਲ ਹੀ ਬੈਠ ਗਏ। ਲੰਗਰ ਛਕਣ ਤੋਂ ਬਾਅਦ ਅੱਗੇ ਨੂੰ ਤੁਰਨ ਲੱਗਿਆਂ, ਇਨ੍ਹਾਂ ਦੇ ਵੱਡੇ ਜੱਥੇਦਾਰ ਨੇ ਗਲ ਵਿਚ ਪੱਲਾ ਪਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਅਰਦਾਸ ਕੀਤੀ—ਹੇ ਵਾਹਿਗੁਰੂ ! ਕ੍ਰਿਪਾ ਕਰਨੀ, ਆਪ ਜੀ ਦੇ ਦਰਸ਼ਨ ਦੀਦਾਰਿਆਂ ਨੂੰ ਜਾ ਰਹੇ ਹਾਂ, ਅੰਗ ਸੰਗ ਸਹਾਈ ਹੋਣਾ। ਇਸ ਨਿਹੰਗ ਸਿੰਘ ਨੇ ਏਨਾ ਤਰਲਾ ਲੈ ਕੇ ਅਰਦਾਸ ਕੀਤੀ ਕਿ ਬਾਬਾ ਜੀ ਦੇ ਇਕ-ਇਕ ਬੋਲ ਦਿਲ ਵਿਚ ਲਹਿੰਦਾ ਜਾ ਰਿਹਾ ਸੀ। ਅਰਦਾਸ ਤੋਂ ਬਾਅਦ ਅਕਾਲੀ ਸਿੰਘਾਂ ਜੈਕਾਰੇ ਛੱਡ ਕੇ ਅੱਗੇ ਤੁਰ ਪਏ। ਬਾਬਾ ਜੀ ਵੀ ਇਹਨਾਂ ਅਕਾਲੀ ਸਿੰਘਾਂ ਨਾਲ ਚੱਲ ਪਏ।

## ਕੋਰੜਾ

1. ਬਾਬਾ ਸਾਹਿਬ ਕਰ ਕੇ ਦੀਦਾਰ ਸਿੰਘਾਂ ਦੇ।
ਹੋ ਪਏ ਜਾਣੋਂ ਨਾਲ ਹੀ ਤਿਆਰ ਸਿੰਘਾਂ ਦੇ।

ਦੁੱਖ-ਸੁੱਖ ਇਕ ਦੂਸਰੇ ਦਾ ਵੰਡਦੇ।
ਚੱਲੇ ਨੇ ਦੀਦਾਰ ਪਾਉਣ ਸੱਚਖੰਡ ਦੇ।

2. ਲਾਜ ਰੱਖੀਂ ਹਿੰਦ ਨੂੰ ਬਚਾਉਣ ਵਾਲਿਆ।
ਚਾਰੇ ਪੁੱਤ ਦੇਸ਼ ਲੇਖੇ ਲਾਉਣ ਵਾਲਿਆ।
ਭਾਈ ਮਹਾਂ ਸਿੰਘ ਦੀ ਜੋ ਟੁੱਟੀ ਗੰਢ ਦੇ।
ਚੱਲੇ ਨੇ ਦੀਦਾਰ ਪਾਉਣ ਸੱਚਖੰਡ ਦੇ।

3. ਜਿੱਥੇ ਜਾ ਕੇ ਬੰਦਾ ਸਿੰਘ ਨੂੰ ਸਜਾਇਆ ਤੂੰ।
ਜੱਥੇਦਾਰ ਵੱਡਾ ਕੌਮ ਦਾ ਬਣਾਇਆ ਤੂੰ।
ਮਾਣ ਤੋੜੇ ਜਿੰਨੇ ਖ਼ਾਨਾਂ ਦੇ ਘੁਮੰਡ ਦੇ।
ਚੱਲੇ ਨੇ ਦੀਦਾਰ ਪਾਉਣ ਸੱਚਖੰਡ ਦੇ।

4. ਚਰਨਾਂ ਨਾਲ ਲਾ ਲੈ ਸਾਨੂੰ ਸੱਚੇ ਪਾਤਸ਼ਾਹ।
ਆਪਣੇ ਬਣਾ ਲੈ ਸਾਨੂੰ ਸੱਚੇ ਪਾਤਸ਼ਾਹ।
ਭਾਰ ਹੋਣ ਹੌਲੇ ਪਾਪਾਂ ਵਾਲੀ ਪੰਡ ਦੇ।
ਚੱਲੇ ਨੇ ਦੀਦਾਰ ਪਾਉਣ ਸੱਚਖੰਡ ਦੇ।

5. ਗੱਦੀ ਦਿੱਤੀ ਜਿੱਥੇ ਤੁਸਾਂ ਗੁਰੂ ਗ੍ਰੰਥ ਨੂੰ।
ਕੀਤੀਆਂ ਹਦਾਇਤਾਂ ਜਿੱਥੇ ਤੁਸੀਂ ਪੰਥ ਨੂੰ।
ਨਾਮ ਦਾਨ ਜਿੱਥੇ ਖ਼ਾਲਸੇ ਨੂੰ ਵੰਡਦੇ।
ਚੱਲੇ ਨੇ ਦੀਦਾਰ ਪਾਉਣ ਸੱਚਖੰਡ ਦੇ।

6. ਲੰਘ ਗਏ ਕਈ ਦਿਨ ਰਸਤਾ ਪਹਾੜੀ ਏ।
ਲੰਘ ਜਾਂਦੀ ਕਈਆਂ ਥਾਵਾਂ 'ਤੇ ਦਿਹਾੜੀ ਏ।
ਜਾਂਦੇ ਰਾਹੋਂ ਭੁੱਲ ਕਈ ਜੰਗਲ ਹੰਡ ਦੇ।
ਚੱਲੇ ਨੇ ਦੀਦਾਰ ਪਾਉਣ ਸੱਚਖੰਡ ਦੇ।

7. ਪਹੁੰਚ ਗਏ ਨੇ ਨੰਦੇੜ ਮੰਜ਼ਿਲਾਂ ਨੂੰ ਮਾਰਦੇ।
ਬੱਝੇ ਹੋਏ ਬਾਜਾਂ ਵਾਲੇ ਦੇ ਪਿਆਰ ਦੇ।



ਦਾਤਾ ਸਾਡੇ ਦਿਲੀਂ ਵਰਤਾ ਤੂੰ ਠੰਡ ਦੇ।
ਚੱਲੇ ਨੇ ਦੀਦਾਰ ਪਾਉਣ ਸੱਚਖੰਡ ਦੇ।

ਲੰਮੀਆਂ ਮੰਜ਼ਲਾਂ ਕਈ ਦਿਨਾਂ ਵਿਚ ਮੁਕਾਉਣ ਤੋਂ ਬਾਅਦ ਜਾ ਕੇ ਦਰਸ਼ਨ ਕੀਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ। ਉਹਨਾਂ ਅਕਾਲੀ ਸਿੰਘਾਂ ਦੇ ਨਾਲ ਰਲ ਕੇ ਬਾਬਾ ਜੀ ਨੇ ਬਹੁਤ ਸਾਰੇ ਅਸਥਾਨਾਂ ਦੇ ਦਰਸ਼ਨ ਕੀਤੇ। ਨਾਨਕ ਝੀਰਾ, ਨਗੀਨਾ ਘਾਟ, ਹੀਰਾ ਘਾਟ ਅਤੇ ਮਾਤਾ ਸਾਹਿਬ ਕੌਰ ਦੇ ਦਰਬਾਰ ਦੇ ਦਰਸ਼ਨ ਕਰਨ ਤੋਂ ਬਾਅਦ ਬਾਬਾ ਜੀ ਸੱਚਖੰਡ ਆਣ ਕੇ ਟਿਕ ਗਏ। ਨਾਲ ਗਏ ਹੋਏ ਨਿਹੰਗ ਸਿੰਘ ਵਤਨ ਨੂੰ ਵਾਪਸ ਆ ਗਏ, ਪਰ ਬਾਬਾ ਜੀ ਨੇ ਕਹਿ ਦਿੱਤਾ, ਮੈਂ ਹੁਣ ਬਾਜਾਂ ਵਾਲੇ ਦੇ ਚਰਨਾਂ ਵਿਚ ਹੀ ਰਹਾਂਗਾ। ਬਾਬਾ ਜੀ ਨੇ ਵੇਖਿਆ, ਕਿੰਨੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਕੇ ਲੋਕ ਏਥੇ ਦਰਸ਼ਨ ਨੂੰ ਪਹੁੰਚਦੇ ਹਨ, ਪਰ ਉਹਨਾਂ ਦੇ ਪੀਣ ਵਾਸਤੇ ਕੋਈ ਪਾਣੀ ਦਾ ਪ੍ਰਬੰਧ ਨਹੀਂ ਹੈ। ਕਿਉਂ ਨਾ ਰਹਿੰਦੀ ਹੋਈ ਜ਼ਿੰਦਗੀ ਗੁਰੂ-ਘਰ ਦੀ ਸੇਵਾ ਵਿਚ ਲਾ ਦਿੱਤੀ ਜਾਵੇ। ਬਾਬਾ ਜੀ ਨੇ ਦੋ ਘੜੀਆਂ* ਪਾਣੀ ਪਾਉਣ ਵਾਸਤੇ ਖ਼ਰੀਦੀਆਂ। ਇਕ ਦਾ ਨਾਂ ਗੁਰਾਂ ਦਿੱਤੀ ਅਤੇ ਦੂਸਰੀ ਦਾ ਨਾਂ ਰਾਮ ਪਿਆਰੀ ਰੱਖਿਆ। ਢਾਈ-ਢਾਈ ਸੌ ਗਾਗਰ ਪਾਣੀ ਦੀ ਬਾਬਾ ਜੀ ਵਰਤਾ ਦਿਆ ਕਰਦੇ ਸਨ।

## ਦਵੀਆ

1. ਪਹੁੰਚੇ ਜਦੋਂ ਹਜ਼ੂਰ ਸਾਹਿਬ, ਜਾਹ ਸੱਚਖੰਡ ਦਰਸ਼ਨ ਪਾਏ।
ਕਲਗੀਧਰ ਦੇ ਦਰ ਉੱਤੇ, ਹੱਥ ਬੰਨ੍ਹ ਸੀਸ ਝੁਕਾਏ।
ਹੁੰਦੇ ਰਹਿਣ ਦੀਦਾਰ ਹਰਦਮ, ਵਰ ਬਾਬਾ ਜੀ ਮੰਗੇ।
ਸਾਧ ਸੰਗਤ ਦੀ ਸੇਵਾ ਵਿਚ, ਗਏ ਸਨ ਐਸੇ ਰੰਗੇ।

2. ਜੇਠ ਹਾੜ ਦੀ ਗਰਮੀ, ਅੰਬਰੋਂ ਅੱਗ ਕਹਿਰ ਦੀ ਵਰ੍ਹਦੀ।
ਗਰਮੀ ਮਾਰੀ ਸਾਧ ਸੰਗਤ, ਪਈ ਤਰਸੂ-ਤਰਸੂ ਕਰਦੀ।
ਦੂਰ ਦੁਰਾਡਿਉਂ ਤੁਰ-ਤੁਰ ਆਉਂਦੇ, ਲੋਕ ਪਏ ਸਨ ਹੰਬੇ।
ਸਾਧ ਸੰਗਤ ਦੀ..........

3. ਬਾਬਾ ਜੀ ਦੋ ਘੜੀਆਂ ਲਈਆਂ, ਕੀਤੀ ਝੱਟ ਤਿਆਰੀ।
ਨਾਂ ਉਨ੍ਹਾਂ ਦੇ ਗੁਰਾਦਿੱਤੀ ਤੇ ਰੱਖਿਆ ਰਾਮ ਪਿਆਰੀ।
ਉਹ ਕਰਨ ਸੰਗਤ ਦੀ ਸੇਵਾ, ਭਾਗ ਜਿਨ੍ਹਾਂ ਦੇ ਚੰਗੇ।
ਸਾਧ ਸੰਗਤ ਦੀ..........

*ਘੜੀਆਂ ਤੋਂ ਭਾਵ, ਪਾਣੀ ਭਰਨ ਵਾਲੇ ਘੜੇ ਜਾਂ ਮੱਘੇ (ਲੇਖਕ)।

4. ਆਉਂਦੀ ਜਾਂਦੀ ਸਾਧ ਸੰਗਤ ਨੂੰ, ਬਾਬੇ ਪਿਲਾਉਂਦੇ ਪਾਣੀ।
ਢਾਈ-ਢਾਈ ਸੌ ਗਾਗਰ ਜਲ ਦੀ, ਦੂਰੋਂ ਪਏ ਲਿਆਣੀ।
ਅੱਧੀ-ਅੱਧੀ ਰਾਤ ਉੱਠਦੇ, ਪਰ ਵੇਖੇ ਨਾ ਹੰਭੇ।
ਸਾਧ ਸੰਗਤ ਦੀ..........

5. ਜਦ ਵੀ ਵੇਹਲ ਪਾਣੀਓਂ ਲੱਗੇ, ਪੱਖਾ ਹੱਥੀਂ ਫੇਰਨ।
ਸਤਿਨਾਮ ਦਾ ਜਾਪ ਜਪਾਉਂਦੇ, ਫੁੱਲ ਰਸਨਾਂ 'ਚੋਂ ਕੇਰਨ।
ਏਸੇ ਚਾਲ 'ਚ ਸੇਵਾ ਕਰਦਿਆਂ, ਪੰਜ ਛੇ ਮਹੀਨੇ ਲੰਘੇ।
ਸਾਧ ਸੰਗਤ ਦੀ..........

6. ਸਿੱਖੀ ਸੰਗਤ ਨਾਲ ਪਿਆਰ ਬਣ ਗਿਆ, ਸਾਰੇ ਆਦਰ ਕਰਦੇ।
ਕਈ ਸ਼ਰਧਾਲੂ ਥੋੜੀ ਬਹੁਤੀ, ਮਾਇਆ ਵੀ ਆਣ ਧਰਦੇ।
ਭੁੱਜੇ ਛੋਲੇ ਮੁੱਲ ਲਿਆ ਕੇ, ਬਾਬਾ ਜੀ ਫਿਰ ਵੰਡੇ।
ਸਾਧ ਸੰਗਤ ਦੀ ਸੇਵਾ ਵਿਚ, ਗਏ ਸਨ ਐਸੇ ਰੰਗੇ।

ਜਿੱਥੇ ਬਾਬਾ ਜੀ ਪਾਣੀ ਪਿਲਾਉਂਦੇ ਸਨ, ਉਥੇ ਕਈ ਸ਼ਰਧਾਲੂ ਥੋੜੇ ਬਹੁਤੇ ਪੈਸੇ ਵੀ ਮੱਥਾ ਟੇਕ ਕੇ ਚੜ੍ਹਾ ਜਾਇਆ ਕਰਦੇ ਸਨ। ਇਹਨਾਂ ਪੈਸਿਆਂ ਨੂੰ ਬਾਬਾ ਜੀ ਨੇ ਲੰਗਰ ਉੱਤੇ ਖ਼ਰਚਣ ਦਾ ਪ੍ਰੋਗਰਾਮ ਬਣਾਇਆ। ਸਭ ਤੋਂ ਪਹਿਲਾਂ ਪੈਸੇ ਥੋੜੇ ਸਨ। ਭੁੱਜੇ ਛੋਲੇ ਲਿਆ ਕੇ ਸੰਗਤ ਨੂੰ ਵੰਡਿਆ ਕਰਦੇ ਅਤੇ ਆਖਿਆ ਕਰਦੇ ਸਨ, ਲਉ ਖ਼ਾਲਸਾ ਜੀ ! ਬਦਾਮ ਛਕ ਲਉ। ਏਸੇ ਚਾਲ ਵਿਚ ਸੰਤ ਬਾਬਾ ਨਿਧਾਨ ਸਿੰਘ ਜੀ ਨੂੰ ਹਜ਼ੂਰ ਸਾਹਿਬ ਸੇਵਾ ਕਰਦਿਆਂ, ਪੰਜ ਛੇ ਮਹੀਨੇ ਬੀਤ ਗਏ ਹਨ।

ਏਧਰ ਬਾਬਾ ਜੀ ਨੂੰ ਘਰੋਂ ਆਇਆਂ ਹੋਇਆਂ ਸਾਲ ਤੋਂ ਵਧ ਸਮਾਂ ਬੀਤ ਚੁੱਕਾ ਹੈ। ਬਾਬਾ ਜੀ ਦਾ ਪਿਤਾ ਦੋ ਟਾਈਮ ਰੱਬ ਅੱਗੇ ਅਰਦਾਸ ਕਰਦਾ ਹੈ, ਹੇ ਰੱਬਾ ! ਸਬਰ ਦੀਆਂ ਘੜੀਆਂ ਲੰਮੀਆਂ ਨਾ ਕਰ, ਹੁਣ ਮੈਨੂੰ ਮੇਰਾ ਪੁੱਤਰ ਮਿਲਾ ਦੇ।

ਇਕ ਦਿਨ ਨਿਤਨੇਮ ਕਰਨ ਪਿੱਛੋਂ ਅਰਦਾਸ ਕੀਤੀ ਤੇ ਸੁਰਤ ਜੋੜ ਲਈ ਗੁਰੂ ਦੇ ਚਰਨਾਂ ਨਾਲ। ਸਾਰੇ ਹੀ ਵੱਡੇ ਅਸਥਾਨਾਂ ਉੱਤੇ ਬਾਬਾ ਉੱਤਮ ਸਿੰਘ ਜੀ ਨੇ ਨਿਗ੍ਹਾ ਘੁਮਾਈ ਹੈ। ਹਜ਼ੂਰ ਸਾਹਿਬ ਸੁਰਤੀ ਜਾ ਜੁੜੀ। ਸ਼ਾਮ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰ ਸੌਜਿਆ ਨਜ਼ਰੀਂ ਆਇਆ ਤਾਂ ਕੀ ਵੇਖਿਆ ਕਿ ਬਾਬਾ ਨਿਧਾਨ ਸਿੰਘ ਜੀ ਪੱਖੇ ਦੀ ਸੇਵਾ ਕਰ ਰਹੇ ਹਨ। ਸੰਤ ਬਾਬਾ ਨਿਧਾਨ ਸਿੰਘ ਜੀ ਦੇ ਮਾਤਾ-ਪਿਤਾ ਨੂੰ ਕਿਵੇਂ ਇਹ ਘਰ ਸੁੰਞਾ-ਸੁੰਞਾ ਲੱਗ ਰਿਹਾ ਹੈ ? ਇਉਂ ਪੇਸ਼ ਹੈ :—



## ਦੋਤਾਰਾ

1.

ਜਦ ਪੁੱਤਰ ਨਾ ਮਿਲਿਆ, ਘਾਬਰ ਗਏ ਬਾਪੂ ਤੇ ਮਾਤਾ।
ਸੱਲ ਦਰਦ ਵਿਛੋੜੇ ਦਾ, ਰੱਬਾ ਕਿਉਂ ਸਾਡੇ ਦਿਲ ਲਾਤਾ ?
ਚੰਨ ਪੁੱਤਰਾਂ ਬਿਨ ਹਨੇਰਾ, ਬੇਸ਼ੱਕ ਲੱਖ ਰੋਸ਼ਨੀ ਜੱਗੇ।
ਪੁੱਤਰਾਂ ਬਿਨ ਮਾਪਿਆਂ ਨੂੰ, ਵੱਸਦਾ ਘਰ ਸੁੰਞਾ ਜਿਹਾ ਲੱਗੇ।

2.

ਦਸ ਕਿਧਰ ਤੁਰ ਗਿਆ ਤੂੰ, ਤੈਨੂੰ ਕਿੱਥੋਂ ਲੱਭ ਲਿਆਈਏ ?
ਮਹੀਨੇ ਬਾਰ੍ਹਾਂ ਬੀਤ ਗਏ, ਯਾਦਾਂ ਵਿਚ ਔਂਸੀਆਂ ਪਾਈਏ।
ਜਿਧਰ ਵੀ ਦੱਸ ਪੈਂਦੀ, ਫਿਰਦੇ ਦਿਨੇ ਰਾਤ ਹਾਂ ਭੱਜੇ।
ਪੁੱਤਰਾਂ ਬਿਨ..........

3.

ਤੇਰੇ ਵੀਰ ਲਾਡਲੇ ਵੀ ਫਿਰਦੇ, ਨੈਣੋਂ ਨੀਰ ਵਹਾਉਂਦੇ।
ਇਕ ਵਾਰੀ ਦੱਸ ਜਾਂਦੋਂ ਤੈਨੂੰ, ਲੱਭ ਜ਼ਰੂਰ ਲਿਆਉਂਦੇ।
ਕਈ ਮੀਲਾਂ ਤੱਕ ਢੂੰਡਿਆ, ਖ਼ਬਰੇ ਕਿਧਰ ਨਿਕਲ ਗਏ ਅੱਗੇ।
ਪੁੱਤਰਾਂ ਬਿਨ..........

4.

ਜੇ ਦੱਸ ਕੇ ਜਾਂਦੋਂ ਤੂੰ, ਤੈਨੂੰ ਹੱਥੀਂ ਵਿਦਿਆ ਕਰਦੇ।
ਪਾਣੀ ਬਿਨਾਂ ਮੱਛਲੀ ਜਿਉਂ, ਕਾਹਨੂੰ ਲੁੱਛ-ਲੁੱਛ ਕੇ ਮਰਦੇ।
ਪਿੰਡ ਵਾਸੀ ਪੁੱਛਦੇ ਨੇ, ਤੇਰੇ ਮੋਹ ਪਿਆਰ ਦੇ ਬੱਧੇ।
ਪੁੱਤਰਾਂ ਬਿਨ..........

5.

ਸੱਚ ਕਿਹਾ ਸਿਆਣਿਆਂ ਨੇ, ਮੌਤੋਂ ਬੁਰੀਆਂ ਹਨ ਜੁਦਾਈਆਂ।
ਦਿਲ ਉਹੋ ਜਾਣਨ ਪਏ ਘੜੀਆਂ ਏਹ ਜਿਸ ਦਿਲ 'ਤੇ ਆਈਆਂ।
ਏਦੋਂ ਤਾਂ ਚੰਗਾ ਹੈ ਆ ਜਾਣ ਧੁਰ ਦਰਗਾਹੋਂ ਸੱਦੇ।
ਪੁੱਤਰਾਂ ਬਿਨ..........

6.

ਇਕ ਦਿਨ ਸੀ ਉੱਤਮ ਸਿੰਘ ਐਸਾ, ਵਿਚ ਵੈਰਾਗ ਦੇ ਆਇਆ।
ਨਿਤਨੇਮ ਕਰਨ ਪਿੱਛੋਂ, ਪੱਲਾ ਗਲ ਆਪਣੇ ਵਿਚ ਪਾਇਆ।
ਅਰਦਾਸ ਗੁਜ਼ਾਰਨ ਪਏ ਸੁਰਤ ਘੁਮਾਉਂਦੇ ਸੱਜੇ ਖੱਬੇ।
ਪੁੱਤਰਾਂ ਬਿਨ.........

7.

ਸਭ ਘੁੰਮ ਟਿਕਾਣਿਆਂ ਤੋਂ ਜੁੜੀ ਹਜ਼ੂਰ ਸਾਹਿਬ ਜਾ ਸੁਰਤੀ।
ਸੱਜ ਰਹੇ ਦੀਵਾਨ ਵਿੱਚੋਂ ਪੈ ਗਿਆ ਪੁੱਤਰ ਨਜ਼ਰ ਵਿਚ ਫੁਰਤੀ।
ਫਿਰ ਆਖਿਆ ਘਰਦਿਆਂ ਨੂੰ ਜਾਣਾ ਮੈਂ ਅਬਿਚਲ ਨੂੰ ਅੱਜੇ।
ਪੁੱਤਰਾਂ ਬਿਨ ਮਾਪਿਆਂ ਨੂੰ, ਵੱਸਦਾ ਘਰ ਸੁੰਞਾ ਜਿਹਾ ਲੱਗੇ।

ਬਾਬਾ ਉੱਤਮ ਸਿੰਘ ਜੀ ਨੇ ਅਰਦਾਸ ਕਰਨ ਪਿੱਛੋਂ ਸਾਰੇ ਪਰਿਵਾਰ ਨੂੰ ਆਖਿਆ—ਆਪਣਾ ਨਿਧਾਨ ਸਿੰਘ ਲੱਭ ਗਿਆ ਹੈ। ਮੈਂ ਅਰਦਾਸ ਕੀਤੀ ਹੈ, ਉਹ ਮੈਨੂੰ ਹਜ਼ੂਰ ਸਾਹਿਬ ਬੈਠਾ ਨਜ਼ਰੀਂ ਆਇਆ ਹੈ। ਸਾਰੇ ਪਰਿਵਾਰ ਦੇ ਇਹ ਗੱਲ ਮੰਨਣ ਵਿਚ ਨਾ ਆਈ। ਸਾਰਾ ਪਰਿਵਾਰ ਸੰਤ ਬਾਬਾ ਦੀਵਾਨ ਸਿੰਘ ਜੀ ਦੇ ਕੋਲ ਗਿਆ। ਇਨ੍ਹਾਂ ਇਹ ਸਾਰੀ ਘਟਨਾ ਦੱਸੀ ਤਾਂ ਬਾਬਾ ਜੀ ਨੇ ਕਹਿ ਦਿੱਤਾ, ਹਾਂ, ਭਾਈ ਉੱਤਮ ਸਿੰਘ ਜੀ, ਤੁਸੀਂ ਹਜ਼ੂਰ ਸਾਹਿਬ ਜਾਉ। ਉਥੇ ਤੁਹਾਨੂੰ ਨਿਧਾਨ ਸਿੰਘ ਮਿਲ ਜਾਵੇਗਾ। ਜਿਸ ਮੌਕੇ 'ਤੇ ਇਹ ਪਰਿਵਾਰ ਵਿਚ ਗੱਲ ਚੱਲੀ ਕਿ ਨਿਧਾਨ ਸਿੰਘ ਹਜ਼ੂਰ ਸਾਹਿਬ ਤੋਂ ਮਿਲ ਜਾਵੇਗਾ ਤਾਂ ਮਾਤਾ ਪਿਤਾ ਦਾ ਦਿਲ ਕਾਹਲਾ ਪੈ ਰਿਹਾ ਸੀ ਕਿ ਕਦੋਂ ਅਸੀਂ ਆਪਣੇ ਪੁੱਤਰ ਦੇ ਦਰਸ਼ਨ ਕਰੀਏ। ਬਿਖੜਾ ਲੰਮਾ ਪੈਂਡਾ ਹੋਣ ਕਾਰਨ, ਬਾਬਾ ਨਿਧਾਨ ਸਿੰਘ ਜੀ ਦੇ ਪਿਤਾ ਨੇ ਬਾਬਾ ਜੀ ਦੀ ਮਾਤਾ ਨੂੰ ਰੋਕ ਦਿੱਤਾ।

ਬਾਬਾ ਉੱਤਮ ਸਿੰਘ ਇਕ ਜੱਥੇ ਨਾਲ ਮਿਲ ਕੇ ਹਜ਼ੂਰ ਸਾਹਿਬ ਪਹੁੰਚੇ। ਬਾਬਾ ਉੱਤਮ ਸਿੰਘ ਜੀ ਨੇ ਵੇਖਿਆ, ਜਿੱਥੇ ਸਿੱਖ ਸੰਗਤਾਂ ਜਲ ਛਕ ਰਹੀਆਂ ਹਨ, ਉਹਨਾਂ ਦਾ ਪੁੱਤਰ ਸੰਤ ਬਾਬਾ ਨਿਧਾਨ ਸਿੰਘ ਜੀ ਸਿੱਖ ਸੰਗਤਾਂ ਨੂੰ ਜਲ ਛਕਾ ਰਿਹਾ ਸੀ। ਜਦੋਂ ਬਾਬਾ ਉੱਤਮ ਸਿੰਘ ਜੀ ਆਪਣੇ ਪੁੱਤਰ ਦੇ ਸਾਹਮਣੇ ਗਿਆ ਤਾਂ ਅੱਖੀਆਂ ਛਲਕ ਪਈਆਂ ਤੇ ਮਨ ਭਰ ਆਇਆ। ਉਹਨਾਂ ਬਾਬਾ ਜੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ। ਪਿਤਾ ਜੀ ਕਹਿਣ ਲੱਗੇ, ਨਿਧਾਨ ਸਿੰਘਾ ! ਜੇ ਆਉਣਾ ਸੀ ਤਾਂ ਸਾਨੂੰ ਦੱਸ ਕੇ ਆਉਂਦੋਂ। ਤੂੰ ਦੱਸ ਕੇ ਨਹੀਂ ਆਇਆ ਤੇ ਸਾਨੂੰ ਇਹ ਸਮਾਂ ਕਈ ਯੁੱਗਾਂ ਵਰਗਾ ਗੁਜ਼ਰਿਆ ਹੈ। ਜਦੋਂ ਤੇਰੀ ਮਾਤਾ ਦੋ ਟਾਈਮ ਰੋਟੀ ਖਾਂਦੀ ਹੈ ਤਾਂ ਉਹ ਮਨ ਭਰ ਉੱਠਦੀ ਹੈ ਅਤੇ ਰੋਂਦੀ ਹੈ, ਇਸ ਲਈ ਮੈਂ ਤੈਨੂੰ ਲੈਣ ਵਾਸਤੇ ਆਇਆ ਹਾਂ। ਇਕ ਵਾਰੀ ਮੇਰੇ ਨਾਲ ਘਰ ਚਲ, ਆਪਣੀ ਮਾਤਾ ਨੂੰ ਮਿਲ ਆ, ਆਪਣੇ ਭਰਾਵਾਂ ਨੂੰ ਮਿਲ ਆ, ਫਿਰ ਭਾਵੇਂ ਜ਼ਿੰਦਗੀ ਭਰ ਲਈ ਹਜ਼ੂਰ ਸਾਹਿਬ ਆ ਜਾਵੀਂ।



ਸੰਤ ਬਾਬਾ ਨਿਧਾਨ ਸਿੰਘ ਜੀ ਆਪਣੇ ਪਿਤਾ ਦਾ ਆਖਿਆ ਮੰਨ ਕੇ ਅਤੇ ਆਪਣੀ ਮਾਤਾ ਦੀ ਬਿਹਬਲਤਾ ਵੇਖ ਕੇ, ਜਿਨ੍ਹਾਂ ਦਾ ਹਜ਼ੂਰ ਸਾਹਿਬ ਤੋਂ ਆਉਣ ਨੂੰ ਜੀਅ ਨਹੀਂ ਸੀ ਕਰਦਾ, ਉਹ ਇਕ ਵਾਰੀ ਆਪਣੇ ਸਤਿਕਾਰਯੋਗ ਪਿਤਾ ਨਾਲ ਚੱਲ ਪਏ। ਲੰਮਾ ਪੈਂਡਾ ਮੁਕਾ ਕੇ ਪਿਉ ਪੁੱਤਾਂ ਦਾ ਕਾਫ਼ਲਾ ਪਿੰਡ ਜਾ ਪਹੁੰਚਿਆ। ਅੱਜ ਸਾਰਾ ਪਿੰਡ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਦਰਸ਼ਨਾਂ ਨੂੰ ਆਣ ਪੁੱਜਾ। ਜਦੋਂ ਬਾਬਾ ਨਿਧਾਨ ਸਿੰਘ ਜੀ ਮਾਤਾ ਨੂੰ ਮਿਲੇ ਤਾਂ ਮਾਂ ਦੀ ਮਮਤਾ ਕੁਰਲਾ ਉੱਠੀ ਅਤੇ ਉਸ ਨੇ ਘੁੱਟ ਕੇ ਪੁੱਤਰ ਨੂੰ ਛਾਤੀ ਨਾਲ ਲਾ ਲਿਆ। ਸਿਰ 'ਤੇ ਪਿਆਰ ਦੇ ਕੇ ਆਖਿਆ, ਮੇਰਿਆ ਲਾਡਲਿਆ ਪੁੱਤਾ ! ਕਦੇ ਮਾਵਾਂ ਨਾਲ ਏਦਾਂ ਧੋਖੇ ਨਹੀਂ ਕਰੀਦੇ, ਕਿਉਂਕਿ ਮਾਵਾਂ ਪੁੱਤਾਂ ਦੇ ਵਿਛੋੜੇ ਵਿਚ ਮਰ ਜਾਇਆ ਕਰਦੀਆਂ ਹਨ।

## ਕੋਰੜਾ

1. ਪੁੱਤਰ ਨੂੰ ਘੁੱਟ ਮਾਂ ਨੇ ਛਾਤੀ ਨਾਲ ਲਾ ਲਿਆ।
ਕਿਥੋਂ ਆਇਐਂ ਦੱਸ ਪੁੱਤ ਭੋਲੇ ਭਾਲਿਆ।
ਤੱਕਦੀ ਰਹੀ ਮੈਂ ਤਾਂ ਤੇਰੇ ਸਦਾ ਰਾਹਾਂ ਨੂੰ।
ਪੁੱਤਾਂ ਦੇ ਵਿਛੋੜੇ ਬੁਰੇ ਹੁੰਦੇ ਮਾਵਾਂ ਨੂੰ।

2. ਬੁੱਧ ਵਾਂਗ ਚੋਰਾਂ ਵਾਂਗੂੰ ਕਾਹਤੋਂ ਜਾਣਾ ਸੀ।
ਮਾਤਾ ਨੂੰ ਤਾਂ ਦੱਸ ਜਾਂਦੋਂ ਤੂੰ ਟਿਕਾਣਾ ਸੀ।
ਦੱਸ ਜਾਂਦਾ ਜਾਂ ਤੂੰ ਆਪਣੇ ਭਰਾਵਾਂ ਨੂੰ।
ਪੁੱਤਾਂ ਦੇ.........

3. ਰਾਮ ਚੰਦਰ ਜਦੋਂ ਤੁਰੇ ਬਨਵਾਸ ਵੇ।
ਉੱਡ ਗਏ ਸੀ ਮਾਤਾ ਉਹਦੀ ਦੇ ਹਵਾਸ ਵੇ।
ਭਰਦੀ ਰਹੀ ਜੋ ਹੌਕਿਆਂ ਤੇ ਹਾਵਾਂ ਨੂੰ।
ਪੁੱਤਾਂ ਦੇ.........

4. ਰੱਖਾਂ ਉੱਤੇ ਰੱਖੇ ਹੁੰਦੇ ਚਾਰ ਕੱਖ ਵੇ।
ਕਿਹੜਾ ਹੁੰਦਾ ਲੱਗਿਆ ਉਨ੍ਹਾਂ 'ਤੇ ਲੱਖ ਵੇ।
ਘਰ ਤਾਂ ਪਿਆਰਾ ਚਿੜੀਆਂ ਤੇ ਕਾਵਾਂ ਨੂੰ।
ਪੁੱਤਾਂ ਦੇ.........

5. ਨਦੀਆਂ ਤੋਂ ਪਾਰ ਗਊਆਂ ਰਹੀਆਂ ਚਰ ਵੇ।
ਬੱਛੜੇ ਉਨ੍ਹਾਂ ਦੇ ਬੱਧੇ ਹੁੰਦੇ ਘਰ ਵੇ।
ਆਉਂਦੀਆਂ ਜੋ ਲੰਘ ਸ਼ਾਮੀ ਦਰਿਆਵਾਂ ਨੂੰ।
ਪੁੱਤਾਂ ਦੇ..........

6. ਜੇ ਤੂੰ ਬੇਟਾ ਬਣ ਜਾਣਾ ਸੀ ਮੰਹਤ ਵੇ।
ਮਾਤਾ ਤੇਰੀ ਨਹੀਂ ਸੀ ਰੋਕਦੀ ਕਦੰਤ ਵੇ।
ਸਾਡੇ ਨਾਲ ਜਾਂਦੋਂ ਕਰ ਕੇ ਸਲਾਹਵਾਂ ਨੂੰ।
ਪੁੱਤਾਂ ਦੇ..........

7. ਪੁੱਤ ਕਿਤੇ ਚਾਰ ਦਿਨ ਵਾਂਡੇ ਜਾਂਵਦਾ।
ਮਾਪਿਆਂ ਨੂੰ ਪਿੱਛੋਂ ਘਰ ਵੱਢ-ਵੱਢ ਖਾਂਵਦਾ।
ਪੁੱਛ ਲੈ ਬੇਸ਼ੱਕ ਕਵੀ ਸਭਰਾਵਾਂ ਨੂੰ।
ਪੁੱਤਾਂ ਦੇ ਵਿਛੋੜੇ ਬੁਰੇ ਹੁੰਦੇ ਮਾਵਾਂ ਨੂੰ।

ਇਸ ਤਰੀਕੇ ਨਾਲ ਸੰਤ ਬਾਬਾ ਨਿਧਾਨ ਸਿੰਘ ਜੀ ਦੀ ਮਾਤਾ ਕਹਿ ਉੱਠੀ—ਪੁੱਤਰਾ! ਇਹ ਮੈਂ ਜਾਣਦੀ ਹਾਂ ਕਿ ਤੂੰ ਗੁਰੂ ਦੇ ਘਰ ਨੂੰ ਗਿਆ ਸੀ, ਪਰ ਮਾਪਿਆਂ ਨੂੰ ਦੱਸ ਕੇ ਜਾਣਾ ਚਾਹੀਦਾ ਹੈ। ਸੰਤ ਬਾਬਾ ਨਿਧਾਨ ਸਿੰਘ ਹੱਸ ਕੇ ਕਹਿਣ ਲੱਗੇ—ਐ ਮੇਰੀ ਪਿਆਰੀ ਮਾਤਾ! ਏਹ ਤਾਂ ਮੇਰੇ ਮਾਪਿਆਂ ਦਾ ਘਰ ਹੈ, ਪਰ ਉਹ ਤਾਂ ਮੇਰੇ ਗੁਰੂ ਦਾ ਘਰ ਹੈ। ਹੁਣ ਮੈਨੂੰ ਅਸਲੀ ਘਰ ਲੱਭ ਗਿਆ ਹੈ। ਬੰਦਾ ਦੁਨੀਆਂ ਉੱਤੇ ਆਉਂਦਾ ਹੈ ਚੰਗੇ ਕੰਮ ਕਰਨ ਵਾਸਤੇ, ਪਤਾ ਨਹੀਂ ਕਿਹੜੇ ਵੇਲੇ ਰੱਬੀ ਦਰਗਾਹ ਵਿੱਚੋਂ ਸੱਦਾ ਆ ਜਾਵੇ ਤੇ ਬੰਦਾ ਤੁਰ ਜਾਵੇ। ਇਸ ਲਈ ਉਹ ਮੂਰਖ ਬੰਦੇ ਹਨ, ਜੋ ਮਾਨਸ ਜਨਮ ਦਾ ਲਾਹਾ ਨਹੀਂ ਲੈਂਦੇ ਤੇ ਹੰਕਾਰ ਕਰ ਬੈਠਦੇ ਹਨ। ਮੈਨੂੰ ਹੁਣ ਪ੍ਰਮਾਤਮਾ ਨੇ ਮੌਕਾ ਦਿੱਤਾ ਹੈ। ਹੇ ਮਾਂ! ਤੇਰੇ ਚੁੰਘੇ ਹੋਏ ਦੁੱਧ ਨੂੰ ਸਫਲ ਬਣਾਵਾਂਗਾ।

## ਬੈਂਤ

ਹੱਸ ਕੇ ਆਖਿਆ ਨਿਧਾਨ ਸਿੰਘ ਨੇ,
ਝੂਠਾ ਜੱਗ ਦਾ ਮੋਹ ਪਿਆਰ ਮਾਤਾ।
ਬੰਦਾ ਆਇਆ ਹੈ ਵਾਂਗ ਮੁਸਾਫ਼ਰਾਂ ਦੇ,
ਵਿਚ ਜਗਤ ਦੇ ਸਿਰਫ਼ ਦਿਨ ਚਾਰ ਮਾਤਾ।



**ਕਵੀਸ਼ਰ ਅਮਰਜੀਤ ਸਿੰਘ ਸਭਰਾ**

ਅੰਤਰਰਾਸ਼ਟਰੀ ਗੋਲਡ ਮੈਡਲਿਸਟ


ਕੁਲਵੰਤ ਬੁੱਕ ਸਟਾਲ
KSB
ਇਥੇ ਸਰਕਾਰੀ, ਪ੍ਰਾਈਵੇਟ ਸਕੂਲ ਅਤੇ ਕਾਲਜਾਂ ਦੀਆਂ ਕਾਪੀਆਂ, ਕਿਤਾਬਾਂ, ਸਟੇਸ਼ਨਰੀ, ਮੈਗਜ਼ੀਨ ਅਤੇ ਕੰਪੀਟੀਸ਼ਨ ਦੀਆਂ ਕਿਤਾਬਾਂ ਮਿਲਦੀਆਂ ਹਨ
ਘਾਟੀ ਬਜ਼ਾਰ, ਪੱਟੀ। ਫੋਨ (S) 500118 (M) 93561-42058



9001:2008 Certified Publishing House
No. 101809-A01
Estd. 1880

ISBN 93-82289-89-0
9 789382 289890